
ਸਿਰਜਣਾ
ਜਨਵਰੀ-ਮਾਰਚ 2022
203
50 ਰੁਪਏ

# ਸਿਰਜਣਾ

203

ਜਨਵਰੀ-ਮਾਰਚ 2022



**ਸੰਪਾਦਕ : ਰਘਬੀਰ ਸਿੰਘ**
**Editor : Raghbir Singh**

1728, ਸੈਕਟਰ 43-ਬੀ,
ਚੰਡੀਗੜ੍ਹ-160 043
ਫੋਨ : +91-172-2601693

***SIRJANA***
*1728, Sector 43-B,*
*Chandigarh-160 043*
*INDIA*
*Phone : +91-172-2601693*
*E-mail :*
*raghbirssirjana@yahoo.com*



**Sirjana is approved by DPI Punjab for all Schools, Colleges and Social Education Centres vide letter No. 2/6-66B (EP) dated 26-9-1966**

Account Name
**SIRJANA**
Account Number:
**Current Account**
**00321100082130**
Bank-Branch
**Punjab & Sind Bank**
**17-C, Chandigarh**
IFSC Code:
**PSIB 0000032**


## ਇਸ ਅੰਕ ਵਿਚ


ਸੰਪਾਦਕੀ/ਇਤਿਹਾਸ ਸਿਰਜਣ ਵਾਲਾ ਕਿਸਾਨ ਅੰਦੋਲਨ/1

ਬਲਵਿੰਦਰ ਸੰਧੂ/ਚਾਰ ਕਵਿਤਾਵਾਂ/3

ਬਲਵਿੰਦਰ ਗਰੇਵਾਲ/ਲੇਖ/ਸਿਰਜਣਾ ਸਮਾਗਮ ਪ੍ਰੀਤ ਨਗਰ/9

ਜਤਿੰਦਰ ਸਿੰਘ ਹਾਂਸ/ਕਹਾਣੀ/ਅਰਘ/13

ਹਰਪ੍ਰੀਤ ਸੇਖਾ/ਕਹਾਣੀ/ਮੋਹ-ਜਾਲ਼/19

ਭਗਵੰਤ ਰਸੂਲਪੁਰੀ/ਕਹਾਣੀ/ਠੇਡਾ/24

ਜਸਵੀਰ ਰਾਣਾ/ਕਹਾਣੀ/180 ਮਿੰਟ ਦਾ ਆਤੰਕ-ਕਾਲ਼/31

ਚਰਨਜੀਤ ਸਿੰਘ ਪੰਨੂ/ਕਹਾਣੀ/ਆਖ਼ਰੀ ਚੀਕ/49

ਗੁਰਦੇਵ ਸਿੰਘ ਸਿੱਧੂ/ਲੇਖ/ਮਹੰਤ ਸੁੰਦ੍ਰ ਦਾਸ ਦਾ ਕਿੱਸਾ ਹੀਰ ਰਾਂਝਾ/67

ਬਲਜਿੰਦਰ ਨਸਰਾਲੀ/ਲੇਖ/ਕਵਾਮੇ ਐਨਥੋਨੀ ਅਪੀਹਾ ਦੀ ਪੁਸਤਕ 'ਕੌਸਮੋਪੋਲੀਟਨਿਜ਼ਮ'/71

ਗੁਲਜ਼ਾਰ ਸਿੰਘ ਸੰਧੂ/ਰਿਵਿਊ/ਉਡਣਾ ਬਾਜ਼/79

ਪੁਸ਼ਵਿੰਦਰ ਕੌਰ/ਰਿਵਿਊ/ਤੁਮ ਕਿਉਂ ਉਦਾਸ ਹੋ?/81

ਪਰਗਟ ਸਿੰਘ ਬਰਾੜ/ਰਿਵਿਊ/ਧੁੰਧੂਕਾਰਾ/83

ਹਰਿੰਦਰ ਸਿੰਘ/ਰਿਵਿਊ/ਆਂਦਰਾਂ ਦਾ ਸੇਕ/85

ਰਾਜਵੰਤ ਕੌਰ/ਰਿਵਿਊ/ਸੁਲਗਦੀ ਅੱਗ/87

ਰਘਬੀਰ ਸਿੰਘ/ਰਿਵਿਊ/ਉਪਰੇਸ਼ਨ ਬਲਿਊਸਟਾਰ/89/

ਕਿੱਸਾ ਰੌਕੀ ਰੇਸ਼ਮਾ/93


ਟਾਈਟਲ ਚਿੱਤਰ : ਦੇਵ


**ਚੰਦਾ-ਦਸ ਅੰਕ : ਦੇਸ : 500 ਰੁਪਏ, ਪੰਜ ਸਾਲ : 1000 ਰੁਪਏ**
**ਵਿਦੇਸ਼-ਹਵਾਈ ਡਾਕ ਰਾਹੀਂ : ਦਸ ਅੰਕ: 40 ਪੌਂਡ, 50 ਡਾਲਰ, ਪੰਜ ਸਾਲ : 80 ਪੌਂਡ, 100 ਡਾਲਰ**

*ਸੰਪਾਦਕੀ*

# ਇਤਿਹਾਸ ਸਿਰਜਣ ਵਾਲਾ ਕਿਸਾਨ ਅੰਦੋਲਨ

ਨਰਿੰਦਰ ਮੋਦੀ ਸਰਕਾਰ ਦੇ ਬਣਾਏ ਤਿੰਨ ਖੇਤੀ ਕਾਨੂੰਨਾਂ ਦੀ ਵਾਪਸੀ ਦੇ ਨਾਲ ਹੀ ਇਤਿਹਾਸਕ ਕਿਸਾਨੀ ਅੰਦੋਲਨ ਆਪਣੀ ਸਿਖਰ ਛੂਹ ਗਿਆ। ਇਸ ਲੰਮੀ ਲੜਾਈ ਦੌਰਾਨ ਸਰਕਾਰੀ ਅਤੇ ਕਿਸਾਨੀ, ਦੋਹਾਂ ਧਿਰਾਂ ਨੇ ਆਪੋ-ਆਪਣੀਆਂ ਨੀਤੀਆਂ-ਰਣਨੀਤੀਆਂ ਬਣਾਈਆਂ। ਸਰਕਾਰੀ ਧਿਰ ਦੇ ਰਵੱਈਏ ਤੋਂ ਜ਼ਾਹਿਰ ਸੀ ਕਿ ਇਹ ਕਿਸੇ ਵੀ ਸੂਰਤ ਵਿਚ ਖੇਤੀ ਕਾਨੂੰਨਾਂ ਤੋਂ ਪਿਛਾਂਹ ਹਟਣ ਲਈ ਤਿਆਰ ਨਹੀਂ ਸੀ। ਦੂਜੇ ਬੰਨੇ, ਵੱਖ-ਵੱਖ ਧਿਰਾਂ ਵਿਚਕਾਰ ਮੱਤਭੇਦਾਂ ਦੇ ਬਾਵਜੂਦ ਲੜ ਰਹੀਆਂ ਕਿਸਾਨ ਧਿਰਾਂ ਨੇ ਸਾਂਝਾ ਮੋਰਚਾ ਮੱਲੀ ਰੱਖਿਆ। ਇਸ ਪੱਖ ਤੋਂ ਆਪਸੀ ਸਹਿਮਤੀ ਜ਼ਰੀਏ ਏਕਤਾ ਨਾਲ ਜੱਦੋ-ਜਹਿਦ ਦਾ ਨਿਆਰਾ ਅਤੇ ਨਰੋਆ ਅਧਿਆਇ ਇਤਿਹਾਸ ਦੇ ਸਫ਼ਿਆਂ ਉੱਤੇ ਲਿਖਿਆ ਗਿਆ। ਹਰ ਹੀਲੇ ਮੋਰਚਾ ਮੱਲੀ ਰੱਖਣ ਵਿਚ ਸਭ ਤੋਂ ਵੱਡਾ ਅਤੇ ਨਿੱਗਰ ਯੋਗਦਾਨ ਅਵਾਮ ਦਾ ਸੀ। ਕਈ ਮਰਹਲਿਆਂ 'ਤੇ ਤਾਂ ਇਹ ਸੋਅ ਵੀ ਮਿਲਦੀ ਰਹੀ ਕਿ ਸਰਕਾਰ ਨੂੰ ਲੜਾਈ ਦੇਣ ਦੇ ਮਾਮਲੇ ਵਿਚ ਲੋਕਾਈ ਅੰਦੋਲਨ ਦੇ ਆਗੂਆਂ ਤੋਂ ਵੀ ਅਗਾਂਹ ਤੁਰਦੀ ਦਿਸਦੀ ਸੀ। ਅੰਦੋਲਨ ਵਿਚ ਸ਼ਾਮਿਲ ਲੋਕਾਂ ਦੀ ਵੰਨ-ਸਵੰਨਤਾ ਦੱਸਦੀ ਸੀ ਕਿ ਅੰਦੋਲਨ ਆਮ ਕਿਸਾਨ ਅੰਦੋਲਨ ਵਾਲੀ ਸੀਮਾ ਪਾਰ ਕਰ ਗਿਆ। ਖ਼ੈਰ, ਸਮੁੱਚੇ ਰੂਪ ਵਿਚ ਜ਼ਬਤ ਅਤੇ ਸਿਰੜ ਨਾਲ ਅੰਦੋਲਨ ਆਏ ਦਿਨ ਉੱਚੀ ਉਡਾਣ ਭਰਦਾ ਰਿਹਾ। ਇਹ ਉਡਾਣ ਇੰਨੀ ਉੱਚੀ ਹੋ ਨਿੱਬੜੀ ਕਿ ਸੰਸਾਰ ਦੇ ਹਰ ਕੋਨੇ ਤੋਂ ਇਸ ਦੇ ਦੀਦਾਰ ਹੋਏ।

ਇਸ ਕਦਰ ਵਿਸ਼ਾਲ ਅੰਦੋਲਨ ਨੇ ਲੋਕਾਂ, ਖ਼ਾਸਕਰ ਇਸ ਖਿੱਤੇ ਦੇ ਲੋਕਾਂ ਉੱਤੇ ਅਸਰ ਪਾਇਆ; ਨਾਲ ਦੀ ਨਾਲ ਇਹ ਅਸਰ ਸਾਹਿਤ ਤੇ ਕਲਾ ਅਤੇ ਮੀਡੀਆ ਦੇ ਖੇਤਰਾਂ ਵਿਚ ਵੀ ਭਰਪੂਰ ਰੂਪ ਵਿਚ ਉਜਾਗਰ ਹੋਇਆ। ਅਣਗਿਣਤ ਰਚਨਾਵਾਂ ਦੇ ਰੂਪ ਵਿਚ ਇਹ ਅਸਰ ਤਾਂ ਅੰਦੋਲਨ ਦੇ ਸ਼ੁਰੂ ਵਿਚ ਹੀ ਦਿਸਣਾ ਆਰੰਭ ਹੋ ਗਿਆ ਸੀ ਪਰ ਮਗਰੋਂ ਜਿਸ ਤਰ੍ਹਾਂ ਕਲਾ ਦੇ ਖੇਤਰ ਨਾਲ ਜੁੜੇ ਲੋਕਾਂ ਨੇ ਇਸ ਨਾਲ ਸੁਰ ਮਿਲਾਈ, ਉਹ ਵੀ ਇਤਿਹਾਸ ਦੇ ਸਫ਼ਿਆਂ ਵਿਚ ਨੁਮਾਇਆ ਹੈ। ਅਣਗਿਣਤ ਕਵਿਤਾਵਾਂ, ਕਹਾਣੀਆਂ, ਨਾਵਲ, ਕਿਤਾਬਾਂ, ਫਿਲਮਾਂ, ਮੁਲਾਕਾਤਾਂ ਆਦਿ ਇਸ ਅੰਦੋਲਨ ਦੀ ਗਵਾਹ ਬਣ ਗਈਆਂ। ਖੋਜਬੀਨਾਂ ਦੀ ਇਕ ਪੂਰੀ ਲੜੀ ਇਸ ਅੰਦੋਲਨ ਨਾਲ ਜੁੜੀ। ਪੂਰੇ ਇਕ ਸਾਲ ਦੌਰਾਨ ਦਿੱਲੀ ਦੇ ਵੱਖ-ਵੱਖ ਬਾਰਡਰਾਂ ਉੱਤੇ ਖੋਜਬੀਨਾਂ ਨੂੰ ਇੰਨੀ ਵਿਰਾਟ ਮਾਤਰਾ ਵਿਚ ਮਸੌਦਾ ਮਿਲਦਾ ਰਿਹਾ ਜਿਹੜਾ ਭਵਿੱਖ ਦੇ ਕਲਾ ਖੇਤਰ ਵਿਚ ਨਵੀਆਂ ਪੂਰੀਆਂ ਪਾਉਣ ਦੀ ਵੱਡੀ ਤਾਕਤ ਹੈ।

ਇਸ ਅੰਦੋਲਨ ਵਿਚ ਬੇਸ਼ੱਕ, ਮੀਡੀਆ ਦੀ ਬਹੁਤ ਵੱਡੀ ਭੂਮਿਕਾ ਰਹੀ ਹੈ। ਮੁਲਕ ਦੇ ਮੁੱਖਧਾਰਾ ਮੀਡੀਆ ਦਾ ਵੱਡਾ ਹਿੱਸਾ ਤਾਂ ਚਿਰੋਕਣਾ ਦਰਬਾਰੀ ਗੇੜ ਵਿਚ ਫਾਹਿਆ ਗਿਆ ਸੀ ਅਤੇ ਇਸ ਅੰਦੋਲਨ ਵਿਚ ਵੀ ਇਸ ਦੀ ਭੂਮਿਕਾ ਦਰਬਾਰੀ ਹੀ ਰਹੀ ਪਰ ਕੁਝ ਮੀਡੀਆ ਅਦਾਰੇ ਅਤੇ ਸ਼ਖ਼ਸੀਅਤਾਂ ਨੇ ਇਸ ਅੰਦੋਲਨ ਦੌਰਾਨ ਜੋ ਕਿਰਦਾਰ ਨਿਭਾਇਆ, ਉਹ ਵੀ ਕਿਸੇ ਪ੍ਰਾਪਤੀ ਤੋਂ ਘੱਟ ਨਹੀਂ। ਜਦ ਕਦੀ ਵੀ ਇਸ ਦੌਰ ਦੇ ਦਰਬਾਰੀ ਮੀਡੀਆ ਦੀ ਗੱਲ ਤੁਰੇਗੀ, ਪੋਟਿਆਂ 'ਤੇ ਗਿਣੇ ਜਾਣ ਵਾਲੇ ਇਹ ਅਦਾਰੇ ਅਤੇ ਸ਼ਖ਼ਸੀਅਤਾਂ ਧੁਰਲੀ ਮਾਰ ਕੇ ਅੱਗੇ ਆਉਣਗੇ ਤੇ ਆਪਣੀ ਉਹੀ ਕਹਾਣੀ ਉਸੇ ਸੁਰ ਵਿਚ ਸੁਣਾਉਣਗੇ, ਜਿਵੇਂ ਉਨ੍ਹਾਂ ਕਿਸਾਨ ਅੰਦੋਲਨ ਦੌਰਾਨ ਸੁਣਾਈ ਅਤੇ ਸਰਕਾਰਾਂ ਤੇ ਦਰਬਾਰੀਆਂ ਨੂੰ ਸਵਾਲ-ਦਰ-ਸਵਾਲ ਕੀਤੇ। ਇਸ ਦੌਰਾਨ ਸੋਸ਼ਲ ਮੀਡੀਆ ਦੇ ਇਸ ਦੌਰ ਵਿਚ ਯੂ-ਟਿਊਬਰਾਂ ਦੀ ਇਕ ਅਜਿਹੀ ਜਮਾਤ ਵੀ ਨੁਮਾਇਆ ਹੋਈ ਜਿਹੜੀ ਅੰਦੋਲਨ ਦੇ ਹਰ ਰੰਗ ਨੂੰ

ਅਵਾਮ ਤੱਕ ਪੁੱਜਦਾ ਕਰਨ ਵਿਚ ਪੂਰੀ ਤਰ੍ਹਾਂ ਸਫ਼ਲ ਰਹੀ। ਕਿਹਾ ਜਾ ਸਕਦਾ ਹੈ ਕਿ ਇਨ੍ਹਾਂ ਤੋਂ ਬਗ਼ੈਰ ਸ਼ਾਇਦ ਅੰਦੋਲਨ ਦਾ ਉਹ ਰੰਗ ਨਾ ਉਘੜਦਾ ਜਿਸ ਨੇ ਆਮ ਲੋਕਾਂ ਦੇ ਦਿਲਾਂ ਅੰਦਰ ਆਪਣੀ ਜਗ੍ਹਾ ਬਣਾ ਲਈ। ਇਸ ਦੇ ਨਾਲ ਹੀ ਇਨ੍ਹਾਂ ਵਿਚੋਂ ਕੁਝ ਕੁ ਨੇ ਇਹ ਵੀ ਸਾਬਿਤ ਕਰ ਛੱਡਿਆ ਕਿ ਦਰਬਾਰੀ ਮੀਡੀਆ ਸਿਰਫ਼ ਸਰਕਾਰੀ ਨਹੀਂ ਹੁੰਦਾ; ਟਕਰਾਵੇਂ ਹਿਤਾਂ ਵਾਲੀਆਂ ਧਿਰਾਂ ਵੀ ਅਜਿਹੇ ਮੌਕੇ ਆਪਣਾ ਦਰਬਾਰੀ ਰੰਗ ਅਤੇ ਰਾਗ ਬਾਕਾਇਦਾ ਉਘਾੜਦੀਆਂ/ਅਲਾਪਦੀਆਂ ਹਨ।

ਕਿਸਾਨ ਅੰਦੋਲਨ ਦੌਰਾਨ ਬੁੱਧੀਜੀਵੀਆਂ ਦੀ ਭੂਮਿਕਾ ਦਾ ਸਹੀ ਪ੍ਰਸੰਗ ਵਿਚ ਮੁਲੰਕਣ ਅਜੇ ਹੋਣਾ ਹੈ। ਅਖ਼ਬਾਰਾਂ, ਰਸਾਲਿਆਂ ਜਾਂ ਮੀਡੀਆ ਦੇ ਹੋਰ ਵਸੀਲਿਆਂ ਰਾਹੀਂ ਬੁੱਧੀਜੀਵੀ ਵਰਗ ਨੇ ਅੰਦੋਲਨ ਦੌਰਾਨ ਆਪਣੀ ਵਾਹਵਾ ਹਾਜ਼ਰੀ ਲੁਆਉਣ ਦਾ ਯਤਨ ਕੀਤਾ। ਇਹ ਵੱਖਰਾ ਨੁਕਤਾ ਹੈ ਕਿ ਇਸ ਹਾਜ਼ਰੀ ਦੌਰਾਨ ਬੁੱਧੀਜੀਵੀਆਂ ਦੀਆਂ ਸੀਮਾਵਾਂ ਵਧੇਰੇ ਪ੍ਰਚੰਡ ਰੂਪ ਵਿਚ ਉਜਾਗਰ ਹੋ ਗਈਆਂ। ਇਨ੍ਹਾਂ ਬੁੱਧੀਜੀਵੀਆਂ ਨੇ ਕਿਸਾਨੀ ਸੰਕਟ ਅਤੇ ਖੇਤੀ ਕਾਨੂੰਨਾਂ ਦੀ ਆਰਥਿਕ ਤੇ ਸਿਆਸੀ ਸਮਝ ਬਾਰੇ ਟਿੱਪਣੀਆਂ ਤਾਂ ਕੀਤੀਆਂ ਅਤੇ ਲੋਕਾਂ ਨੂੰ ਜਗਾਇਆ ਵੀ ਪਰ ਪੂੰਜੀਵਾਦੀ ਵਿਰੋਧਤਾਈਆਂ ਨੂੰ ਛੂਹਣ ਤੋਂ ਉੱਕ ਗਏ। ਸਿੱਟੇ ਵਜੋਂ ਲਿਖਤਾਂ ਦੀ ਸੁਰ ਸਿਰਫ਼ ਸਰਕਾਰੀ ਮੁਖ਼ਾਲਫ਼ਤ ਤੱਕ ਸਿਮਟ ਗਈ। ਇਵੇਂ ਹੀ ਇਨ੍ਹਾਂ ਲਿਖਤਾਂ ਨੇ ਸਰਕਾਰ ਅਤੇ ਕਾਰਪੋਰੇਟ ਜਮਾਤ ਦੇ ਲੋਕ-ਵਿਰੋਧੀ ਗੱਠਜੋੜ ਨੂੰ ਤਾਂ ਉਜਾਗਰ ਕੀਤਾ ਪਰ ਖੇਤੀ ਸੰਕਟ ਦੇ ਸਥਾਈ ਹੱਲ ਵੱਲ ਅਹੁਲਣ ਵਾਲਾ ਵਰਕਾ ਕੋਰਾ ਰਹਿ ਗਿਆ। ਨਤੀਜੇ ਵਜੋਂ, ਮਸਲਾ ਰਿਆਇਤਾਂ ਮੰਗਣ ਜਾਂ ਪਹਿਲੇ ਢਾਂਚੇ ਦੀ ਪੈਰਵਾਈ ਤਕ ਹੇਠਾਂ ਆ ਗਿਆ। ਬਦਲ ਦੇ ਨਾਂ 'ਤੇ ਕੁਝ ਕੁ ਬੁੱਧੀਜੀਵੀਆਂ ਨੇ ਸਹਿਕਾਰੀ ਢਾਂਚੇ ਦੀ ਗੱਲ ਕੀਤੀ ਪਰ ਸਵਾਲ ਹੈ ਕਿ ਪੂੰਜੀਵਾਦੀ ਹਨੇਰੀ ਸਾਹਵੇਂ ਸਹਿਕਾਰੀ ਢਾਂਚੇ ਦੀ ਕੋਈ ਵੁੱਕਤ ਹੈ ਵੀ? ਸ਼ਾਇਦ ਇਸੇ ਕਰਕੇ ਇੰਨੇ ਵਿਸ਼ਾਲ ਤੇ ਵਿਰਾਟ ਜੇਤੂ ਅੰਦੋਲਨ ਦੇ ਬਾਵਜੂਦ ਜਗੀਰੂ ਮਾਨਸਿਕਤਾ ਦਾ ਕਿਲ੍ਹਾ ਅਤੇ ਸਮਾਜਕ ਪ੍ਰਸੰਗ ਜਿਉਂ ਦੇ ਤਿਉਂ ਰਹਿ ਗਏ। ਕਿਸਾਨ-ਮਜ਼ਦੂਰ ਏਕਤਾ ਦੇ ਨਾਅਰੇ ਜ਼ਰੂਰ ਲੱਗੇ ਪਰ ਇੱਥੇ ਵੀ ਯਥਾ-ਸਥਿਤੀ ਹੀ ਰਹੀ। ਕਲਚਰ ਦੇ ਪੱਧਰ 'ਤੇ ਪਿੰਡ ਅਤੇ ਸ਼ਹਿਰ ਆਹਮੋ-ਸਾਹਮਣੇ ਦਿਸ ਰਹੇ ਸਨ। ਕੀ ਦਿਹਾਤੀ ਸੁਰ ਸੱਚਮੁੱਚ ਸ਼ਹਿਰੀਕਰਨ/ਸਨਅਤੀਕਰਨ ਦੇ ਖ਼ਿਲਾਫ਼ ਹੈ? ਕੀ ਸਨਅਤੀਕਰਨ ਤੋਂ ਬਿਨਾਂ ਵਿਕਾਸ ਦੀ ਕੋਈ ਵੁੱਕਤ ਹੈ? ਪੰਜਾਬੀ ਬੁੱਧੀਜੀਵੀ ਇਨ੍ਹਾਂ ਸਵਾਲਾਂ ਦੇ ਰੂ-ਬ-ਰੂ ਹੋਣ ਤੋਂ ਝਿਜਕ ਗਿਆ ਹੈ ਜਾਂ ਸ਼ਾਇਦ ਇਸ ਦੀ ਪਾਇਆਂ ਨਹੀਂ ਸੀ। ਇਸੇ ਕਰਕੇ ਲੋਕ ਚੇਤੰਨ ਤਾਂ ਹੋਏ ਪਰ ਸਿਆਸੀ ਤੇ ਜਮਾਤੀ ਚੇਤਨਾ ਦਾ ਲੜ ਛੁੱਟ ਗਿਆ ਜਾਪਦਾ ਹੈ; ਇਸੇ ਕਰਕੇ ਭੀੜ-ਮਾਨਸਿਕਤਾ ਘੜੀ-ਮੁੜੀ ਸਿਰ ਚੁੱਕਣ ਲੱਗ ਪਈ ਹੈ; ਸ਼ਾਇਦ ਇਸੇ ਕਰਕੇ ਅੰਦੋਲਨ ਉੱਤੇ ਚੋਣਾਂ ਵਾਲਾ ਵਜ਼ਨ ਪੈ ਗਿਆ ਹੈ!

ਕੁਝ ਵੀ ਹੋਵੇ, ਇਸ ਅੰਦੋਲਨ ਨੇ ਲੜਾਈ ਅਤੇ ਭਵਿੱਖ ਦੇ ਵਿਕਾਸ ਦਾ ਰਾਹ ਦਿਖਾਇਆ ਹੈ, ਇਸ ਨੂੰ ਰਿੜਕਿਆਂ ਬੜਾ ਕੁਝ ਹਾਸਲ ਹੋਵੇਗਾ। ਜ਼ਬਤ ਦੇ ਪੱਖ ਤੋਂ ਇਸ ਅੰਦੋਲਨ ਨੂੰ 1980ਵਿਆਂ ਵਾਲੇ ਹਾਲਾਤ ਨਾਲ ਵੀ ਜੋੜ ਕੇ ਦੇਖਣਾ ਬਣਦਾ ਹੈ। ਵਿਰੋਧੀ ਧਿਰ ਨੂੰ ਹੱਲੇ ਦਾ ਮੌਕਾ ਨਾ ਦੇਣਾ ਵੀ ਲੜਾਈ ਦੇ ਅਹਿਮ ਅਸੂਲਾਂ ਵਿਚ ਸ਼ੁਮਾਰ ਹੈ। ਕਿਸਾਨ ਅੰਦੋਲਨ ਦੌਰਾਨ ਕੁਝ ਤੱਤੇ ਕਿਰਦਾਰਾਂ ਨੂੰ ਉਘਾੜਨ ਦੇ ਪੁਰਜ਼ੋਰ ਯਤਨ ਹੋਏ ਪਰ ਅੰਦੋਲਨ ਦੀ ਵਿਸ਼ਾਲਤਾ ਨੇ ਇਸ ਪੱਖ ਨੂੰ ਗੌਣ ਕਰ ਦਿੱਤਾ। ਕਈ ਕਾਰਨਾਂ ਕਰਕੇ 80ਵਿਆਂ ਵਿਚ ਅਜਿਹਾ ਸੰਭਵ ਨਹੀਂ ਸੀ ਹੋ ਸਕਿਆ, ਤੇ ਫਿਰ ਪੰਜਾਬ ਅਤੇ ਅਵਾਮ ਨੂੰ ਡੇਢ ਦਹਾਕਾ ਭੱਠੀ ਵਿਚ ਭੁੱਜਣਾ ਪਿਆ ਜਿਸ ਦੀ ਤਪਸ਼ ਅਜੇ ਤਕ ਮਹਿਸੂਸ ਹੁੰਦੀ ਹੈ। ਠੀਕ ਹੀ ਸਾਨੂੰ ਇਤਿਹਾਸ ਨੂੰ ਸਬਕ ਦੇ ਰੂਪ ਵਿਚ ਹੀ ਗ੍ਰਹਿਣ ਕਰਨਾ ਚਾਹੀਦਾ ਹੈ।

...ਤੇ ਇਹ ਕਿਸਾਨ ਅੰਦੋਲਨ, ਇਤਿਹਾਸ ਦਾ ਉਹ ਅਧਿਆਇ ਹੈ ਜਿਸ ਨੇ ਆਉਣ ਵਾਲੀਆਂ ਪੀੜ੍ਹੀਆਂ ਲਈ ਸਬਕ ਬਣਨਾ ਹੈ। ਇਸ ਦੇ ਸਮਾਜਕ, ਆਰਥਿਕ ਤੇ ਸਭਿਆਚਾਰਕ ਪਾਸਾਰਾਂ ਦੀ ਸਿਆਸੀ ਅਤੇ ਜਮਾਤੀ ਪੁਣਛਾਣ ਸਾਡੇ ਸਭ ਲਈ ਵੰਗਾਰ ਹੈ।000

# ਕਿਸਾਨ ਅੰਦੋਲਨ: ਚਾਰ ਕਵਿਤਾਵਾਂ: ਬਲਵਿੰਦਰ ਸੰਧੂ

## ਜੋ ਮੈਂ ਮਾਰਨ ਮੁੱਕੀਆਂ

--ਜਿਸ ਭੋਇੰ
ਮੇਰਾ ਮੂਲ਼ ਅੰਕੁਰਿਆ
ਪਲ਼ਿਆ ਫਲ਼ਿਆ, ਪਰੌਢ ਹੋਇਆ.....!

ਓਸ ਭੋਇੰ--
ਖਰਬੂਜਿਆਂ ਦੇ ਪੜੋਸ,ਕੌੜਤੁੰਮੇ ਵੀ ਹੋਂਦੇ
ਨਿਮੋਲ਼ੀਆਂ ਕੁਸੈਲ਼ੀਆਂ; ਪਰ ਅੰਬਾਂ 'ਚੋਂ ਰਸ ਚੋਂਦੇ.....!

ਗੁਲਾਬਾਂ ਦੇ ਗਲ਼ੀਂ, ਖਾਰਾਂ ਦੇ ਹਾਰ ਦਿੱਸਦੇ
ਅਦਬ ਦੇ ਚੱਕ 'ਤੇ, ਗੀਤਾਂ ਨੂ ਸਾਨ੍ਹ ਲੱਗਦੇ.....!

ਮੱਝੀਆਂ ਦੇ ਸਿੰਗੀਂ, ਦੁਪਹਿਰੇ ਰੋਹ ਬੈਠਦੇ
ਤੇ ਆਥਣੇ ਥਣਾਂ 'ਚ, ਮਿੱਠੇ ਦੁੱਧ ਲੱਥਦੇ.....!

ਚੜ੍ਹੇ ਤੋਂ ਪੁਰਾ ਵਗਦਾ, ਲੱਥੇ ਤੋਂ ਝੱਖੜ ਝੁੱਲਦਾ
ਖੱਤਿਆਂ 'ਚ ਪਸੀਨਾ, ਤੇ ਰਣਾਂ 'ਚ ਲਹੂ ਡੁਲ੍ਹਦਾ.....!

ਤੱਤੇ ਠੰਢੇ ਮੌਸਮ, ਵਾਰੋ ਵਾਰ ਆਉਂਦੇ
ਮਿੱਟੀ ਭੁੱਜ ਜਾਂਦੀ, ਜਲ ਜੰਮ ਜਾਂਦੇ.....!

ਸੋਕੇ ਪੈਂਦੇ ਕਦੇ ..ਹੜ੍ਹ ਆਉਂਦੇ
ਦਰਿਆ ਉੱਛਲ਼ ਜਾਂਦੇ, ਕਦੇ ਸਹਿਜ ਵਹਿੰਦੇ.....!

ਆਖਰ ਇਹੋ ਮੇਰੇ, ਖ਼ੂਨ ਦੀ ਤਾਸੀਰ ਬਣਦੇ
ਮੈਨੂੰ ਜੋ ਮੁੱਕੀਆਂ ਮਾਰਦੇ
ਮੈਥੋਂ ਪੈਰ ਤਿਨ੍ਹਾਂ ਦੇ
.....ਹੁਣ ਚੁੰਮ ਨਾ ਹੁੰਦੇ.....! 00

## ਫਿਰ ਉਠੀ ਸਦਾਅ

ਫਿਰ ਮੇਰੇ ਖੱਤਿਆਂ 'ਚ
ਕੁਝ ਸੱਤਿਆ ਜਾਗੀ
ਫਿਰ ਜਗਮਗਾਉਂਦੇ ਜੁਗਨੂੰਆਂ
ਕੁਤਬ ਦੀ ਲਾਠ ਪਿਘਲਾ 'ਤੀ!

ਫਿਰ ਬੋਹਰਾਂ, ਪਿੱਪਲ਼ਾਂ ਤੇ ਤੂਤਾਂ ਨੇ ਅੰਗੜਾਈ ਭੰਨੀ
ਫਿਰ ਬਾਜਰੇ ਦੇ ਸਿੱਟਿਆਂ, ਸ਼ਨੀ ਨੂੰ ਸ਼ਿਸਤ ਸੇਧੀ!

ਫਿਰ ਕਣਕ ਦੇ ਦਾਣੇ, ਬੁਰਿਆਂ ਨੂੰ ਸ਼ੱਰਿਆਂ ਵਾਂਗ ਵੱਜੇ
ਫਿਰ ਰਾਹੂ ਕੇਤੂ ਨੂੰ ਆਲੂ ਪਿਆਜ਼, ਗਰਨੇਡਾਂ ਵੱਤ ਲੱਗੇ!

ਫਿਰ ਹੱਥ ਹੱਥ ਲੰਮੀਆਂ, ਮੱਕੀ ਦੀਆਂ ਛੱਲੀਆਂ
ਮਿਜ਼ਾਇਲਾਂ ਬਣ ਚੱਲੀਆਂ
ਫਿਰ ਓਰਿਆਂ 'ਚ ਗੰਨੇ ਦੀਆਂ ਪੋਰੀਆਂ
ਦੰਬੂਕਾਂ ਬਣ ਉੱਗੀਆਂ!

ਫਿਰ ਮੁੰਜੀ ਦੀਆਂ ਮੁੰਜਰਾਂ, ਮੋਰਚੇ ਸੰਭਾਲ਼ ਲਏ
ਫਿਰ ਨਰਮੇ ਨੇ ਨਰਮਾਈ ਦੇ, ਨੇਮ ਸਭ ਤਿਆਗ 'ਤੇ!

ਫਿਰ ਆਡ ਦਾ ਪਾਣੀ
ਕਿਨਾਰਿਆਂ ਨਾਲ ਖਹਿ ਕੇ ਤੁਰਿਆ
ਫਿਰ ਵੱਟਾਂ ਵੰਨਿਆਂ ਦਾ ਹਮਾ ਤੁਮਾ
ਕੁਝ ਕੁਝ ਖੁਰਿਆ!

ਫਿਰ ਚਿੜੀਆਂ
ਸ਼ਹਿ ਕੇ ਬੈਠਾ ਬਾਜ ਜਾ ਦਬੋਚਿਆ
ਫਿਰ ਗਟਾਰਾਂ, ਆਂਡੇ ਪੀਣਾ ਨਾਗ
ਖੁੱਡ 'ਚੋਂ ਬਾਹਰ ਕੱਢਿ ਲਿਆ!

ਫਿਰ ਉੱਲੂ, ਉੱਲੂ ਦੇ ਪੱਠੇ
ਪੁੱਠੇ ਖੰਭੀਂ ਉੱਡ ਗਏ
ਫਿਰ ਪਲ਼ੇ ਹੋਏ ਮੁੱਛਲ਼ ਚੂਹੇ
ਖੁੱਡਾਂ ਦੇ ਵਿਚ ਦੁਬਕ ਗਏ!

ਫਿਰ ਚੌਥੇ ਦਾ ਚੰਨ
ਚੌਦਵੀਂ ਦਾ ਹੋ ਚਮਕਿਆ
ਫਿਰ ਕੱਤੇ ਦਾ ਸੂਰਜ
ਵਿਸਾਖ ਦਾ ਬਣ ਲਿਸ਼ਕਿਆ!

ਫਿਰ ਚਾਂਦੀ ਰੰਗੀ ਧੁੱਪ
ਕੁਝ ਕੁ ਬਸੰਤੀ ਹੋਈ
ਫਿਰ ਸੁਗੰਧ ਸੁਮੀਰ 'ਚੋਂ

ਲਲਕਾਰ ਦੀ ਆਵਾਜ਼ ਆਈ!

ਫਿਰ ਮੇਰੇ ਖੱਤਿਆਂ 'ਚ
ਕੁਝ ਸੱਤਿਆ ਜਾਗੀ
ਫਿਰ ਜਗਮਗਾਉਂਦੇ ਜੁਗਨੂੰਆਂ
ਕੁਤਬ ਦੀ ਲਾਠ ਪਿਘਲਾ 'ਤੀ!

## ਸਿੰਘੂ ਤੋਂ

ਸ਼ੰਭੂ ਬੈਠੀ ਮਾਂ, ਪੰਜਾਬ ਕੌਰ ਨੂੰ
ਸਿੰਘੂ ਡਟੇ ਪੁੱਤ, ਮਹਿਤਾਬ ਸਿੰਘ ਦਾ
ਇਕ ਖਤ ਆਇਐ...

ਲਿਖਿਆ ਸੂ ::
ਸਿਰ ਫਿਰ ਗਿਐ
ਤੇ ਦਿਲ ਹਿੱਲਿਆ ਪਿਐ ਦਿੱਲੀ ਦਾ
ਦਹਿਲੀਜਾਂ, ਦਹਿਲੀਆਂ, ਤੇ ਨੀਹਾਂ ਕੰਬਦੀਆਂ
ਮੈਂ ਆਪ ਦੇਖੀਆਂ...

ਲਹੂ ਰੰਗੇ ਤਖਤ ਨੂੰ, ਜਾਂਦੇ ਰਾਹ ਸਾਰੇ
ਹਰੇ ਘਾਹ ਹੋਏ ਪਏ...
ਖੇਤਾਂ ਦੇ ਪੁੱਤ
ਪਾਣੀਪੱਤ ਦਾ ਕਾਲ਼ਾ ਅੰਬ ਉਲੰਘ
ਨਾਂ ਸਿਰਨਾਵੇਂ ਥਾਂ ਪਹੁੰਚ 'ਗੇ...

ਡੰਡੀ ਡੰਡੀ 'ਤੇ, ਹਰੀ ਝੰਡੀ ਝੁੱਲ ਰਹੀ
ਤੇ ਜਮਨਾ, ਪੁੱਠੇ ਵਹਿਣ ਵਗ ਤੁਰੀ...

ਮਾਝਾ ਮਾਲਵਾ ਦੁਆਬਾ ਤੇ ਪੁਆਧ
ਬਿਰਧ ਗੱਭਰੂ ਤੇ ਜੁਆਕ
ਸਭ ਮੜਾਸੇ ਕਰੀ ਬੈਠੇ...
ਹਰਿਆਣੇ ਦੇ ਸਿਆਣੇ ਨਿਆਣੇ ਕੀ
ਅਗਧ ਮਗਧ ਦੇ ਭਗਤ ਵੀ
ਟਿਕਰੀ ਕੁੰਡਲ਼ੀ ਧੂਣੀਆਂ ਧੁਖਾਈ ਬੈਠੇ...

ਚੁੰਨੀਆਂ ਚਾਦਰਾਂ, ਧੋਤੀਆਂ ਤੇ ਲੁੰਗੀਆਂ
ਸਭ ਕਮਰਕਸਿਆਂ 'ਚ, ਵਟੀਆਂ ਪਈਆਂ..
ਚਿਰਾਂ ਦੇ ਸ਼ਰੀਕ, ਪਲਾਂ 'ਚ ਕਰੀਬ ਹੋਏ

ਜੱਫੀਆਂ ਖੁਲ੍ਹ ਨਹੀਂ ਰਹੀਆਂ...
ਤੇ ਵਿਗੜੀਆਂ ਸਕੀਰੀਆਂ
ਇਕ ਦੂਏ ਨੂੰ, ਸ਼ੀਰਨੀਆਂ ਵੰਡਣ ਡ੍ਹਈਆਂ...

ਦੇਗਾਂ ਚੜ੍ਹ ਰਹੀਆਂ, ਲੋਹਾਂ ਤਪ ਰਹੀਆਂ
ਆਂਦਰਾਂ ਛਕ ਰਹੀਆਂ..
ਖਾਣ ਨਾ ਪੀਣ ਦੀ ਕੋਈ ਤੋਟ ਆ
ਚਾਰੇ ਪਾਸੇ ਸੱਚੇ ਸਤਿਗੁਰਾਂ ਦੀ ਓਟ ਵਾ...

ਇਕ ਹੱਦ ਹੋਰ ਟੱਪ ਗਈ
ਜੱਟਾਂ ਦੀ ਜੱਟ ਜੱਟ ਦੀ, ਰੱਟ ਵੀ ਠੱਪ ਗਈ...
ਜਾਤ ਪਾਤ ਰੰਗ ਨਸਲ
ਹਰ ਫਸਲ ਇਥੇ ਇਕ ਭਾਅ ਵਿਕ ਰਹੀ...

ਊਚ ਨੀਚ ਭੇਦ ਭਾਵ ਸਭ ਮਿਟੇ ਪਏ
ਨਾਨਕ ਵੇਲ਼ਿਆਂ ਦਾ ਗੀਤ
ਤੇ ਪਤਾਲ਼ੋਂ ਆਇਆ ਸੰਗੀਤ
ਇਕੋ ਮੰਚ, ਇਕੋ ਵਾਜੇ 'ਚ ਵੱਜ ਰਹੇ...

ਦਿੱਲੀ ਦੀਆਂ ਰੂਹਾਂ 'ਚੋਂ
ਕੁਝ ਰੂਹਾਂ ਬੋਲਦੀਆਂ ਸੁਣ ਰਹੀਆਂ,
"ਸਿੰਘੂ ਬੈਠੇ ਇਹ ਸਿੰਘ
ਉਹਨਾਂ ਦੀ ਹੀ ਵੰਸ਼ ਨੇ
ਜਿਨ੍ਹਾਂ ਇਸੇ ਮਹੀਨੇ, ਕੱਚੀ ਗੜ੍ਹੀ 'ਚੋਂ
ਕਦੇ ਲੱਖਾਂ ਦੀ ਵਾਹਰ ਨੂੰ, ਵੰਗਾਰਿਆ ਸੀ...
ਤੇ ਅੱਜ ਫਿਰ ਓਸੇ ਮਾਹ
ਰੜੇ ਮੈਦਾਨ ਹੰਕਾਰ ਨੂੰ ਵੰਗਾਰ ਰਹੇ..."

ਮਾਂ! ਤੱਤੀ ਤਵੀ 'ਤੇ ਬੈਠੇ
ਸਿਦਕ ਦਾ ਕਿੱਸਾ ਮੈਂ ਪੜ੍ਹਿਆ ਏ...
ਚਾਂਦਨੀ ਚੌਕ 'ਚ ਵਰਤੇ
ਸਿਰੜ ਦਾ ਸਾਕਾ ਵੀ ਸੁਣਿਆ ਏ...
ਪਰ ਜ਼ਬਰ ਮੂਹਰੇ ਸਬਰ ਖੜ੍ਹਾ
ਅੱਜ ਅੱਖੀਂ ਵੇਖ ਰਿਹਾਂ....!
ਮਾਰਕੰਡਾ ਪਾਰ ਕਰਦਿਆਂ
ਕੁਝ ਵਿਛੜ ਗਿਆਂ ਦੇ
ਵਿਛੋੜੇ ਤਾਂ ਸਹਿਣੇ ਹੀ ਪਏ

ਪਰ ਇਹ ਵੀ ਜਾਣਦਾਂ
ਕਿ ਯੁੱਧ 'ਚ ਗਏ ਸਾਰੇ ਦੇ ਸਾਰੇ
ਘਰੀਂ ਸਹੀ ਸਲਾਮਤ ਕਦ ਮੁੜੇ ਨੇ...

ਮਾਂ! ਚੰਨ ਰਾਤ ਰਾਤ ਭਰ
ਇਥੇ ਫੋਟੋਵਾਂ ਖਿੱਚਦੈ
ਸੂਰਜ ਸਾਰਾ ਸਾਰਾ ਦਿਨ
ਚੁਲ੍ਹਿਆਂ 'ਚ ਅੱਗ ਝੋਕਦਾ...

ਮੈਂ ਆਥਣੇ ਜਦ ਰੋਟੀ ਖਾ
ਤਾਰਿਆਂ ਦੇ ਮਖਾਣੇ ਚੱਬਦਾਂ
ਪਤਾ ਨਹੀਂ ਲੱਗਦਾ, ਕਦ ਸੌਂ ਜਾਨਾਂ...

ਦਿਨ ਮਾਹ ਕੀ
ਤਿਮਾਹੀ ਛਿਮਾਹੀ ਵੀ ਕੀ...
ਉਦੋਂ ਹੀ ਮੁੜਾਂਗੇ
ਜਦ ਨਖੱਤਿਆਂ ਨੇ
ਸਾਡੇ ਖੱਤਿਆਂ ਦੀ ਮਿੱਟੀ
ਸਾਵੀਂ ਦੀ ਸਾਵੀਂ ਮੋੜ ਦਿੱਤੀ...

ਤੇ ਮਾਂ ਤੂੰ ਫਿਕਰ ਨਾ ਕਰੀਂ
ਬਾਪੂ ਬਘੇਲ ਸੇਹੁੰ ਸਾਡੇ ਨਾਲ ਵਾ...

**ਓੜਕ**

--ਆਖਿਰ ਇਹ ਕਥਾ
ਸੱਚ ਹੀ ਸਿੱਧ ਹੋਈ...
ਕਿ ਜਿੱਤ ਅੰਤ ਉਹਨਾਂ ਦੀ ਹੋਈ
ਜਿਨ੍ਹਿ ਸੱਚ ਪੱਲੇ ਸੀ...

ਉਹਨਾਂ
ਇਕ ਵਾਰ ਫਿਰ ਉੱਗ ਆਏ ਸਿੰਗਾਂ ਨੂੰ
ਠੰਮ ਦਿੱਤਾ...
ਤੇ ਬੋਦੀ ਵਾਲੇ ਤਾਰੇ ਨੂੰ, ਦੱਸ ਦਿੱਤਾ ਕਿ
ਵਧੀ ਹੋਈ ਝੰਡ ਨੂੰ ਕੁਤਰ ਕੇ
ਖੱਡ 'ਚ ਦੱਬ ਦੇਣਾ ਹੀ, ਚੰਗਾ ਹੁੰਦੈ...
ਜਿਥੇ ਪਰਜੀਵੀ ਰਿੰਡਾਂ ਦਾ
ਫਿਰ ਜੀਣ ਥੀਣ ਨਹੀਂ ਰਹਿੰਦਾ...

ਦਰਸਾ ਦਿੱਤਾ ਉਹਨਾਂ, ਕਿ ਸਕਤੇ ਨੂੰ ਵੀ
ਨਿਉਂਦਾ ਪਾਇਆ ਜਾ ਸਕਦੈ...
ਮੈਦਾਨਾਂ 'ਚ, ਲਹਿ ਆਏ ਦਰਿਆਵਾਂ ਨੂੰ
ਮੁੜ ਪਰਬਤੀਂ, ਚੜ੍ਹਾਇਆ ਜਾ ਸਕਦੈ...!
ਸਬਰ ਹੋਏ ਤਾਂ, ਕਬਰ ਨੂੰ ਵੀ ਨਚਾਇਆ ਜਾ ਸਕਦੈ

ਇਹ ਵੰਡੀ ਹੋਈ ਧਰਤ ਦੇ
ਓਹੋ ਅਣਵੰਡੇ ਭਰਤ ਨੇ
ਜਿਹਨਾਂ ਦੀਆਂ ਮਾਵਾਂ
ਲਾਵਾ, ਠਾਰ ਠਾਰ, ਵਿਹੜੇ ਲਿਪ ਲੈਂਦੀਆਂ
ਤੇ ਬਾਬੁਲ..ਮਡਰਮੱਛ ਦੀ ਅੱਖ ਤੱਕ
ਮਮੀਰਾ ਪਾ ਆਉਂਦੇ...

ਬਿਲਕੁਲ ਓਹੀ, ਜੋ ਸੋਕਿਆਂ ਦੇ ਦਿਨੀਂ
ਅੰਜੁਲੀ 'ਚ ਖੜ੍ਹਦੇ
ਤੇ ਇੰਦਰ ਆਪਣੀਆਂ ਤਮਾਮ ਬੱਦਲ਼ੀਆਂ ਲੈ
ਉਹਨਾਂ ਦੇ ਖੱਤਿਆਂ 'ਚ, ਆਣ ਨਿਵਦੈ...
ਤੇ ਜਾਂਦਾ ਹੋਇਆ ਸੂਰਜ, ਮੂੰਹ ਭੁਆ ਪੁੱਛਦੈ,
ਬਾਬਿਓ! ਲੋੜ ਏ ਤਾਂ, ਝੱਟ ਬਿੰਦ ਹੋਰ ਰੁਕਜਾਂ...?

ਤੇ ਪੱਲੇ ਉਹ
ਸੱਚ ਇਹ ਵੀ, ਬੰਨ੍ਹ ਕੇ ਤੁਰਦੇ
ਕਿ ਲੱਖ ਸਿਆਣਪਾਂ ਹੁੰਦਿਆਂ
ਜਦ ਇਕ ਵੀ ਨਾਲ ਨਹੀਂ ਚੱਲਦੀ
ਤਾਂ ਸਿਰੜ ਦੇ ਤੁਲਹੇ ਤੋਂ ਵੱਡਾ
ਕੋਈ ਬੋਹਿਥਾ ਨਹੀਂ ਹੁੰਦਾ...!

ਇਕ ਲੋਕ ਕਥਾ, ਕਹਿੰਦੀ ਆ ਕਿ
ਸਾਂਝੀ ਰੱਤ ਜਦ ਸੱਥ 'ਚ
ਇਕੱਠ ਮਾਰ ਬਹਿੰਦੀ ਏ
ਤਾਂ ਜਿੱਤ ਅਖੀਰ
ਓਸੇ ਹੱਥ 'ਚ ਜਾਂਦੀ
ਜਿਸ ਹੱਥ
ਸੱਚ ਦੀ ਲਕੀਰ ਹੁੰਦੀ ਏ .... 000

***(#49 ਮੋਤੀ ਬਾਗ਼ ਕਲੋਨੀ, ਪਟਿਆਲਾ 147 001***
***ਫੋਨ ਤੇ ਵਟਸਐਪ: +91-98155-14053***
***ਈਮੇਲ: sandhuz123@yahoo.co.in***

# ਕੱਲ੍ਹ ਦੀ ਪੈੜ, ਅੱਜ ਦੇ ਰਾਹੀ, ਭਲ਼ਕ ਦੇ ਸੁਪਨੇ

**ਬਲਵਿੰਦਰ ਗਰੇਵਾਲ**

*('ਸਿਰਜਣਾ' ਦੇ 200 ਅੰਕ ਪ੍ਰਕਾਸ਼ਤ ਹੋਣ 'ਤੇ ਇਸਦੇ 55 ਵਰ੍ਹਿਆਂ ਦੇ ਲੰਮੇ ਸਫਰ ਦਾ ਜਸ਼ਨ ਮਨਾਉਣ ਲਈ ਸੁਪਨਿਆਂ ਦੇ ਸੌਦਾਗਰ ਸ. ਗੁਰਬਖਸ਼ ਸਿੰਘ ਦੀ ਵਸਾਈ ਨਗਰੀ ਪ੍ਰੀਤ ਨਗਰ ਵਿਚ ਰਚਾਏ ਗਏ ਸਮਾਗਮ ਬਾਰੇ ਮੀਡੀਆ-ਫੇਸਬੁਕ, ਵ੍ਹਟਸਐਪ ਉੱਤੇ ਬਹੁਤ ਸਾਰੇ ਲੇਖਕ ਤੇ 'ਸਿਰਜਣਾ' ਦੇ ਪ੍ਰਸ਼ੰਸਕ ਲਿਖਤਾਂ ਅਤੇ ਫੋਟੋਆਂ ਦੇ ਰੂਪ ਵਿਚ ਕਾਫੀ ਕੁਝ ਛਾਪ ਕੇ ਸਮਾਗਮ ਵਿਚ ਆਪਣੀ ਸ਼ਮੂਲੀਅਤ ਦੇ ਚਾਅ ਤੇ ਸੰਤੁਸ਼ਟੀ ਦਾ ਪ੍ਰਗਟਾਅ ਕਰ ਚੁੱਕੇ ਹਨ। ਖਾਸ ਕਰਕੇ ਜਸਵੀਰ ਰਾਣਾ ਅਤੇ ਜਸਵੀਰ ਕਲਸੀ ਨੇ ਤਾਂ ਕਿਸ਼ਤਾਂ ਵਿਚ ਬਹੁਤ ਹੀ ਸੋਹਣੇ ਵਿਸਥਾਰ ਦਿੱਤੇ ਸਨ। ਏਸੇ ਤਰ੍ਹਾਂ ਨਾਮਵਰ ਕਹਾਣੀਕਾਰ ਬਲਵਿੰਦਰ ਗਰੇਵਾਲ ਵੱਲੋਂ ਆਪਣੇ ਭਾਵਾਂ ਦਾ ਇਜ਼ਹਾਰ ਕਰਦੀ ਪ੍ਰੀਤ ਨਗਰ ਸਮਾਗਮ ਬਾਰੇ ਇਕ ਰਿਪੋਰਟ ਏਥੇ ਦਿੱਤੀ ਜਾ ਰਹੀ ਹੈ।)*

ਜਦੋਂ ਸਾਹਿਤਕ ਮੈਗਜ਼ੀਨ 'ਸਿਰਜਣਾ' ਦੇ ਦੋ ਸੌਵੇਂ ਅੰਕ ਦੇ ਜਸ਼ਨਾਂ ਦੀ ਸ਼ੁਰੂਆਤ ਵਿਚ ਹੀ ਡਾ. ਸਤੀਸ਼ ਵਰਮਾ ਹੋਰਾਂ ਨੇ 1965 ਕਿਹਾ ਤਾਂ ਮੇਰੇ ਯਾਦ ਆਇਆ ਕਿ ਉਦੋਂ ਮੈਂ ਪੰਜ ਸਾਲ ਦਾ ਸਾਂ ਅਤੇ ਮੇਰੀ ਵੱਡੀ ਭੈਣ ਦੇ ਦਾਜ ਵਿਚ ਦੇਣ ਲਈ ਲਿਆਂਦੇ ਸਾਈਕਲ ਦੀ ਚੇਨ ਵਿਚ ਮੇਰੀ ਉਂਗਲੀ ਆ ਗਈ ਸੀ। ਆਉਣ ਵਾਲੇ ਕਿੰਨੇ ਸਾਲ ਮੈਂ ਸਾਈਕਲ ਤੋਂ ਡਰਦਾ ਰਿਹਾ। 'ਸਿਰਜਣਾ' ਨਾਲ ਇਸ ਗੱਲ ਦਾ ਸੰਬੰਧ ਉਦੋਂ ਜੁੜ ਗਿਆ ਜਦੋਂ ਖੁਲਾਸਾ ਹੋਇਆ ਕਿ ਅੱਠਵੇਂ ਅੰਕ ਤਕ ਆਉਂਦਿਆਂ,'ਸਿਰਜਣਾ' ਸ਼ੁਰੂ ਕਰਨ ਵਾਲੇ ਮੁੱਢਲੇ ਨੌਜਵਾਨਾਂ 'ਚੋਂ, ਡਾ. ਰਘਬੀਰ ਸਿੰਘ ਹੋਰਾਂ ਤੋਂ ਬਿਨਾਂ ਸਾਰੇ ਜਣੇ ਇਕ ਜਾਂ ਦੂਸਰੇ ਕਾਰਨ ਕਰਕੇ ਅਸਮਰੱਥਾ ਜ਼ਾਹਿਰ ਕਰ ਗਏ ਸਨ। ਹੱਥ ਨਾਲ ਪੈਡਲ ਮਾਰਕੇ ਪਹੀਆ ਘੁਮਾਉਣ ਵਾਲੇ ਡਾ. ਰਘਬੀਰ ਸਿੰਘ ਦੀ ਉਂਗਲੀ ਘੁੰਮਦੀ ਚੇਨ ਵਿਚ ਆ ਗਈ ਸੀ। ਉਦੋਂ ਹੀ ਉਹਨਾਂ ਦੀ ਜੀਵਨ ਸਾਥਣ ਸੁਲੇਖਾ ਨੇ ਉਹਨਾਂ ਦੇ ਮੋਢੇ ਨਾਲ ਮੋਢਾ ਆ ਜੋੜਿਆ। ਲੋੜਾਂ ਘਟਾ ਲਈਆਂ, ਸੰਜਮ ਨੂੰ ਸੁਭਾਅ ਬਣਾ ਲਿਆ। ਉਹਨਾਂ ਦੀ ਘਾਲਣਾ ਅਤੇ ਤਿਆਗ ਨੂੰ ਇਸ ਤੱਥ ਤੋਂ ਹੀ ਸਮਝਿਆ ਜਾ ਸਕਦਾ ਹੈ ਕਿ ਉਹਨਾਂ ਦੀਆਂ ਦੋਵੇਂ ਧੀਆਂ ਅਕਸਰ ਕਹਿੰਦੀਆਂ ਕਿ 'ਸਿਰਜਣਾ' ਉਹਨਾਂ ਦੇ ਮਾਪਿਆਂ ਦੀ ਤੀਜੀ ਧੀ ਹੈ। ਲਗਪਗ ਤਿੰਨ ਘੰਟੇ ਚੱਲੇ ਜਸ਼ਨਾਂ ਦੌਰਾਨ ਮੈਨੂੰ 'ਸਿਰਜਣਾ ਜੋੜੇ' ਦੀ ਪੀੜ ਮਹਿਸੂਸ ਹੁੰਦੀ ਰਹੀ ਜਿਹੜੇ ਘੁੰਮਦਾ ਚੱਕਾ ਰੋਕ ਕੇ ਉਂਗਲੀ ਕੱਢ ਸਕਦੇ ਸਨ। ਪਰ ਉਨ੍ਹਾਂ ਨੇ ਕਸੀਸ ਵੱਟ ਕੇ ਚੱਕਾ ਘੁੰਮਦਾ ਰੱਖਣ ਦੀ ਚੋਣ ਕੀਤੀ। ਇਹ ਤਾਂ ਭੁਗਤਣ ਵਾਲੇ ਹੀ ਜਾਣਦੇ ਹਨ ਕਿ ਕਈ ਵਾਰ ਮੈਗਜ਼ੀਨ ਦਾ ਨਵਾਂ ਅੰਕ ਕੱਢਣ ਲਈ 5% ਪ੍ਰਤੀ ਮਹੀਨਾ ਦੇ ਹਿਸਾਬ ਵਿਆਜ 'ਤੇ ਰਕਮ ਉਧਾਰ ਲੈਣ ਵੇਲੇ ਉਹਨਾਂ 'ਤੇ ਕੀ ਬੀਤਦੀ ਸੀ। ਪਿਛਲੇ ਅੰਕ ਦਾ ਫਿਕਰ ਮੁੱਕਣ ਤੋਂ ਪਹਿਲਾਂ ਹੀ, ਤਿੰਨ ਮਹੀਨੇ ਬਾਅਦ ਅਗਲਾ ਅੰਕ ਆ ਧਮਕਦਾ। ਮਿਆਰ ਸਥਾਪਤ ਕਰਨ, ਤੇ ਉਸ ਨੂੰ ਬਣਾਈ ਰੱਖਣ ਦੀ ਚੁਣੌਤੀ ਵੱਖ ਲਹੂ ਸੁਕਾਉਂਦੀ ਹੋਵੇਗੀ।

ਕੁਦਰਤੀ ਹੈ ਕਿ ਸਰੋਤਿਆਂ ਦੇ ਮਨਾਂ 'ਚ ਦੋ ਸਵਾਲ ਇਕ ਵਾਰ ਤਾਂ ਲਿਸ਼ਕੇ ਹੀ ਹੋਣਗੇ ਕਿ ਅਜਿਹੇ ਹਾਲਾਤ ਵਿਚ ਪਰਚਾ ਜਾਰੀ ਰੱਖਣ ਦੀ ਤਾਕਤ ਕਿੱਥੋਂ ਆਈ ਤੇ ਡਾ. ਰਘਬੀਰ ਸਿੰਘ ਹੋਰਾਂ ਲਈ ਪਰਚਾ ਜਾਰੀ ਰੱਖਣ ਦੀ ਐਡੀ ਕੀ ਮਜਬੂਰੀ ਸੀ? ਨਿਸ਼ਚਤ ਹੀ ਉਹਨਾਂ ਮੁੱਢਲੇ ਦਿਨਾਂ ਵਿਚ ਇਹ ਸੋਚ ਪਾਉਣਾ ਤਾਂ ਸੰਭਵ ਹੀ ਨਹੀਂ ਸੀ ਕਿ ਬੜੀ ਛੇਤੀ ਹੀ ਉਸ 'ਸਿਰਜਣਾ' ਨੇ, ਜਿਸ ਨੂੰ ਉਹ ਸਥਾਪਤ ਕਰਨ ਲਈ 'ਮੱਕਿਓਂ ਪਰਲਾ ਉਜਾੜ' ਵੀ ਫੋਲ ਰਹੇ ਸਨ, ਉਹਨਾਂ ਨੂੰ ਪੰਜਾਬੀ

ਸਾਹਿਤਕ ਪੱਤਰਕਾਰੀ ਦੇ ਅੰਬਰ ਤੇ 'ਸਿਰਜਣਾ' ਵਜੋਂ ਟਿਕਾ ਦੇਣਾ ਸੀ। ਸਿਰਜਣਾ ਨੇ ਸਿਰਜਕ ਨੂੰ ਸਥਾਪਤ ਕਰ ਦੇਣਾ ਸੀ।

ਗੱਲ ਉਦੋਂ ਖੁਲ੍ਹੀ ਜਦੋਂ ਅਖੀਰ 'ਤੇ ਡਾ. ਰਘਬੀਰ ਸਿੰਘ ਸਟੇਜ ਤੋਂ ਬੋਲੇ।

ਪਹਿਲੀ ਗੱਲ ਉਹਨਾਂ ਦੱਸੀ ਕਿ ਉਹ ਆਪਣੇ ਨਿਸ਼ਾਨੇ ਤੇ ਮੰਤਵ ਪ੍ਰਤੀ ਸਪਸ਼ਟ ਸਨ। ਇਸ ਸਪਸ਼ਟਤਾ ਨੇ ਉਹਨਾਂ ਨੂੰ ਹੁਣ ਤਕ ਕਿਸੇ ਕਿਸਮ ਦੀ ਝੋਲ ਤੋਂ ਬਚਾਈ ਰੱਖਿਆ। ਬਹੁਤੇ ਉੱਦਮ ਇਸ ਅਤਿ-ਲੋੜੀਂਦੀ ਸਪਸ਼ਟਤਾ ਦੇ ਨਾ ਹੋਣ ਕਾਰਨ ਹੀ ਦਮ ਤੋੜ ਜਾਂਦੇ ਹਨ। ਜਿੱਥੋਂ ਤਕ ਮੰਤਵ ਦਾ ਸੰਬੰਧ ਹੈ, ਵੱਖ ਵੱਖ ਬੁਲਾਰਿਆਂ ਵੱਲੋਂ ਪਹਿਲਾਂ ਹੀ ਪੜਤਾਲੇ ਜਾ ਚੁੱਕੇ ਸਨ। ਕਿਹਾ ਜਾ ਚੁੱਕਿਆ ਸੀ ਕਿ 'ਸਿਰਜਣਾ', 'ਪ੍ਰੀਤਲੜੀ' ਦੇ ਬੰਨ੍ਹੇ ਪੜੁੱਲ ਦੀ ਨਿਰੰਤਰਤਾ ਹੈ। ਇਹ ਸਿਰਫ ਸਬੱਬ ਹੀ ਨਹੀਂ ਹੈ ਕਿ 'ਪ੍ਰੀਤਲੜੀ' ਕਹਿ ਕੇ ਸ. ਗੁਰਬਖਸ਼ ਸਿੰਘ ਕਹਿਣ ਦੀ ਲੋੜ ਨਹੀਂ ਪੈਂਦੀ ਤੇ 'ਸਿਰਜਣਾ' ਤੋਂ ਪਹਿਲਾਂ ਡਾ. ਰਘਬੀਰ ਸਿੰਘ ਨਹੀਂ ਕਹਿਣਾ ਪੈਂਦਾ। ਸਵੈ-ਸਿੱਧ ਹੈ ਕਿ 'ਪ੍ਰੀਤਲੜੀ' ਦੇ 'ਆਧਾਰ' 'ਤੇ 'ਸਿਰਜਣਾ' ਦਾ ਮਿਨਾਰ ਉਸਰਿਆ ਹੈ। ਇਸ ਲਈ ਹੀ ਇਸ ਜਸ਼ਨ ਦਾ ਪ੍ਰੀਤ ਨਗਰ ਵਿਚ ਮਨਾਇਆ ਜਾਣਾ ਇਕ ਵੱਡੇ ਵਰਤਾਰੇ ਦਾ ਸੂਚਕ ਹੈ।

ਦੂਜੀ ਗੱਲ ਪਰਚਾ ਸ਼ੁਰੂ ਕਰਨ ਅਤੇ ਜਾਰੀ ਰੱਖਣ ਦੀ ਲੋੜ ਨਾਲ ਸੰਬੰਧਤ ਸੀ। ਵਿਦਵਾਨ ਬੁਲਾਰਿਆਂ ਨੇ, ਖਾਸ ਤੌਰ 'ਤੇ ਡਾ. ਹਰਭਜਨ ਸਿੰਘ ਭਾਟੀਆ ਨੇ 'ਸਿਰਜਣਾ' ਸ਼ੁਰੂ ਹੋਣ ਦੇ ਸਮੇਂ ਦੇ ਪ੍ਰਸੰਗ ਵਿਚ ਇਸ਼ਾਰੇ ਕੀਤੇ ਸਨ। ਇਹ ਇਸ਼ਾਰੇ ਇਕ ਵਿਚਾਰਧਾਰਕ ਯੁੱਧ ਦੀ ਨਿਸ਼ਾਨਦੇਹੀ ਕਰਦੇ ਹਨ। ਇਕ ਵਡੇਰੀ ਸਾਹਿਤਕ ਜ਼ਿੰਮੇਵਾਰੀ 'ਸਿਰਜਣਾ' ਦੇ ਆਰੰਭ ਕਰਨ ਪਿੱਛੇ ਕਾਰਜਸ਼ੀਲ ਸੀ। ਮੇਰੀ ਅਤੇ ਮੈਥੋਂ ਬਾਅਦ ਵਾਲੀ ਪੀੜ੍ਹੀ ਦੇ ਲੇਖਕਾਂ, ਪਾਠਕਾਂ, ਜਿਨ੍ਹਾਂ ਨੂੰ ਮੈਂ 'ਵਰਤਮਾਨ ਦੇ ਰਾਹੀ' ਕਿਹਾ ਹੈ, ਵਾਸਤੇ ਇਹ ਇਸ਼ਾਰੇ ਬੜੇ ਮਾਅਨਾਖੇਜ਼ ਹਨ। ਸੱਤਵੇਂ ਦਹਾਕੇ ਤਕ 'ਪ੍ਰੀਤਲੜੀ' ਆਪਣੇ ਸਿਖਰ 'ਤੇ ਪਹੁੰਚ ਚੁੱਕੀ ਸੀ। ਇਸ ਨੇ ਪੰਜਾਬ ਦੇ ਵਿਚਾਰਧਾਰਕ ਪਿੜ ਵਿਚ ਇਕ ਵੱਡਾ ਵੱਢ ਮਾਰਦਿਆਂ, ਪ੍ਰਗਤੀਵਾਦੀ ਵਿਚਾਰਧਾਰਾ ਨੂੰ ਪੱਕੇ ਪੈਰੀਂ ਸਥਾਪਤ ਕਰ ਦਿੱਤਾ ਸੀ। ਪ੍ਰਗਤੀਵਾਦੀ ਹੋਣਾ, ਮਾਣਮੱਤਾ ਹੋਣ ਦੀ ਸ਼ਰਤ ਹੀ ਬਣ ਗਿਆ ਸੀ। ਉਦੋਂ ਹੀ ਪ੍ਰਗਤੀਵਾਦ ਦੇ ਖਿਲਾਫ ਇਕ ਵਿਚਾਰਧਾਰਕ ਪਹੁੰਚ ਸਾਹਮਣੇ ਆਈ। ਪ੍ਰਯੋਗਵਾਦ। 'ਪ੍ਰੀਤਲੜੀ' ਨੇ ਆਪਣਾ ਰੋਲ ਨਿਭਾ ਦਿੱਤਾ ਸੀ ਅਤੇ ਉਸ ਦੇ ਕੀਤੇ ਨੂੰ ਬਚਾਈ ਰੱਖਣ ਅਤੇ ਅੱਗੇ ਤੋਰਨ ਲਈ ਪ੍ਰਯੋਗਵਾਦ ਦੀ ਲਹਿਰ ਦਾ ਮੁਕਾਬਲਾ ਕਿਸੇ ਵੱਖਰੇ ਫਰੰਟ ਤੋਂ ਕੀਤਾ ਜਾਣਾ ਜ਼ਰੂਰੀ ਸੀ। 'ਸਿਰਜਣਾ' ਉਹ ਫਰੰਟ ਸੀ।ਇਸ ਫਰੰਟ 'ਤੇ ਦਿਖਾਈ ਕਿਸੇ ਕਿਸਮ ਦੀ ਢਿੱਲ ਨੇ ਪ੍ਰਗੀਤੀਵਾਦੀ ਵਿਚਾਰਧਾਰਾ ਨੂੰ ਦੁਖਦਾਈ ਸੱਟ ਮਾਰਨੀ ਸੀ। ਸਮੇਂ ਨੇ ਇਸ ਲਈ ਡਾ. ਰਘਬੀਰ ਸਿੰਘ ਨੂੰ ਚੁਣ ਲਿਆ ਸੀ।

ਨਜਿੱਠਣ ਲਈ ਇਕ ਹੋਰ ਮਸਲਾ ਵੀ ਸੀ। ਵਿਚਾਰਧਾਰਾਵਾਂ ਦੇ ਵਖਰੇਵੇਂ ਅਕਸਰ ਵਿਰੋਧ ਦਾ ਰੂਪ ਧਾਰਨ ਕਰ ਜਾਂਦੇ ਹਨ। ਸਿੱਧਾ ਰਾਹ ਤਾਂ ਪ੍ਰਯੋਗਵਾਦ ਅਤੇ ਇਸ ਤਰ੍ਹਾਂ ਦੀਆਂ ਹੀ ਹੋਰ ਲਹਿਰਾਂ ਨੂੰ 'ਟੱਕਰਨਾ' ਬਣਦਾ ਸੀ। ਸੌਖਾ ਵੀ ਸੀ ਕਿਉਂਕਿ ਇਸ ਨਾਲ 'ਸਿਰਜਣਾ' ਨੂੰ ਬਣੇ ਬਣਾਏ ਸਹਿਯੋਗੀ ਤੇ ਇੱਥੋਂ ਤੱਕ ਕਿ ਪੈਰੋਕਾਰ ਵੀ ਉਪਲਬਧ ਹੋ ਜਾਣੇ ਸਨ। ਬੇ-ਸ਼ੱਕ ਡਾ. ਰਘਬੀਰ ਸਿੰਘ ਤੇ ਮੁੱਢਲੇ ਸਹਿਯੋਗੀ, ਪ੍ਰਗਤੀਵਾਦ ਤੋਂ ਵੀ ਅਗਾਂਹ ਮਾਰਕਸਵਾਦ ਨੂੰ ਪ੍ਰਣਾਏ ਹੋਏ ਸਨ, ਪਰ ਉਹਨਾ ਨੇ ਪੰਜਾਬ ਦੀ 'ਗੋਸ਼ਟਿ ਪਰੰਪਰਾ' ਦੇ ਬਾਨੀ ਗੁਰੂ ਨਾਨਕ ਦੇਵ ਜੀ ਨੂੰ ਵੀ ਪੜ੍ਹਿਆ ਵਾਚਿਆ ਹੋਇਆ ਸੀ। ਇਸ ਲਈ 'ਟਕਰਾਅ' ਦੀ ਥਾਂ ਸੰਵਾਦ ਦੀ ਵਿਧਾ ਨੂੰ ਚੁਣਿਆ ਗਿਆ। ਦੇਖਣ ਨੂੰ ਸਹਿਜ ਲਗਦੀ ਇਹ ਗੱਲ ਅਸਲ ਵਿਚ ਨਿੱਠ ਕੇ ਵਿਚਾਰਿਆ-ਵਾਚਿਆ ਸੁਚੇਤ ਫੈਸਲਾ ਸੀ ਜਿਸਨੇ ਹੋਰ ਵੀ ਵਡੇਰੀ ਸਮਝਦਾਰੀ ਦੀ ਮੰਗ ਕਰਨੀ ਸੀ। ਇਸ ਦੀ ਅਣਹੋਂਦ ਵਿਚ, ਜਿਵੇਂ ਕਿ ਉਸ ਦਿਨ ਬੁਲਾਰਿਆਂ ਨੇ ਕਿਹਾ, ਪਰਚੇ ਦੀ ਸਮਝ ਨੂੰ 'ਮੈਂ ਠੀਕ ਹਾਂ' ਤੋਂ ਸ਼ੁਰੂ ਹੋ ਕੇ 'ਮੈਂ ਹੀ ਠੀਕ ਹਾਂ' ਤਕ ਦਾ ਸਫਰ ਤੈਅ ਕਰਦਿਆਂ ਦੇਰ ਨਹੀਂ ਸੀ ਲੱਗਣੀ। ਨਾ 'ਸਿਰਜਣਾ' ਨੇ ਸਮੇਂ ਦਾ ਹਾਣੀ ਹੋ ਸਕਣਾ ਸੀ

ਅਤੇ ਨਾ ਹੀ ਉਸ ਨਿੱਗਰ ਮਾਨਵਵਾਦ ਦਾ ਪਹਿਰੇਦਾਰ ਤੇ ਵਾਹਨ ਹੋ ਸਕਣਾ ਸੀ ਜਿਸ ਲਈ ਇਸ ਨੇ ਵਰਤਮਾਨ ਤੇ ਭਵਿੱਖ ਵਿਚ ਜਾਣਿਆ ਜਾਣਾ ਹੈ। ਸ਼ਾਇਦ ਇਸ ਨੰ ਸ਼ੁਰੂ ਕਰਨ ਵਾਲੇ ਜਾਣਦੇ ਸਨ ਕਿ ਅੱਤਿ ਖੱਬੇ ਅਤੇ ਅੱਤਿ ਸੱਜੇ ਦੇ ਬਿਆਨੀਏ ਨਾਲੋਂ ਇਕ ਜ਼ਰੂਰੀ ਵਿੱਥ ਸਿਰਜਣੀ ਪੈਣੀ ਸੀ:

*ਦਿਲੋਂ ਕੀ ਮੁਸ਼ਕਿਲੇਂ ਬੜ੍ਹਤੀ ਰਹੇਂਗੀ*
*ਅਗਰ ਹਮ ਮਸ਼ਵਰੇ-ਬਾ ਨਾ ਹੁਏ*

ਨਿੱਜੀ ਗੱਲਬਾਤ ਵਿਚ ਸਿਆਣੇ ਬੰਦੇ, ਵਿਚਾਰਧਾਰਕ ਪਹੁੰਚ ਤੋਂ ਬਿਨਾਂ ਇਕ ਹੋਰ ਵੱਡੀ ਚੁਣੌਤੀ ਬਾਰੇ ਵੀ ਗੱਲ ਕਰਦੇ ਸਨ। ਪੰਜਾਬੀ ਸੂਬੇ ਲਈ ਲੜਾਈ ਆਪਣੇ ਸਿਖਰ 'ਤੇ ਸੀ।ਉਸ ਵੇਲੇ ਦੀਆਂ ਸੰਪਾਦਕੀਆਂ ਗਵਾਹ ਨੇ ਕਿ 'ਸਿਰਜਣਾ' ਨੇ ਉਸ ਫਿਰਕੇਦਾਰਾਨਾ ਮਾਹੌਲ ਵਿਚ ਆਪਣੀ ਵਿਚਾਰਧਾਰਕ ਜ਼ਮੀਨ ਕਿਵੇਂ ਬਚਾਈ ਰੱਖੀ ਅਤੇ ਪੰਜਾਬੀ ਮਾਂ-ਬੋਲੀ ਦੇ ਹੱਕ 'ਚ ਆਵਾਜ਼ ਵੀ ਬੁਲੰਦ ਰੱਖੀ। ਪਰ ਇਹ ਤਾਂ ਸਿਰਫ ਆਰੰਭ ਸੀ। ਅਜੇ ਤਾਂ ਨਕਸਲਬਾੜੀ ਲਹਿਰ ਅਤੇ ਐਮਰਜੰਸੀ ਨੇ ਅਖਬਾਰਾਂ, ਸਾਹਿਤਕ ਮੈਗਜ਼ੀਨਾਂ ਦੇ ਸੰਪਾਦਕਾਂ ਦੇ ਸੰਤੁਲਨ ਅਤੇ ਇਨਸਾਫ ਲਈ ਹਾਅ ਦਾ ਨਾਹਰਾ ਮਾਰਨ ਦੇ ਮਾਦੇ ਨੂੰ ਪਰਖਣਾ ਸੀ। ਐਮਰਜੰਸੀ ਖਤਮ ਹੋਈ ਤਾਂ 1978 ਦੀ ਵਿਸਾਖੀ ਤੋਂ ਇਕ ਨਵਾਂ ਘੋਲ਼ ਸ਼ੁਰੂ ਹੋ ਗਿਆ। ਲੜਨ ਵਾਲੀਆਂ ਧਿਰਾਂ ਤੇ ਸੱਤਾ ਨਾਲੋਂ ਵਿਚਾਰਧਾਰਕ ਵਿੱਥ ਵੀ ਬਣਾਈ ਰੱਖਣੀ ਤੇ ਮਾਨਵਵਾਦ ਦੀ ਸੁਚੱਜੀ ਪਹਿਰੇਦਾਰੀ ਵੀ ਕਰਨੀ, ਕਸੀ ਹੋਈ ਰੱਸੀ 'ਤੇ ਤੁਰਨ ਬਰਾਬਰ ਸੀ। ਇੱਥੇ ਇਕ ਵਾਰ ਫੇਰ ਅਕੀਦਿਆਂ ਅਤੇ ਪਹੁੰਚਾਂ ਪ੍ਰਤੀ ਸਪਸ਼ਟਤਾ ਨੇ 'ਬੈਲੈਂਸਿੰਗ ਬੰਬੂ' ਬਣ ਕੇ 'ਸਿਰਜਣਾ' ਦੀ ਮਦਦ ਕੀਤੀ।

ਉਪਰੋਕਤ ਸਾਰੀਆਂ ਚੁਣੌਤੀਆਂ, ਅਵਸਰਾਂ ਅਤੇ ਵਿਚਾਰਧਾਰਕ ਵਸੀਲਿਆਂ ਨਾਲ ਜੂਝਣ ਅਤੇ ਉਹਨਾਂ ਨੂੰ ਲੋਕਾਂ ਦੀ ਸਮਝ ਦਾ ਹਿੱਸਾ ਬਣਾਉਣ ਲਈ ਸਾਹਿਤਕ ਪਰਚੇ ਦਾ ਇਕੋ ਇਕ 'ਹਥਿਆਰ' ਉਸ ਦੀ ਛਪਣ-ਸਮੱਗਰੀ ਹੁੰਦਾ ਹੈ। 'ਸਿਰਜਣਾ' ਪੰਜਾਬ ਦੀ ਇਸ ਵਿਰਾਸਤ ਬਾਰੇ ਵੀ ਸੁਚੇਤ ਸੀ ਕਿ ਪੰਜਾਬੀ ਰਚਣ-ਪਰੰਪਰਾ, ਸਾਹਿਤ ਤੇ ਚਿੰਤਨ ਨੂੰ ਇਕ- ਸੁਰ ਰੱਖਦੀ ਆਈ ਹੈ। ਇਸ ਪਰੰਪਰਾ ਵਿਚ ਦੂਜੇ ਨੂੰ ਸੁਣਨਾ, ਸਮਝਣਾ ਤੇ ਅ-ਸਹਿਮਤੀ ਦੀ ਗੁੰਜਾਇਸ਼ ਬਣਾਈ ਰੱਖਣੀ, ਅ-ਸਹਿਮਤ ਹੋਣ ਦਾ ਹੱਕ ਦੇਣਾ, ਲਾਜ਼ਮੀ ਸ਼ਰਤ ਸੀ। ਇਸ ਦਾ ਇਕ ਫਾਇਦਾ ਤਾਂ ਇਹ ਹੋਇਆ ਕਿ 'ਸਿਰਜਣਾ' ਵਿਚ ਰਚਨਾਵਾਂ ਦਾ ਘੇਰਾ ਵਿਸ਼ਾਲ ਹੋਇਆ ਤੇ ਦੂਜੇ ਪਾਸੇ ਰਚਨਾਵਾਂ ਦੀ ਵੰਨ-ਸੁਵੰਨਤਾ ਬਣੀ ਰਹੀ। 'ਸਿਰਜਣਾ' ਨੇ ਸਾਹਿਤਕ ਵਿਧਾਵਾਂ ਵਿਚੋਂ ਕਹਾਣੀ ਦੀ ਚੋਣ ਕੀਤੀ।ਬੇ-ਸ਼ੱਕ ਬਾਕੀ ਵਿਧਾਵਾਂ ਨੂੰ ਵੀ ਬਣਦੀ ਥਾਂ ਦਿੱਤੀ ਗਈ। ਬਹੁਤ ਸਾਰੀਆਂ ਬਿਹਤਰੀਨ ਕਵਿਤਾਵਾਂ, ਨਿਬੰਧ ਅਤੇ ਸਮੀਖਿਆਵਾਂ 'ਸਿਰਜਣਾ' ਵਿਚ ਛਪੀਆਂ। ਡਾ. ਜਸਵਿੰਦਰ ਸਿੰਘ ਨੇ ਆਪਣੀ ਕਹਾਣੀ 'ਸਿਰਜਣਾ' ਵਿਚ ਛਪਣ ਦੇ ਅਹਿਸਾਸ ਨੂੰ ਸਾਂਝਿਆਂ ਕਰਦਿਆਂ ਕਿਹਾ ਕਿ ਕਹਾਣੀ 'ਸਿਰਜਣਾ' ਵਿਚ ਛਪ ਜਾਣਾ ਇਕ ਤਰ੍ਹਾਂ 'ਕਹਾਣੀਕਾਰ' ਹੋਣ ਦਾ ਸਰਟੀਫਿਕੇਟ ਹੀ ਬਣ ਗਿਆ ਹੈ। 'ਪੰਜਾਬੀ ਟ੍ਰਿਬਿਊਨ' ਦੇ ਮੌਜੂਦਾ ਸੰਪਾਦਕ ਨਾਟਕਕਾਰ ਡਾ. ਸਵਰਾਜਬੀਰ ਸੁਣਨ ਵੇਲੇ ਵੀ ਅਤੇ ਬੋਲਣ ਵੇਲੇ ਵੀ ਉਸ ਭਾਵੁਕਤਾ ਨੂੰ ਦਰਸਾਉਂਦੇ ਰਹੇ ਜਿਸ ਦਾ ਖਾਸਾ ਅੰਸ਼ ਹਰੇਕ ਸਰੋਤਾ ਆਪਣੇ ਅੰਦਰ ਮਹਿਸੂਸ ਕਰ ਰਿਹਾ ਸੀ। ਜਗੀਰ ਸਿੰਘ ਜਗਤਾਰ ਦਾ ਵੱਡੀ ਉਮਰ ਵਿਚ, ਸਿਹਤ ਨਾ-ਸਾਜ਼ ਹੋਣ ਦੇ ਬਾਵਜੂਦ ਹਾਜ਼ਰ ਹੋਣਾ, ਯਾਦਾਂ ਸਾਂਝੀਆਂ ਕਰਨੀਆਂ ਅਤੇ ਆਪਣੇ ਆਪ ਨੂੰ ਉਸ ਸ਼੍ਰੇਣੀ ਵਿਚ ਰੱਖਣਾ ਜਿਹੜੀ ਬੂਟਾ ਲਾ ਕੇ, ਪਾਣੀ ਪਾਉਣੋਂ ਖੁੰਝ ਜਾਂਦੀ ਹੈ, ਸਰੋਤਿਆਂ ਨੂੰ ਹੋਰ ਵੱਧ ਭਾਵੁਕ ਕਰ ਗਿਆ। ਕਵੀ ਸੁਰਿੰਦਰ ਗਿੱਲ ਦਾ ਆਪਣੇ ਆਪ 'ਤੇ ਹੱਸਣਾ, 'ਸਿਰਜਣਾ' ਦੇ ਸਿਰਜਕਾਂ ਦੀਆਂ ਆਪਸੀ ਸਾਂਝਾਂ ਅਤੇ ਭਰੋਸੇ ਦਾ ਗਵਾਹ ਸੀ। ਸੁਕੀਰਤ ਦੀ ਮੇਜ਼ਬਾਨੀ ਅਤੇ ਡਾ. ਸਿਰਜਣਾ ਵਰਗੀ ਗੰਭੀਰ ਸਖਸ਼ੀਅਤ ਨੂੰ ਇਸ ਤਰ੍ਹਾਂ 'ਚਾਅ ਮੱਚੇ' ਦੇਖਣਾ ਦੁਰਲੱਭ ਸਮਿਆਂ ਦੀ ਗੱਲ ਹੋ ਨਿਬੜੀ। ਗੁਲਜ਼ਾਰ ਸਿੰਘ ਸੰਧੂ ਹੋਰਾਂ ਦੇ ਦਿਲਚਸਪ ਕਿੱਸੇ ਮੇਰੇ ਵਰਗੇ ਕਈਆਂ ਨੂੰ, ਕਨੇਡਾ

ਬੈਠੇ ਵਰਿਆਮ ਸਿੰਘ ਸੰਧੂ ਵਰਗੇ 'ਕਿੱਸਾ ਗੋ' ਦੀ ਗੈਰ-ਹਾਜ਼ਰੀ ਯਾਦ ਕਰਵਾ ਗਏ।

ਸਰੋਤਿਆਂ ਵਿਚ ਵੱਡੀ ਗਿਣਤੀ ਵਿਚ ਹਾਜ਼ਰ ਸਰੋਤੇ ਅਜਿਹੇ ਸਨ ਜਿਹੜੇ ਸੌਵੇਂ ਅੰਕ ਦੇ ਜਸ਼ਨ ਸਮੇਂ ਵੀ ਪੰਜਾਬੀ ਯੂਨੀਵਰਸਿਟੀ ਵਿਚ ਹਾਜ਼ਰ ਸਨ। ਉਦੋਂ ਡਾ. ਰਘਬੀਰ ਸਿੰਘ ਸਿਰਜਣਾ ਨੇ ਐਲਾਨ ਕੀਤਾ ਸੀ ਕਿ ਇਸ ਤੋਂ ਬਾਅਦ 'ਸਿਰਜਣਾ' ਦੇ ਹੋਰ ਬਹੁਤੇ ਅੰਕ ਸ਼ਾਇਦ ਸੰਭਵ ਨਾ ਹੋਣ, ਤਾਂ ਉਦੋਂ ਵੀ ਸਟੇਜ ਸੰਚਾਲਕ ਡਾ. ਸਤੀਸ਼ ਵਰਮਾ ਨੇ ਕਿਹਾ ਸੀ ਕਿ ਅਜਿਹੀ ਕੋਈ ਗੱਲ ਦੋ ਸੌਵੇਂ ਅੰਕ ਤੋਂ ਬਾਅਦ ਸੁਣਾਂਗੇ। ਉਹਨਾਂ ਦੀ ਭਵਿੱਖਬਾਣੀ ਸੱਚ ਸਾਬਤ ਹੋਈ। ਪਤਾ ਵੀ ਨਹੀਂ ਲੱਗਿਆ ਕਿ ਦੋ ਸੌਵਾਂ ਅੰਕ ਕਦੋਂ ਆ ਪਹੁੰਚਿਆ ਜਦ ਕਿ ਸੰਪਾਦਕ ਉਦੋਂ ਦੇ ਮੁਕਾਬਲੇ ਭੋਰਾ ਵੱਧ ਚੁਸਤ ਫੁਰਤ ਦਿਖਾਈ ਦੇ ਰਹੇ ਸਨ। ਇਸ ਵਾਰ ਡਾ. ਸਤੀਸ਼ ਵਰਮਾ ਨੇ ਸੈਂਕੜੇ ਨੂੰ ਚਾਰ ਹਿਸਿਆਂ ਵੰਡਿਆ ਤੇ ਕਿਹਾ ਕਿ 'ਸਿਰਜਣਾ' ਦੇ 'ਸਵਾ ਦੋ ਸੌਵੇਂ' ਅੰਕ ਦੇ ਜਸ਼ਨ ਵੀ ਡਾ. ਸਿਰਜਣਾ ਦੀ ਰਹਿਨੁਮਾਈ ਹੇਠ ਇੰਨੇ ਹੀ ਜੋਸ਼ ਖਰੋਸ਼ ਨਾਲ ਮਨਾਏ ਜਾਣਗੇ। ਇਕ ਦੁਆ ਸਰੋਤੇ ਇਹ ਵੀ ਕਰ ਰਹੇ ਹੋਣਗੇ ਕਿ ਸਾਰੇ ਸਮਾਗਮ ਦੌਰਾਨ ਡਾ. ਸਤੀਸ਼ ਵਰਮਾ ਅਤੇ ਗੁਰਭਜਨ ਗਿੱਲ ਦਰਮਿਆਨ ਲਗਾਤਾਰ ਚੱਲਦੀ ਰਹੀ ਦੋਸਤਾਨਾ ਨੋਕ ਝੋਕ ਇਸੇ ਤਰ੍ਹਾਂ ਸੁਣਨ/ਮਾਨਣ ਨੂੰ ਮਿਲੇ। ਇੰਨੀਆਂ ਰੂਹਾਂ ਦੇ ਸਾਥ ਦਾ ਨਿੱਘ ਅਗਲੇ ਜਸ਼ਨ ਦੀ ਉਡੀਕ ਨੂੰ ਸੌਖਿਆਂ ਕਰ ਦੇਵੇਗਾ। ਓਥੇ ਹੋਰ ਬੜਾ ਕੁਝ ਸੀ, ਪਰ ਜਿਵੇਂ ਕਿਸੇ ਬੁਲਾਰੇ ਨੇ ਕਿਹਾ ਸੀ:

*ਮੈਨੇ ਉਨਕੋ ਦੇਖਾ ਜਿਤਨਾ ਦੇਖਾ ਜਾ ਸਕਤਾ ਥਾ*
*ਲੇਕਿਨ ਇਨ ਦੋ ਆਂਖੋਂ ਸੇ ਕਿਤਨਾ ਦੇਖਾ ਜਾ ਸਕਤਾ ਥਾ! 000*

***(ਪਿੰਡ ਬੂਥਗੜ੍ਹ, ਤਹਿਸੀਲ ਖੰਨਾ, ਜ਼ਿਲ੍ਹਾ ਲੁਧਿਆਣਾ***
***ਫ਼ੋਨ +91-94644-18200 ਈਮੇਲ: bgrewal60@yahoo.co.in)***

## *ਉਦਾਸ ਖਬਰਾਂ*

*ਪਿਛਲੇ ਦਿਨਾਂ ਵਿਚ ਪੰਜਾਬੀ ਦੇ ਨਾਮਵਰ ਸਿਰਜਕ ਤੇ ਵਿਦਵਾਨ ਗੁਰਦੇਵ ਰੁਪਾਣਾ, ਮੋਹਨ ਭੰਡਾਰੀ, ਫਤਹਿਜੀਤ ਅਤੇ ਡਾ. ਕਰਨੈਲ ਸਿੰਘ ਥਿੰਦ ਸਦੀਵੀ ਵਿਛੋੜਾ ਦੇ ਗਏ ਹਨ। ਇਹਨਾਂ ਸਭਨਾ ਨੇ ਆਪਣੀ ਸਰਗਮੀ ਦੇ ਖੇਤਰਾਂ ਵਿਚ ਪੰਜਾਬੀ ਸਾਹਿਤ, ਸਭਿਆਚਾਰ ਅਤੇ ਸਮਾਜ ਨੂੰ ਵੱਡੀ ਦੇਣ ਦਿੱਤੀ। ਰੁਪਾਣਾ ਅਤੇ ਭੰਡਾਰੀ ਦੋਵੇਂ ਸਾਡੀ ਜ਼ੁਬਾਨ ਦੇ ਪ੍ਰਮੁੱਖ ਕਹਾਣੀਕਾਰ ਸਨ। ਦੋਨਾਂ ਨੂੰ ਹੀ ਕਹਾਣੀ ਰਚਨਾ ਲਈ ਭਾਰਤੀ ਸਾਹਿਤ ਅਕਾਦਮੀ ਦੇ ਪੁਰਸਕਾਰ ਨਾਲ ਸਨਮਾਨਿਆ ਗਿਆ ਸੀ, ਜਦਕਿ ਰੁਪਾਣਾ ਨੇ ਪੰਜਾਬੀ ਗਲਪ ਲਈ ਅੰਤਰਰਾਸ਼ਟਰੀ ਢਾਹਾਂ ਇਨਾਮ ਵੀ ਹਾਸਲ ਕੀਤਾ ਸੀ। ਫਤਹਿਜੀਤ ਕ੍ਰਾਂਤੀਕਾਰੀ ਮਾਨਵਵਾਦੀ ਚੇਤਨਾ ਵਾਲਾ ਬਹੁਤ ਹੀ ਸਮਰੱਥ ਕਵੀ ਤੇ ਅਤਿਅੰਤ ਸਾਊ ਮਨੁੱਖ ਸੀ। ਡਾ. ਕਰਨੈਲ ਸਿੰਘ ਥਿੰਦ ਨੇ ਸਾਰੀ ਉਮਰ ਪੰਜਾਬੀ ਅਕਾਦਮਿਕਤਾ ਦੇ ਲੇਖੇ ਲਾਈ ਅਤੇ ਯੂਨੀਵਰਸਿਟੀ ਪੱਧਰ ਉਪਰ ਪੰਜਾਬੀ ਲੋਕ ਧਾਰਾ ਦੇ ਅਧਿਐਨ, ਅਧਿਆਪਨ ਤੇ ਖੋਜ ਨੂੰ ਨਵੀਆਂ ਦਿਸ਼ਾਵਾਂ ਦਿੱਤੀਆਂ। ਇਹਨਾਂ ਸਭਨਾਂ ਦੇ ਵਿਛੋੜੇ 'ਤੇ ਡੂੰਘਾ ਦੁੱਖ ਮਹਿਸੂਸ ਕਰਦੇ ਹੋਏ ਅਸੀਂ ਇਹਨਾਂ ਦੀ ਦੇਣ ਦਾ ਸਤਿਕਾਰ ਕਰਦੇ ਹਾਂ।*

## *ਮੁਬਾਰਕ ਖਬਰਾਂ*

*ਸਾਲ 2021 ਦਾ ਅੰਤਰਰਾਸ਼ਟਰੀ ਢਾਹਾਂ ਸਾਹਿਤ ਇਨਾਮ ਲਹਿੰਦੇ ਪੰਜਾਬ ਦੇ ਲੇਖਕ ਨੈਣ ਸੁਖ ਨੂੰ ਉਹਨਾਂ ਦੀ ਕਹਾਣੀਆਂ ਦੀ ਪੁਸਤਕ 'ਸੱਪ, ਤ੍ਰਾਹ ਤੇ ਜੋਗੀ' ਨੂੰ ਮਿਲਿਆ ਹੈ। ਦੂਜੇ ਸਥਾਨ 'ਤੇ ਇਹ ਇਨਾਮ ਬਲਬੀਰ ਮਾਧੋਪੁਰੀ ਨੂੰ ਉਸਦੇ ਨਾਵਲ 'ਮਿੱਟੀ ਬੋਲ ਪਈ' ਅਤੇ ਸਰਘੀ ਜੰਮੂ ਨੂੰ ਉਸਦੇ ਕਹਾਣੀ ਸੰਗ੍ਰਹਿ 'ਆਪਣੇ ਆਪਣੇ ਮਰਸੀਏ' ਉੱਤੇ ਮਿਲਿਆ ਹੈ। ਤਿੰਨੇ ਹੀ ਲੇਖਕਾਂ ਨੂੰ ਇਸ ਵੱਡੇ ਇਨਾਮ ਦੀ ਪ੍ਰਾਪਤੀ ਉੱਤੇ ਢੇਰ ਮੁਬਾਰਕਾਂ।*

# ਅਰਘ: ਕਹਾਣੀ: ਜਤਿੰਦਰ ਸਿੰਘ ਹਾਂਸ

ਜਿਵੇਂ ਪੈਨੀ ਆਂ, ਉਵੇਂ ਉੱਠ ਖੜ੍ਹਦੀ ਆਂ।

ਆਖੇ, ਉਹ ਉਹਦੇ ਨਾਲ ਸੁੱਤਾ, ਨਾ ਕੁੱਝ ਲਿਆ, ਨਾ ਕੁੱਝ ਦਿੱਤਾ।

ਪਾਸੇ ਪਰਤ-ਪਰਤ ਥੱਕ ਗਈ ਆਂ, ਅਜੇ ਰਾਤ ਅੱਧੀ ਹੀ ਲੰਘੀ ਆ। 'ਡਨਲੱਪ' ਦੇ ਗੱਦਿਆਂ 'ਤੇ ਵਿਛੀ ਰੇਸ਼ਮੀ ਵਿਛਾਈ 'ਤੇ ਪਈ, ਜਿਵੇਂ ਸੂਲ਼ਾਂ 'ਤੇ ਪਈ ਹੋਵਾਂ।

ਦੀਪਕ ਮੇਰੇ ਵੱਲ ਪਿੱਠ ਕਰੀਂ ਪਿਆ। ਉਹਦੇ ਘਰਾੜੇ ਗੋਲ਼ੀਆਂ ਵਾਂਗ ਸਿਰ 'ਚ ਵੱਜ ਰਹੇ ਨੇ।

ਮੇਨ ਬਜ਼ਾਰ 'ਚ 'ਗੋਇਲ ਦੀ ਹੱਟੀ' ਸਾਡੀ ਦੁਕਾਨ ਆ। ਸਾਰਾ ਦਿਨ ਦੁਕਾਨ 'ਤੇ ਗਾਹਕਾਂ ਦੀ ਛਿੱਲ ਲਾਹੁਣੀ। ਘਰੇ ਆ ਕੇ ਅੰਨ ਦੇ ਵੈਰੀ ਬਣ ਕੇ ਉਹਤੇ ਟੁੱਟ ਪੈਣਾ, ਅਤੇ ਘਰਾੜੇ ਮਾਰ-ਮਾਰ ਮੇਰੀ ਨੀਂਦ-ਚੈਨ ਹਰਾਮ ਕਰਨਾ, ਇਹੀ ਇਹਦੀ ਜ਼ਿੰਦਗੀ ਆ।

ਸਾਰੀ ਤਿਆਰੀ ਕਰ, ਅੱਜ ਸੂਰਜ ਚੜ੍ਹਨ ਤੋਂ ਪਹਿਲਾਂ ਹੀ 'ਕਰਵਾ ਚੌਥ' ਦਾ ਵਰਤ ਰੱਖ ਲਿਆ ਸੀ। ਮੇਰੀ ਸਿਰ ਸੜੀ ਸੱਸ ਕਹਿੰਦੀ, "ਮਰਿਆਦਾ ਨਾਲ ਰੱਖੀਂ ਵਰਤ। ਜੇ ਕੋਈ ਭੰਗਣਾ ਪੈ ਜਾਵੇ, ਦੇਵੀ ਕਰੋਪ ਹੋ ਜਾਂਦੀ ਆ। ਪਤੀ ਨੂੰ ਦੁੱਖ ਮਿਲਦਾ।"

ਤੀਜੇ ਪਹਿਰ ਭੁੱਖ-ਪਿਆਸ ਨਾਲ ਜਾਨ ਨਿੱਕਲ਼ੇ। ਪਰਹੋਤਣੀ 'ਵੀਰਾਂਵਾਲੀ' ਦੀ ਕਥਾ ਸੁਣਾ ਕੇ ਦਾਨ-ਦੱਛਣਾ ਲੈ ਕੇ ਚਲੀ ਗਈ। ਸੱਸ ਨੇ ਮੈਨੂੰ ਪਾਣੀ ਹੀ ਪੀਣ ਦਿੱਤਾ। ਇਸ ਘੋਗਲ਼ ਕੰਨੇ ਲਈ ਸਾਰਾ ਦਿਨ ਭੁੱਖੀ ਮਰੀ।

ਬੱਦਲਵਾਈ ਕਰਕੇ ਚੰਦ ਦੇਰ ਨਾਲ ਦਿਸਿਆ। 'ਕਰੂਆ' ਤੇ 'ਬੋਹੀਆ' ਦੀ ਥਾਲੀ ਲੈ ਕੇ ਮੈਂ ਛੱਤ 'ਤੇ ਜਾ ਚੜ੍ਹੀ। ਦੀਪਕ ਦੁਕਾਨ ਤੋਂ ਦੇਰ ਨਾਲ ਆਇਆ। ਤਿਹਾਰ ਕਰਕੇ ਗਾਹਕੀ ਬਹੁਤੀ ਸੀ। ਮੈਂ ਬਣੀ-ਠਣੀ ਉਹਦੇ ਅੱਗੇ ਖੜ੍ਹੀ, ਉਬਾਸੀਆਂ ਲੈਂਦਾ ਬੋਲਿਆ, "ਰਾਧੇ ..ਰਾਅਧੇ, ਮੰਦੀ ਪਈ ਹੋਈ ਆ, ਅੱਜ ਤਿਹਾਰ ਦੇ ਦਿਨ ਵੀ ਏਨੀ ਵੱਟਤ ਨਹੀਂ ਹੋਈ। ਜੋ ਵੱਟਿਆ ਸੋਈ ਖੱਟਿਆ। ਦੁਕਾਨਦਾਰ ਦੇ ਤਾਂ ਚਿੱਤੜਾਂ ਨੂੰ ਭਾਗ ਹੁੰਦੇ ਨੇ। ਸਾਰਾ ਦਿਨ ਦੁਕਾਨ 'ਤੇ ਮਰਦੇ ਆਂ, ਤਾਂ ਰੋਟੀ ਚਲਦੀ ਆ।"

'ਵੇ ਤੇਰੀ ਸੜਜੇ ਮੰਦੀ'। ਮੈਂ ਮਨ ਵਿਚ ਕਿਹਾ।

ਛਾਲਣੀ ਵਿਚ ਚੰਦ ਤੇ ਦੀਪਕ ਨੂੰ ਦੇਖਿਆ। ਉਹ ਰਸਮਾਂ ਪੂਰੀਆਂ ਹੋਣ ਤੋਂ ਪਹਿਲਾਂ ਹੀ ਛੱਤ ਤੋਂ ਉੱਤਰ ਗਿਆ। ਮੇਰੇ ਨਵੇਂ ਸੂਟ, ਗਹਿਣੇ, ਬਿਊਟੀ ਪਾਰਲਰ ਤੋਂ ਖਿੱਚੀ ਤਿਆਰੀ ਵੱਲ ਧਿਆਨ ਏ ਨਹੀਂ ਦਿੱਤਾ। ਕਾਸ਼ ਕਹਿ ਦਿੰਦਾ, 'ਉੱਪਰ ਕਿਹੜਾ ਚੰਦ ਆ, ਚੰਦ ਤਾਂ ਤੂੰ ਆਂ।' ਮੇਰੀ ਕੀਤੀ ਤਪੱਸਿਆ ਰਾਸ ਆ ਜਾਂਦੀ।

ਮੈਂ ਕਰਵੇ ਵਿਚ ਪਈ ਕੱਚੀ ਲੱਸੀ ਰਾਹੀਂ ਚੰਦ ਦੇ ਪਰਛਾਵੇਂ ਨੂੰ ਦੇਖਿਆ। ਚੰਦ ਨੂੰ ਅਰਘ ਚੜ੍ਹਾਇਆ। ਦੀਪਕ ਦਾ ਮੂੰਹ ਯਾਦ ਆਇਆ, ਮੇਰੇ ਪੈਰਾਂ ਕੋਲ਼ ਕਰੂਆ ਟੁੱਟਿਆ ਪਿਆ ਸੀ।

ਬੋਹੀਏ ਆਲ਼ੀ ਥਾਲੀ ਸੱਸ ਨੂੰ ਦਿੱਤੀ। ਮੇਰੇ ਪੇਕਿਆਂ ਦਾ ਦਿੱਤਾ, ਨਵਾਂ ਸੂਟ ਦੇਖ ਉਹਦੀਆਂ ਵਾਛਾਂ ਖਿਲ ਗਈਆਂ ਸੀ।

ਦੀਪਕ ਦੇ ਨੇੜੇ ਹੋ ਕੇ ਲੱਤ ਉਹਦੀਆਂ ਲੱਤਾਂ 'ਤੇ ਧਰ ਦਿੰਦੀ ਹਾਂ। ਬਾਂਹ ਉਹਦੇ ਦੁਆਲੇ ਬਲ਼ ਲੈਂਦੀ ਆ। ਕੁੰਭਕਰਨ ਘੋੜੇ ਵੇਚ ਕੇ ਸੁੱਤਾ ਪਿਆ। ਮੈਨੂੰ ਨੀਂਦ ਦੀਆਂ ਗੋਲ਼ੀਆਂ ਖਾ ਕੇ ਵੀ ਨੀਂਦ ਨਹੀਂ ਆਉਂਦੀ। ਮੇਰਾ ਸਰੀਰ ਧੁੱਖ ਰਿਹਾ, ਮੱਚ ਰਿਹਾ, ਉਹਦਾ ਸਰੀਰ ਜਿਵੇਂ ਬਰਫ਼ ਦੀ ਸਿੱਲ ਹੋਵੇ। ਸੇਕ ਦਾ ਉਸ ਸਿੱਲ 'ਤੇ ਕੋਈ ਅਸਰ ਨਹੀਂ। ਪਾਸਾ ਪਰਤ ਕੇ ਸਿਰਹਾਣੇ ਨੂੰ ਬਾਹਾਂ ਵਿਚ ਘੁੱਟ ਲੈਂਦੀ ਹਾਂ। ਇਹ ਨਿੱਘਾ ਹੈ। ਘੁੱਟ ਕੇ ਅੱਖਾਂ ਮੀਚ ਲੈਂਦੀ ਹਾਂ। ਅੱਖਾਂ ਮੀਚਣ ਨਾਲ ਨੀਂਦ ਥੋੜ੍ਹੋ ਆ ਜਾਂਦੀ ਆ। ਦੀਪਕ ਦੇ ਘਰਾੜਿਆਂ 'ਤੇ ਖਿਝ ਚੜ੍ਹਨ ਲੱਗਦੀ ਆ। ਇਹਨੂੰ ਕੁੱਤੇ ਨੂੰ ਖ਼ਬਰ ਤਕ ਨਹੀਂ, ਕੋਈ ਨਾਲ ਪਿਆ ਤੜਫ਼ ਰਿਹਾ। ਜੀਅ ਕਰਦਾ ਪਿੱਠ 'ਤੇ ਲੱਤ ਮਾਰਾਂ। ਬੈੱਡ ਤੋਂ ਸਿੱਟ ਦੇਵਾਂ।

ਪੈਰਾਂ ’ਚ ਚੱਪਲਾਂ ਪਾ, ਦਰਵਾਜਾ ਖੋਲ੍ਹ, ਬਾਹਰ ਨਿੱਕਲ ਜਾਂਦੀ ਹਾਂ। ਨਾਲ ਦੇ ਕਮਰੇ ’ਚ ਮੇਰੀ ਪੰਜ ਸਾਲਾਂ ਦੀ ਬੇਟੀ ਮਹਿਕ ਆਪਣੀ ਦਾਦੀ ਨਾਲ ਪਈ ਹੈ। ਦੱਬੇ ਪੈਰੀਂ ਉਸ ਕਮਰੇ ਕੋਲੋਂ ਲੰਘ ਜਾਂਦੀ ਹਾਂ। ਬੁੜ੍ਹੀ ਦੀ ਨੀਂਦ ਬੜੀ ਕੱਚੀ ਆ। ਜੇ ਉਹ ਉੱਠ ਖੜ੍ਹੀ ਤਾਂ ਬੁੜ-ਬੁੜ ਕਰੂਗੀ। ਬਾਹਲ਼ੀ  ਕਾਲੀ ਜੁਬਾਨ ਆਲ਼ੀ ਆ।

ਰਸੋਈ ’ਚ ਜਾ ਕੇ ਫਰਿੱਜ ’ਚ ਰਗੜ ਕੇ ਰੱਖਿਆ ਧਨੀਆ, ਪਾਣੀ ’ਚ ਘੋਲ਼ ਕੇ ਪੀਤਾ। ਇਹ ਮੈਂ ਸਬਜੀ ’ਚ ਪਾਣ ਤੋਂ ਬਚਾ ਕੇ ਰੱਖਿਆ ਸੀ। ਬਹੁਤ ਚਿਰ ਉੱਥੇ ਬੈਠੀ ਰਹੀ, ਮਨ ਨੂੰ ਟੇਕ ਕਿੱਥੇ। ਫਰਿੱਜ ’ਚੋਂ ਬਰਫ਼ ਖਾ ਲਈ, ਹੋਰ ਅੱਗ ਲੱਗ ਗਈ।

ਬਾਥਰੂਮ ਜਾ ਕੇ ਕੱਪੜੇ ਲਾਹ ਕੇ ਫੁਆਰਾ ਛੱਡ ਹੇਠਾਂ ਖੜ੍ਹਗੀ। ਬਾਥਰੂਮ ’ਚ ਲੱਗੇ ਆਦਮ ਕੱਦ ਸ਼ੀਸ਼ੇ ’ਚ ਆਪਣਾ ਗੋਰਾ ਸਰੀਰ ਦੇਖਦੀ ਆਂ, ਲਾਈਟ ਦੇ ਚਾਨਣ ਵਿਚ ਮੇਰੇ ਸਰੀਰ ਵਿਚੋਂ ਜਿਵੇਂ ਅੱਗ ਦੀਆਂ ਲਾਟਾਂ ਨਿੱਕਲ ਰਹੀਆਂ ਹੋਣ। ਜਿਵੇਂ ਭਾਂਬੜ ‘ਤੇ ਤੇਲ ਪਾ ਬੈਠੀ ਹੋਵਾਂ। ਬਹੁਤ ਚਿਰ ਫੁਆਰੇ ਅੱਗੇ ਖੜ੍ਹੀ ਰਹੀ। ਤੌਲੀਏ ਨਾਲ ਸਰੀਰ ਸਾਫ਼ ਕੀਤਾ। ਨਾਇਟੀ ਪਾਈ। ਕਮਰੇ ਵੱਲ ਤੁਰ ਪਈ। ਕਮਰੇ ਅੰਦਰੋਂ ਸੱਸ ਦੀ ਬੁੜ-ਬੁੜ ਦੀ ਆਵਾਜ਼ ਆਈ, “ਰਾਤ ਨੂੰ ਵੀ ਨ੍ਹਾਅਈ ਜਾਂਦੀ ਆ, ਪਤਾ ਨਹੀਂ ਇਹਦੇ ਕੀ ਅੱਗ ਲੱਗੀ ਆ।... ਇਹਦੇ ਚਾਲੇ ਠੀਕ ਨੀ। ਕਮਜਾਤ ਦੇ।”

ਜਾ ਕੇ ਬੈੱਡ ‘ਤੇ ਡਿੱਗ ਪਈ।

ਕੁੰਭਕਰਨ ਦੇ ਘਰਾੜੇ ਚੱਲ ਰਹੇ ਸੀ।

ਦਿਲ ਕਾਹਲਾ ਪੈਣ ਲੱਗਾ।ਕੰਨਾਂ ’ਚ ਰੂੰ ਪਾ ਲਈ।

0 0 0

ਹਸਪਤਾਲ ’ਚ ਬੈੱਡ ‘ਤੇ ਪਈ ਆਂ। ਨਰਸ ਮੇਰੀ ਗੋਦ ਵਿਚ ਖ਼ੂਬਸੂਰਤ ਬੱਚਾ ਪਾ ਦਿੰਦੀ ਆ। ਨੀਲੀਆਂ ਅੱਖਾਂ, ਭੂਰੇ ਵਾਲ਼, ਗੋਰਾ ਰੰਗ, ਗੋਭਲਾ ਜਿਹਾ, ਬਹੁਤ ਪਿਆਰਾ।

ਨਰਸ ਕਹਿੰਦੀ, “ਤੁਹਾਡਾ ਬੇਟਾ ਏ।”

ਬੱਚੇ ਨੂੰ ਲਾਡ ਲਡਾਉਣ ਲੱਗਦੀ ਆਂ। ਚੁੰਮਣ ਲੱਗਦੀ ਆਂ। ਫਿਰ ਇਹ ਸੋਚ ਕੇ ਤ੍ਰਭਕ ਜਾਂਦੀ ਹਾਂ। ਇਹ ਬੱਚਾ ਮੇਰਾ ਨਹੀਂ ਹੋ ਸਕਦਾ। ਨਰਸ ਕਮਰੇ ‘ਚੋਂ ਬਾਹਰ ਚਲੀ ਗਈ। ਉਹਦੇ ਪਿੱਛੇ ਜਾਣ ਲਈ ਮੇਰੇ ਕੋਲੋਂ ਉੱਠ ਨਾ ਹੋਇਆ। ਸਰੀਰ ਜਣੇਪੇ ਨਾਲ ਪੀੜ-ਪੀੜ ਹੋਇਆ ਪਿਆ। ਡਾਕਟਰ ਮੁਸਕਰਾਉਂਦਾ ਹੋਇਆ ਆਇਆ, ਹਾਲ-ਚਾਲ ਪੁੱਛਦਾ।

“ਡਾਕਟਰ ਸਾਹਿਬ, ਇਹ ਬੱਚਾ ਮੇਰਾ ਨਹੀਂ।”

“ਮਤਲਬ?” ਡਾਕਟਰ ਹੈਰਾਨੀ ਨਾਲ ਦੇਖਦਾ ਹੈ।

“ਮੇਰਾ ਪਤੀ ਤਾਂ ਦੋ ਸਾਲਾਂ ਤੋਂ ਮੇਰੇ ਨਾਲ ‘ਬੋਲਿਆ’ ਵੀ ਨਹੀਂ । ਕਿਵੇਂ ਘਰ ਲੈ ਜਾਊਂਗੀ ਇਹ ਬੱਚਾ। ਦੀਪਕ ਮੈਨੂੰ ਮਾਰ ਦਊਗਾ। ਪਲੀਜ਼ ਇਹਨੂੰ ਅਨਾਥ ਆਸ਼ਰਮ ਦੇ ਦਿਓ।” ਡਾਕਟਰ ਦੇ ਤਰਲੇ ਕਰ ਰਹੀ ਆਂ, ਉਹ ਮੰਨ ਨਹੀਂ ਰਿਹਾ।

ਏਨੇ ਨੂੰ ਮੇਰੀ ਅੱਖ ਖੁੱਲ੍ਹ ਗਈ।

ਦੀਪਕ ਘਰਾੜੇ ਮਾਰ ਰਿਹਾ।

ਹਾਏ-ਰੱਬਾ! ਜੇ ਬਿੰਦ-ਝੱਟ ਅੱਖ ਲੱਗ ਜਾਂਦੀ ਆ ਤਾਂ ਇਸੇ ਤਰ੍ਹਾਂ ਦੇ ਡਰਾਉਣੇ ਸੁਪਨੇ ਆਉਂਦੇ ਨੇ। ਇਹ ਸੁਪਨਾ ਬੜਾ ਪਿਆਰਾ ਸੀ। ਕਿੰਨਾ ਪਿਆਰਾ ਸੀ, ਗੋਭਲਾ ਜਿਹਾ, ਨੀਲੀਆਂ ਅੱਖਾਂ ਵਾਲਾ ਬੱਚਾ। ਕੁੱਖ ਹਰੀ ਹੋਣਾ ਤਾਂ ਸੁਪਨਾ ਹੀ ਬਣ ਕੇ ਰਹਿ ਗਿਆ।

ਮਹਿਕ ਪੰਜ ਸਾਲਾਂ ਦੀ ਹੋ ਗਈ। ਉਹਨੂੰ ਕਣਕ ਤੋਂ ਅਲਰਜੀ ਆ। ਬਹੁਤ ਖ਼ਿਆਲ ਰੱਖਣਾ ਪੈਂਦਾ ਉਹਦਾ। ਫ਼ਿਕਰ ਰਹਿੰਦਾ ਕਿਤੇ ਬਾਹਰੋਂ ਕੁੱਝ ਕਣਕ ਦਾ ਬਣਿਆ ਨਾ ਖਾ ਲਵੇ। ਮੇਰਾ ਸੁਭਾਅ ਚਿੜਚਿੜਾ ਹੋ ਗਿਆ। ਮਾੜੀ ਜਿਹੀ ਗੱਲ ਤੇ ਖਿਝ-ਖਿਝ ਪੈਣ ਲੱਗਦੀ ਆਂ। ਮਹਿਕ ਨੂੰ ਵੀ ਘੂਰਿਆ ਜਾਂਦਾ। ਫਿਰ ਪਛਤਾਵਾ ਹੋ ਜਾਂਦਾ। ਉਹ ਉਦਾਸ ਬਿਮਾਰ ਰਹਿੰਦੀ ਆ। ਸ਼ਾਇਦ ਇਹਦਾ ਕਾਰਨ ਸਾਡੇ ਪਰਿਵਾਰ ’ਚ ਫੈਲਿਆ ਤਨਾਅ ਹੈ।

ਅਸੀਂ ਮਹਿਕ ਨੂੰ ਫੈਮਲੀ ਡਾਕਟਰ ਨਵਕਿਰਨ ਕੋਲ ਲੈ ਗਏ। ਉਹਨੇ ਮੇਰੇ ਮਨ ਦੀ ਕਹਿ ਦਿੱਤੀ, "ਸਾਰੇ ਟੈਸਟ ਸਹੀ ਨੇ, ਮਹਿਕ ਨੂੰ ਕਣਕ ਤੋਂ ਅਲਰਜੀ ਏ। ਇਹ ਇਕੱਲਤਾ ਮਹਿਸੂਸ ਕਰਦੀ ਏ। ਤੁਸੀਂ ਇਕ ਬੇਬੀ ਹੋਰ ਲੈ ਲਵੋ।"

ਮੈਂ ਠੰਢਾ ਸਾਹ ਭਰ ਕੇ ਦੀਪਕ ਵੱਲ ਝਾਕੀ, ਉਹ ਬੁਝਿਆ ਜਿਹਾ ਪਤਾ ਨਹੀਂ ਕਿਹੜੀ ਦੁਨੀਆਂ ਵਿਚ ਗੁਆਚਿਆ ਹੋਇਆ ਸੀ। ਡਾਕਟਰ ਨੂੰ ਕੀ ਦੱਸਦੀ, 'ਬੇਬੀ ਕਿੱਥੋਂ ਲੈ ਲਵਾਂ, ਇਹਨਾਂ ਤਿਲ਼ਾਂ 'ਚ ਤੇਲ ਹੈਨੀ।'

ਮੇਰਾ ਦਿਲ ਕਰਦਾ, ਦੀਪਕ ਪਿਛੋਂ ਆ ਕੇ ਮੇਰੀਆਂ ਅੱਖਾਂ ਬੰਦ ਕਰ ਲਵੇ, ਜੱਫ਼ੀ ਪਾ ਲਵੇ। ਮੈਂ ਨਖ਼ਰੇ ਜਿਹੇ ਨਾਲ ਕਹਾਂ, "ਹਟੋ, ਸਾਸੂ ਮਾਂ ਆ ਜਾਊਗੀ।"

ਦੀਪਕ ਦਾ ਸਾਰਾ ਜ਼ੋਰ ਦੁਕਾਨ, ਧਾਰਮਿਕ ਕਰਮ ਕਾਂਡਾਂ, ਵੱਧਦੇ ਢਿੱਡ ਤੇ ਝੜਦੇ ਵਾਲ਼ਾਂ ਨੂੰ ਰੋਕਣ 'ਤੇ ਲੱਗਿਆ ਹੋਇਆ। ਫਿਰ ਵੀ ਇਹਦੇ ਵਾਲ਼ ਝੜੀ ਜਾਂਦੇ ਤੇ ਢਿੱਡ ਵਧੀ ਜਾਂਦਾ, ਜਿਹੜਾ ਮੇਰਾ ਵਧਣਾ ਚਾਹੀਦਾ।

'ਮੰਦੀ ਪੈਗੀ ਮੰਦੀ' ਉਹਦਾ ਤਕੀਆ ਕਲਾਮ ਆ। ਰਾਧੇ-ਰਾਅਧੇ ਕਰਦਾ ਘਰ ਆਊਗਾ। ਆਉਂਦੇ ਨੂੰ ਹੀ ਖਾਣਾ ਤਿਆਰ ਚਾਹੀਦਾ। ਜੇ ਦੋ ਮਿੰਟ ਲੇਟ ਹੋ ਜੇ ਤਾਂ ਬੁੜ-ਬੁੜ ਕਰਕੇ ਸਿਰ ਦੁਖਣ ਲਾ ਦਿੰਦਾ।

ਡੂੰਘੇ ਗਲ਼ੇ ਦਾ ਸਲੀਵ ਲੈੱਸ ਕਮੀਜ਼, ਪੱਟਾਂ ਨਾਲ ਵਿੜੀ ਤੰਗ ਪਜ਼ਾਮੀ, ਹਾਕਾਂ ਮਾਰ ਬੁਲਾਉਂਦੀਆਂ ਅੱਖਾਂ, ਤਨਜ਼ੀਆ ਲਹਿਜੇ 'ਚ ਕੀਤੇ ਇਸ਼ਾਰੇ-ਗੱਲਾਂ, ਦੀਪਕ ਨੂੰ ਮੇਰੇ ਨੇੜੇ ਨਹੀਂ ਲਿਆਉਂਦੇ, ਸਗੋਂ ਦੂਰ ਹੋਰ ਦੂਰ ਹੁੰਦਾ ਜਾ ਰਿਹਾ। ਮੇਰੇ ਦਿਲ ਦੀ ਦਿਲ 'ਚ ਰਹਿ ਜਾਂਦੀ।

ਓਦਣ ਮੈਂ ਬਣ-ਸੰਵਰ ਕੇ ਬੈਠੀ ਸੀ, ਸੋਚਦੀ ਅੱਜ ਕਹਿ ਹੀ ਦੇਣੀ ਆ, ਦਿਲ ਦੀ ਗੱਲ। ਇਹ ਕੋਈ ਓਪਰਾ ਥੋੜ੍ਹੀ ਆ, ਪਤੀ ਆ ਮੇਰਾ। ਸੱਤ ਫੇਰੇ ਲਏ ਨੇ।

"ਰਾਧੇ-ਰਾਅਧੇ।" ਉਹ ਉਬਾਸੀਆਂ ਲੈਂਦਾ ਹੱਥ ਧੋ ਕੇ ਕੁਰਸੀ 'ਤੇ ਬੈਠ ਗਿਆ।

"ਬਈ ਅੰਜਲੀ ਕੀ ਬਣਾਇਆ? ਬੜੀ ਭੁੱਖ ਲੱਗੀ ਆ।"

ਉਹਦਾ ਮੇਰੇ ਨਵੇਂ ਪੀਲੇ ਸੂਟ ਵੱਲ ਧਿਆਨ ਈ ਨਹੀਂ ਗਿਆ। ਕਾਸ਼ ਕਹਿ ਦਿੰਦਾ, 'ਸਰ੍ਹੋਂ ਦਾ ਫੁੱਲ ਬਣੀ ਫਿਰਦੀ ਏਂ।' ਸਾਰਾ ਧਿਆਨ ਖਾਣੇ ਵੱਲ ਸੀ।

ਮੈਂ ਹੋਰ ਖਿੱਝ ਗਈ, 'ਕੀ ਬਣਾਇਆ'? ਦਾ ਜੁਆਬ ਨਾ ਦਿੱਤਾ, ਮਨ 'ਚ ਕਿਹਾ, 'ਤੇਰੀ ਮਾਂ ਦਾ ਝਾਟਾ ਬਣਾਇਆ।'

ਥਾਲੀ ਉਹਦੇ ਅੱਗੇ ਪਰੋਸ ਦਿੱਤੀ। ਮਨ 'ਚ ਕਿਹਾ, 'ਲੈ ਝੁਲ਼ਸ ਲੈ।'

"ਕਮਾਲ ਕਰਤੀ, ਗੋਭੀ ਦੀ ਸਬਜ਼ੀ, ਖੀਰ, ਸਾਰੇ ਮੇਰੇ ਮਨਪਸੰਦ।"

ਉਹ ਖਾਣ ਲੱਗਿਆ। ਬੇਸਬਰਿਆਂ ਵਾਂਗ।

ਅਜੇ ਦੋ ਬੁਰਕੀਆਂ ਹੀ ਖਾਧੀਆਂ ਸੀ। ਮੈਂ ਉਸਦੇ ਅੱਗਿਓਂ ਥਾਲੀ ਚੱਕ ਲਈ। ਰਸੋਈ ਵੱਲ ਤੁਰ ਪਈ।

"ਕੀ ਆ?...ਕੀ ਆ?" ਉਹ ਹੈਰਾਨੀ ਨਾਲ ਦੇਖਣ ਲੱਗਾ। ਫਿਰ ਤਲਖ਼ ਹੋ ਗਿਆ, "ਬੇਵਕੂਫ਼ ਔਰਤ ਖਾਂਦੇ ਅੱਗਿਓਂ ਭੋਜਨ ਨਹੀਂ ਚੱਕੀਦਾ, ਪਾਪ ਲੱਗਦਾ ।"

ਉਹ ਥਾਲੀ ਮਗਰ ਰਸੋਈ 'ਚ ਆ ਗਿਆ। ਕਾਸ਼ ਕਦੇ ਮੇਰੇ ਮਗਰ ਵੀ ਆਉਂਦਾ। ਮੈਂ ਹੋਰ ਖਿੱਝ-ਖੱਪ ਗਈ।

"ਤੈਨੂੰ ਪਤਾ ਪਾਪ-ਪੁੰਨ ਕੀ ਹੁੰਦਾ? ਕਿਸੇ ਦੀ ਆਤਮਾ ਤਪਾਉਣੀ ਕਿੰਨਾ ਵੱਡਾ ਪਾਪ ਆ?" ਮੈਂ ਕਿਹਾ।

"ਰਾਧੇ-ਰਾਅਧੇ ਮੈਂਥੋਂ ਵੱਧ ਕੌਣ ਜਾਣਦਾ, ਮੈਂ ਲਸਣ ਤਕ ਨਹੀਂ ਖਾਂਦਾ, ਗਊ-ਗਰੀਬ ਦਾ ਹਾਮੀ ਆਂ, ਸ਼ਰਾਬ ਨੀ ਪੀਂਦਾ।"

'ਲੋਕਾਂ ਦਾ ਖ਼ੂਨ ਪੀਨੈ, ਲੋਕਾਂ ਦਾ ਹੱਕ ਮਾਰਕੇ ਖਾਨੈ।' ਮੈਂ ਮਨ 'ਚ ਕਿਹਾ।

"ਜਿਵੇਂ ਰੋਟੀ ਦੀ ਭੁੱਖ ਲੱਗਦੀ ਆ। ਪਾਣੀ ਦੀ ਤ੍ਰੇਹ ਲੱਗਦੀ ਆ, ਉਵੇਂ ਸਾਡੀਆਂ ਹੋਰ ਵੀ ਸਰੀਰਕ ਲੋੜਾਂ ਨੇ। ਪਿਆਰ ਦੀ ਤ੍ਰੇਹ ਲੱਗਦੀ ਆ।" ਮੈਂ ਥਾਲੀ ਉਹਨੂੰ ਫੜਾ ਦਿੱਤੀ। ਉਹ ਚੁੱਪ-ਚਾਪ ਰੋਟੀ ਖਾਂਦਾ ਰਿਹਾ। ਫਿਰ 'ਹਰੀ ਓਮ' ਕਹਿ ਕੇ ਡਕਾਰ ਮਾਰਦਾ ਬਿਨਾਂ ਅੱਖਾਂ ਮਿਲਾਏ ਬੋਲਿਆ, "ਅੰਜਲੀ ...ਕੋਈ ਨਾ, ਬੱਚਾ ਪਲਾਨ ਕਰਦੇ ਆਂ।"

ਮੈਨੂੰ ਹੋਰ ਅੱਗ ਲੱਗ ਗਈ, 'ਬੇਵਕੂਫ਼ ਨੜਿਨਵੇਂ ਪ੍ਰਤੀਸ਼ਤ ਲੋਕ, ਬੱਚੇ ਪਲਾਨ-ਪਲੂਨ ਨੀਂ ਕਰਦੇ। ਬਸ ਪਿਆਰ ਕਰਦੇ ਨੇ। ਕੀ ਪਿਆਰ ਸਿਰਫ਼ ਬੱਚਾ ਪੈਦਾ ਕਰਨ ਨੂੰ ਕਰਿਆ ਜਾਂਦਾ। ਸਾਡੀ ਸਰੀਰਕ ਲੋੜ ਵੀ ਆ।' ਮੈਂ ਮਨ 'ਚ ਕਿਹਾ।

ਮੈਨੂੰ ਇਹਦੀ ਹਰ ਗੱਲ ਪਖੰਡ ਲੱਗਦੀ ਆ। ਹਰ ਵੇਲੇ "ਰਾਧੇ-ਰਾਅਧੇ" ਕਰਦਾ ਰਹਿੰਦਾ। ਜੇ ਕੋਈ ਧਾਰਮਿਕ ਕੰਮਾਂ ਲਈ ਚੰਦਾਂ ਮੰਗਣ ਆ ਜਾਵੇ ਤਾਂ ਕਹੂਗਾ, 'ਮੈਂ ਤਾਂ ਨਾਸਤਿਕ ਆਂ'।

ਦੁਕਾਨ 'ਤੇ ਬਾਣੀਆਂ ਆਲੀ ਮੁਸਕਾਨ ਜਿਹੜੀ ਗਾਹਕਾਂ ਨੂੰ ਪੱਟਦੀ ਆ, ਮੂੰਹ 'ਤੇ ਚਿਪਕਾਈ ਰੱਖਦਾ। ਗਾਹਕਾਂ ਦੀ ਛਿੱਲ ਲਾਹੁੰਦਾ। ਚਮੜੀ ਜਾਏ ਪਰ ਦਮੜੀ ਨਾ ਜਾਏ ਇਹਦਾ ਅਸੂਲ ਆ। ਘਰ ਆ ਕੇ ਸਾਰੀਆਂ ਚਿੰਤਾਵਾਂ ਮੇਰੇ ਸਿਰ 'ਤੇ ਸੁੱਟ ਦਿੰਦਾ। ਮਹਿੰਗਾਈ ਵਾਂਗ ਵਧਦੇ ਢਿੱਡ 'ਤੇ ਹੱਥ ਫੇਰਦਾ ਉਬਾਸੀਆਂ ਲੈਂਦਾ ਕਹੇਗਾ, "ਰਾਧੇ-ਰਾਅਧੇ, ਜੇ ਆਹੀ ਹਾਲ ਰਿਹਾ ਇਕ ਦਿਨ ਦੁਕਾਨ ਵਿਕ ਜਾਣੀ ਆ। ਮੰਦੀ ਪੈ ਗਈ ਮੰਦੀ।"

ਇਕ ਦਿਨ ਮੈਂ ਟੀ.ਵੀ ਲਾਈ ਬੈਠੀ, ਇਹ ਦੁਕਾਨ ਤੋਂ ਆਇਆ। ਗੀਤ ਚੱਲ ਰਿਹਾ ਸੀ, 'ਟੱਚ ਮੀ-ਟੱਚ ਮੀ, ਕਿੱਸ ਮੀ-ਕਿੱਸ ਮੀ।'

ਕੁਰਸੀ 'ਤੇ ਬੈਠਣ ਤੋਂ ਪਹਿਲਾਂ ਦੀਪਕ ਨੇ ਰਿਮੋਟ ਚੱਕਿਆ। ਜਦੋਂ ਉਸ ਲਈ ਰੋਟੀ ਲੈ ਕੇ ਆਈ 'ਆਸਥਾ' ਚੈਨਲ ਲਾਈ ਬੈਠਾ ਸੀ। ਬਾਥਰੂਮ ਦਾ ਬੂਹਾ ਖੁੱਲ੍ਹਾ ਛੱਡ ਕੇ ਨਹਾਉਣ ਲੱਗੀ। "ਤੋਲੀਆ ਫੜਾਇਓ", ਮੈਂ ਬਾਥਰੂਮ 'ਚੋਂ ਹਾਕ ਮਾਰੀ। ਉਹ ਪ੍ਰਵਚਨ ਸੁਣਦਾ ਰਿਹਾ। ਉਸੇ ਤਰ੍ਹਾਂ ਉਹਦੇ ਅੱਗਿਓਂ ਲੰਘ ਕੇ ਤੌਲੀਆ ਲੈ ਆਈ। ਉਹਨੇ ਕੋਈ ਧਿਆਨ ਨਾ ਦਿੱਤਾ। ਦੁਕਾਨ 'ਤੇ ਜਾਣ ਲੱਗੇ ਨੂੰ ਮੈਂ ਕਿਹਾ, "ਮੈਂ ਕਿਹਾ ਸੁਣਦੇ ਓ ਜੀ? ਆਹ ਬਰਾਅ ਦੀ ਹੁੱਕ ਲਾਇਓ।"

"ਰਾਧੇ-ਰਾਅਧੇ ਦੁਕਾਨ ਸੁੰਨੀ ਪਈ ਆ। ਮੈਨੂੰ ਤਾਂ ਭੁੱਖ ਲੱਗੀ ਸੀ। ਢਿੱਡ ਨੂੰ ਝੁਲਕਾ ਦੇਣ ਆ ਗਿਆ। ਨੌਕਰਾਂ 'ਤੇ ਕਾਹਦਾ ਭਰੋਸਾ। ਹੁੱਕ ਤੂੰ ਆਪ ਲਾ ਲੈ।"

"ਇਹਦੀ ਹੁੱਕ ਖ਼ਰਾਬ ਆ, ਨਵੀਂ ਲਿਆ ਦਿਓ।" ਮੈਂ ਖਿੱਝ ਕੇ ਕਿਹਾ।

"ਅਜੇ ਤਾਂ ਵਧੀਆ ਪਈ ਆ, ਸੰਜਮ ਨਾਲ ਚੱਲਿਆ ਕਰ। ਆਪਣੇ ਧੰਦੇ 'ਚ ਮੰਦੀ ਪਈ ਹੋਈ ਆ। ਵੱਡੇ 'ਮਾਲ' ਖੁੱਲ੍ਹਗੇ, ਛੋਟੀਆਂ ਦੁਕਾਨਾਂ ਨੂੰ ਖਾ ਗੇ..।" ਉਬਾਸੀ ਲੈ ਕੇ 'ਹਰੀ ਓਮ' ਕਹਿੰਦਾ ਦੁਕਾਨ ਵੱਲ ਤੁਰ ਪਿਆ।

"ਤੁਸੀਂ ਵੀ ਤਾਂ ਗਾਹਕਾਂ ਨੂੰ ਲੁੱਟਦੇ ਓ।" ਮੈਂ ਖਿਝੀ ਹੋਈ ਨੇ ਕਿਹਾ।

"ਰਾਧੇ-ਰਾਅਧੇ ਗਊ ਦੀ ਸਹੁੰ..ਬਸ ਬਦਨਾਮ ਆਂ। ਕੇਰਾਂ ਕੋਈ ਗਾਹਕ ਰੁਪਈਏ ਦੀਆਂ ਪਕੌੜੀਆਂ ਦੁਕਾਨ ਤੋਂ ਪਵਾ ਕੇ ਸੜਕ 'ਤੇ ਤੁਰਿਆ ਜਾਵੇ। ਪਕੌੜੀਆਂ ਖਾਂਦੇ ਦੇ ਲਿਫ਼ਾਫੇ ਵਿੱਚੋਂ ਉਹਦਾ ਰੁਪਈਆ ਵੀ ਨਿਕਲ ਆਇਆ। ਉਹ ਕਹਿੰਦਾ, "ਬਾਣੀਆਂ, ਜਾਤ ਆ, ਫਿਰ ਵੀ ਆਖ਼ਿਰ ਨੂੰ ਕੁਛ ਨਾ ਕੁਛ ਬਚਾਇਆ ਹੋਊ। ਬਸ ਬਦਨਾਮ ਆਂ। ਕਾਰਪੋਰੇਟ ਆਲੀਆਂ ਵੱਡੀਆਂ ਮੱਛੀਆਂ, ਛੋਟੀਆਂ ਮੱਛੀਆਂ ਨੂੰ ਖਾਈ ਜਾਂਦੀਆਂ ਨੇ। ਬਸ ਮੰਦੀ ਪੈ ਗਈ ਮੰਦੀ।"

ਦੀਪਕ 'ਤੇ ਗੁੱਸਾ ਤਾਂ ਬਹੁਤ ਆਉਂਦਾ। ਜੀਅ ਕਰਦਾ ਇਹਨੂੰ ਅਜਿਹੀ ਸਜ਼ਾ ਦੇਵਾਂ ਜਿਹੜਾ ਯਾਦ ਰੱਖੇ।

ਮੇਰੀ ਸੱਸ ਬਾਹਲ਼ੀ ਪੈਰਾਂ ਦੀ ਚਲਾਕ ਤੀਮੀ ਆ।

ਹਰ ਵੇਲੇ ਆਫ਼ਤ ਲਿਆਈ ਰੱਖਦੀ। ਇਕ ਕੰਮ ਕਰੋ ਦੂਜਾ ਝੱਟ ਗਿਣਾ ਦਿੰਦੀ। ਮੈਂ ਬਹੁਤਾ ਉਹਦੇ, ਬੇਟੀ ਮਹਿਕ ਅਤੇ ਦੀਪਕ ਦੇ ਕੰਮਾਂ 'ਚ ਰੁੱਝੀ ਰਹਿੰਦੀ। ਆਪਣੇ ਬਾਰੇ ਸੋਚਣ ਦ ਮੌਕਾ ਹੀ ਨਾ ਮਿਲਦਾ। ਸੱਤ ਸਾਲ ਹੋ ਗਏ ਵਿਆਹ ਨੂੰ ਪਿਛਲੇ ਕੁਝ ਸਮੇਂ ਤੋਂ ਪਤਾ ਨਹੀਂ ਕੀ ਹੋ ਗਿਆ।

ਮੇਰੇ ਹੱਥੋਂ-ਵਸੋਂ ਗੱਲ ਬਾਹਰ ਹੋਈ ਪਈ ਆ। ਮੇਰੀ ਜ਼ਮੀਰ ਇਹ ਵੀ ਇਜਾਜ਼ਤ ਨਹੀਂ ਦਿੰਦੀ। ਕਿਸੇ ਹੋਰ ਨਾਲ ਸੰਬੰਧ ਬਣਾ ਲਵਾਂ। ਸੰਦੀਪ ਨਾਲ ਵੀ ਨਹੀਂ। ਸੰਦੀਪ ਨਾਲ ਮੇਰਾ ਰੂਹ ਦਾ ਰਿਸ਼ਤਾ ਸੀ। ਉਦੋਂ ਦੀ ਗੱਲ ਆ ਜਦੋਂ ਕਾਲਿਜ ਪੜ੍ਹਦੀ ਸਾਂ। ਉਹ ਮੇਰੇ 'ਤੇ ਜਾਨ ਦਿੰਦਾ ਸੀ, ਆਖਦਾ, "ਉਹਦੇ ਮੋਤੀ ਪੁੰਨ ਕੀਤੇ ਹੋਣਗੇ ਜੀਹਨੂੰ ਤੂੰ ਮਿਲੇਂਗੀ। ਤੂੰ ਅੱਗੇ ਬੈਠੀ ਰਹੇਂ ਬੰਦਾ ਸਾਰੀ ਉਮਰ ਦੇਖਦਾ ਰਹੇ। ਤੈਨੂੰ ਦੇਖ ਕੇ ਨਸ਼ਾ ਜਿਹਾ ਹੋ ਜਾਂਦਾ। ਤੂੰ ਕੋਹਕਾਫ਼ ਦੀ ਹੂਰ ਏਂ ਹੂਰ ...।"

ਦੀਪਕ ਨੂੰ ਮੈਂ ਤੀਮੀ ਵੀ ਨਹੀਂ ਲੱਗਦੀ। ਇਹਨੂੰ ਮੈਨੂੰ ਵੇਖ ਉਬਾਸੀਆਂ ਆਉਣ ਲੱਗਦੀਆਂ ਨੇ। ਹਰੀ ਓਮ, ਰਾਧੇ-ਰਾਅਧੇ ਕਰਨ ਲੱਗਦਾ। ਸਾਰੀ ਰਾਤ ਮੇਰੇ ਵੱਲ ਪਿੱਠ ਕਰਕੇ ਘਰਾੜੇ ਮਾਰਦਾ ਰਹਿੰਦਾ।

ਸੰਦੀਪ ਆਖਦਾ, "ਹੁਣ ਤੇਰਾ ਦਿਲ ਕਰਦਾ, ਤੈਨੂੰ ਚੁੰਮ ਲਵਾਂ। ਹੈ ਨਾ?...ਹੈ ਨਾ...?"

"ਤੈਨੂੰ ਮੇਰੇ ਦਿਲ ਦੀਆਂ ਕਿਵੇਂ ਪਤਾ ਲੱਗ ਜਾਂਦੀਆਂ?" ਮੈਂ ਉਲਟਾ ਸੁਆਲ ਕਰਦੀ।

"ਤੇਰੇ ਸਰੀਰ ਚੋਂ ਇਕ ਮਹਿਕ ਜਿਹੀ ਆਉਣ ਲੱਗਦੀ ਆ। ਗੁਲਾਬ ਵਰਗੀ ਧੂਫ਼ ਦੀ ਖ਼ੁਸ਼ਬੂ। ਜੇ ਧੂਫ਼ ਪੱਥਰਾਂ ਅੱਗੇ ਧੁਖਾ ਦਈਏ, ਉਹਨਾਂ ਵਿਚੋਂ ਦੇਵੀ-ਦੇਵਤੇ ਪ੍ਰਗਟ ਹੋ ਜਾਂਦੇ ਨੇ, ਕਹਿਦੇ ਨੇ ਮੰਗ ਜੋ ਮੰਗਣਾ... ਚੰਦ ਵਰਗਿਆ ਸੋਹਣਿਆਂ ਸੱਜਣਾ, ਦਿਲ ਕਰਦਾ ਤੈਨੂੰ ਅਰਘ ਚੜ੍ਹਾਈ ਜਾਵਾਂ।" ਸੰਦੀਪ ਲਟਬੌਰਾ ਹੋ ਜਾਂਦਾ।

ਇਹ ਦੀਪਕ ਨੂੰ ਪਤਾ ਨਹੀਂ ਲੱਗਦਾ, ਕਦੋਂ ਔਰਤ ਦਾ ਸਰੀਰ ਮਹਿਕ ਰਿਹਾ ਹੁੰਦਾ।

ਜੇ ਸੰਦੀਪ ਨਾਲ ਵਿਆਹ ਹੋ ਜਾਂਦਾ ਤਾਂ ਜ਼ਿੰਦਗੀ ਹੋਰ ਹੋਣੀ ਸੀ।

ਸਾਡੇ ਬਾਰੇ ਸੰਦੀਪ ਦੇ ਘਰ ਪਤਾ ਲੱਗਾ। ਉਹਦੀ ਬਦ-ਮਿਜ਼ਾਜ ਮਾਂ ਸਾਡੇ ਘਰ ਆ ਕੇ ਬਹੁਤ ਲੜੀ। ਉਹਤੋਂ ਬਾਅਦ ਅਸੀਂ ਕਦੇ ਨਹੀਂ ਮਿਲੇ।

ਦੀਪਕ ਦੀ ਦੱਸ ਸਾਡੇ ਰਿਸ਼ਤੇਦਾਰਾਂ ਨੇ ਪਾਈ ਸੀ। ਸਿਫ਼ਤਾਂ ਕਰਦਾ ਕਹਿੰਦਾ, "ਮੁੰਡਾ ਨਸ਼ੇ ਪੱਤੇ ਤੋਂ ਰਹਿਤ ਆ, ਦੁਕਾਨ ਵਧੀਆ ਚਲਦੀ ਆ। ਸਭ ਤੋਂ ਵਧੀਆ ਗੱਲ ਧਾਰਮਿਕ ਆ।"

ਇਹੋ ਜਿਹਾ ਮੁੰਡਾ ਸਾਡੇ ਪਰਿਵਾਰ ਨੂੰ ਚਾਹੀਦਾ ਸੀ।

ਮੈਂ ਧਾਰਮਿਕ, ਨਸ਼ੇ ਤੋਂ ਰਹਿਤ, ਕਾਰੋਬਾਰੀ ਦੀ ਦੁਖੀ ਕਰੀ ਪਈ ਆਂ।

ਕਈ ਵਾਰ ਸੋਚਦੀ ਆਂ, ਕਿਤੇ ਦੀਪਕ ਨੂੰ ਮੇਰੇ ਸੰਦੀਪ ਨਾਲ ਸੰਬੰਧਾਂ ਦਾ ਪਤਾ ਤਾਂ ਨਹੀਂ ਲੱਗ ਗਿਆ, ਜਿਹੜਾ ਐਂ ਕਰਦਾ।

ਸ਼ਾਇਦ ਉਹਦੀ ਈਗੋ ਹਰਟ ਹੋਗੀ ਹੋਵੇ। ਉਸ ਰਾਤ ਉਹ ਸਾਹੋ-ਸਾਹ ਹੋਇਆ, ਹਮੇਸ਼ਾ ਵਾਂਗ ਪਰ੍ਹਾਂ ਨੂੰ ਹੋ ਕੇ ਪੈ ਗਿਆ। ਮੈਂ ਹਮੇਸ਼ਾ ਧੁਖਦੀ ਤੜਫ਼ਦੀ ਰਹਿੰਦੀ। ਮੇਰੇ ਕੋਲੋਂ ਕਹਿ ਹੋ ਗਿਆ, "ਹੁਣ ਥੋਡੀਆਂ ਗੱਲਾਂ 'ਚ ਉਹ ਦਮ ਨੀ।" ਉਹ ਜਿਵੇਂ ਬਰਫ਼ ਦੀ ਸਿੱਲ੍ਹ ਹੋ ਗਿਆ ਹੋਵੇ।

"ਸਾਲੀਏ ਤੇਰਾ ਈ ਕੜ ਪਾਟ ਗਿਆ। ਗੰਦੀ ਤੀਮੀ ਦਾ।" ਉਹ ਗੁੱਸੇ 'ਚ ਫਟਣ ਵਾਲਾ ਹੋ ਗਿਆ।

"ਤੁਸੀਂ ਆਪਣੇ ਆਪ ਨੂੰ ਡਾਕਟਰ ਨੂੰ ਦਿਖਾਵੋ।" ਮੈਥੋਂ ਕਿਹਾ ਗਿਆ।

ਇਹ ਮਾਵਾਂ-ਭੈਣਾਂ ਦੀਆਂ ਗਾਲ੍ਹਾਂ ਕੱਢਣ ਲੱਗਿਆ। ਮੁੜ ਮੈਨੂੰ ਹੱਥ ਵੀ ਨਹੀਂ ਲਾਇਆ।

ਇਕ ਰਾਤ ਜਦੋਂ ਸੁੱਤਾ ਪਿਆ ਸੀ। ਮੈਂ ਇਹਦਾ ਮੋਬਾਇਲ ਚੱਕ ਲਿਆ। ਫਰੋਲ਼ਾ-ਫਰਾਲ਼ੀ ਕਰਨ ਲੱਗੀ। ਮੇਰੇ ਖਾਨਿਓਂ ਗਈ। ਇਹ ਤਾਂ ਸੋਚਿਆ ਈ ਨਹੀਂ ਸੀ। ਉਸ ਕਮਜਾਤ ਦਾ ਨੰਬਰ ਮਿਲ ਗਿਆ, ਉਸ ਨੰਬਰ 'ਤੇ ਕਿਸੇ ਦਾ ਨਾਮ ਨਹੀਂ ਸੀ ਲਿਖਿਆ ਹੋਇਆ। ਬਹੁਤ ਘਟੀਆ ਜਿਹੀ ਚੈਟ ਸੀ।

"ਹਾਏ ਡੀਅਰ।" ਉਹਨੇ ਲਿਖਿਆ ਸੀ।

ਇਹਨੇ ਦਿਲ ਜਿਹਾ ਭੇਜ ਕੇ 'ਡੀਅਰ' ਲਿਖਿਆ ਸੀ।

"ਮਿਲ ਮੈਨੂੰ।"

"ਹੇਅਰ ਰਮੂਵਰ ਨਾਲ ਲੈ ਆਵੀਂ।" ਇਹਨੇ ਲਿਖਿਆ।

"ਹਾਏ।"

"ਹਾ? ਮੇਰੀ ਜਾਨ।"

ਹੋਰ ਬਥੇਰਾ ਕੁੱਝ ਜਿਹੜਾ ਬੰਦਾ ਲਿਖਣੋਂ ਸੰਗ ਜਾਂਦਾ। ਮੈਂ ਲੋਹੀ-ਲਾਖੀ ਹੋ ਗਈ। ਇਹਨਾਂ ਕਰਤੂਤਾਂ ਦਾ ਮਾਲਕ ਆ। ਇਸੇ ਕਰਕੇ ਮੇਰੇ ਵੱਲ ਮੂੰਹ ਨੀ ਕਰਦਾ। ਇਹ ਸੌਂਕਣ ਨੇ ਮੇਰਾ ਘਰ ਤਬਾਹ ਕਰ ਦਿੱਤਾ।

ਮੈਂ ਦੀਪਕ ਨਾਲ ਮਹਾਂਭਾਰਤ ਛੇੜ ਲਈ। ਉਹ ਸੌਂਹਾਂ ਖਾਈ ਜਾਵੇ, "ਦੇਵੀ ਦੀ ਸਹੁੰ, ਗਊ ਦੀ ਸਹੁੰ, ਬੇਟੀ ਮਹਿਕ ਦੀ ਸਹੁੰ, ਕਿਸੇ ਨਾਲ ਚੱਕਰ ਨਹੀਂ। ਇਹ ਤਾਂ ਮੁੰਡੇ ਦਾ ਨੰਬਰ ਆ। ਅਸੀਂ ਐਵੇਂ ਭਕਾਈ ਮਾਰਦੇ ਸੀ।"

ਆਪਣੇ ਫੋਨ ਤੋਂ ਸੌਂਕਣ ਦਾ ਨੰਬਰ ਮਿਲਾਇਆ। ਅੱਗਿਓਂ ਸੱਚਮੁੱਚ ਮੁੰਡਾ ਬੋਲੇ। ਉਹ ਸਫਾਈਆਂ ਦੇਈ ਜਾਏ। ਉਹਦੀਆਂ ਗੱਲਾਂ ਅਤੇ ਬੋਲਣ ਦਾ ਢੰਗ ਸੁਣ ਕੇ ਮੇਰੇ ਪੈਰਾਂ ਹੇਠੋਂ ਜ਼ਮੀਨ ਨਿਕਲ ਗਈ। ਕਿਤੇ ਦੀਪਕ ਗੇਅ ਤਾਂ ਨਹੀਂ? ...ਤਾਂ ਹੀ ਮੇਰੇ ਨਾਲ ਐਂ ਕਰਦਾ।

ਇਹ ਰਾਤ ਵੀ ਤੜਫਦਿਆਂ ਲੰਘ ਗਈ। ਸਵੇਰੇ ਜਿਹੇ ਨੀਂਦ ਨੇ ਘੇਰ ਲਿਆ। ਜਦ ਜਾਗ ਆਈ ਤਾਂ ਦੀਪਕ ਕੋਠੀ 'ਚ ਬਣਾਏ ਪੂਜਾ ਘਰ ਵਿਚ ਸੀ। ਉਹਨੇ ਪਿਛਲੇ ਦੋ ਸਾਲਾਂ ਤੋਂ ਪੂਜਾ ਘਰ ਵਿਚ ਧੂਫ਼ ਨਹੀਂ ਧੁਖਾਈ। ਪੂਜਾ ਕਰਦਾ, ਗੜਵੇ 'ਚੋਂ ਜਲ ਦੀ ਚੂਲ਼ੀ ਪੀਂਦਾ, ਸਾਰੇ ਘਰ 'ਚ ਜਲ ਦਾ ਛਿੱਟਾ ਦਿੰਦਾ, ਫਿਰ ਦੁਕਾਨ ਤੇ ਛਿੱਟਾ ਦੇ ਕੇ ਆਉਂਦਾ। ਉਹਦੇ ਧਰਮ-ਕਰਮ ਦੇ ਕੰਮਾਂ ਤੋਂ ਖਿਝ ਜਾਂਦੀ ਹਾਂ। ਕੀ ਫਾਇਦਾ, ਜੇ ਕੁੱਤਾ ਚੁਬਾਰੇ ਚੜ੍ਹਜੇ ਕੁੱਤਾ ਈ ਰਹਿੰਦਾ। ਪੂਜਾ ਕਰਕੇ ਨਿਕਲ਼ਿਆ, ਮੈਂ ਪੁੱਛਿਆ, "ਹੁਣ ਧੂਫ਼ ਨਹੀਂ ਧੁਖ਼ਾਉਂਦੇ, ਦੇਵੀ ਮਾਂ ਨਾਰਾਜ਼ ਨਹੀਂ ਹੁੰਦੀ? ਘਰੇ ਕਈ ਡੱਬੀਆਂ ਬਚੀਆਂ ਪਈਆਂ ਖਰਾਬ ਹੁੰਦੀਆਂ।"

"ਰਾਧੇ-ਰਾਅਧੇ ਕਿਉਂ ਨਾਰਾਜ਼ ਹੋਊ ਦੇਵੀ ਮਾਂ। ਪਤੈ ਧੂਫ਼ ਦਾ ਧੂੰਆਂ ਸਿਗਰਟ ਦੇ ਧੂੰਏਂ ਨਾਲੋਂ ਵੀ ਮਾੜਾ। ਕੈਂਸਰ ਕਰਦਾ। ਜਲ ਛਿੜਕਣ ਨਾਲ ਠੰਢ ਵਰਤਦੀ ਆ। ਬਰਕਤਾਂ ਆਉਂਦੀਆਂ ਨੇ।" ਉਹ ਜਲ ਦਾ ਗੜਵਾ ਲੈ ਕੇ ਉਬਾਸੀਆਂ ਲੈਂਦਾ ਹਰੀ ਓਮ ਕਹਿੰਦਾ ਦੁਕਾਨ ਵੱਲ ਚਲਿਆ ਗਿਆ। ਉਹ ਧੁਆਂਖ਼ਿਆ ਮੂੰਹ ਜਿਵੇਂ ਫਿਊਜ਼ ਬੱਲਬ ਹੋਵੇ। ਇਹਤੇ ਤਾਂ ਬਰਕਤ ਆਈ ਨੀ। ਨਾਲ਼ੇ ਬਰਕਤਾਂ ਸਿਰਫ਼ ਪੈਸੇ ਦੀਆਂ ਹੀ ਨਹੀਂ ਹੁੰਦੀਆਂ।

ਪਤੀ ਭਾਵ ਜਿਹਾ ਮਨ ਚੋਂ ਮੁੱਕਦਾ-ਮੁੱਕਦਾ ਮੁੱਕ ਚੱਲਿਆ। ਕਦੇ ਸੋਚਣ ਲੱਗਦੀ ਰੱਬ ਨੇ ਕੋਈ ਮੁੰਡਾ ਤਾਂ ਮੇਰੇ ਲਈ ਬਣਾਇਆ ਈ ਹੋਣਾ। ਜਦੋਂ ਘਰੇ ਇਕੱਲੀ ਹੁੰਦੀ, ਕਮਲ਼ਿਆਂ ਵਾਂਗ ਕੱਪੜੇ ਸੁੱਕਣੇ ਪਾਉਣ ਬਹਾਨੇ ਉਪਰਲੀ ਛੱਤ ਚਲੀ ਜਾਂਦੀ ਹਾਂ। ਸ਼ਾਇਦ ਮੇਰਾ ਕੋਈ ਹਾਣੀ, ਐਸ ਦਿਸ਼ਾ 'ਚ ਹੋਵੇ, ਉਸ ਦਿਸ਼ਾ 'ਹੋਵੇ। ਜਦੋਂ ਕਦੇ ਸੋਹਣਾ ਮੁੰਡਾ ਦੇਖਣਾ, ਮਨ 'ਚ ਆਉਣਾ, ਏਕਣ ਦਾ ਮੁੰਡਾ ਹੋਵੇ, ਜੋ ਮੈਨੂੰ ਪਿਆਰ ਦੇਵੇ। ਮੈਂ ਜਿਹੜੇ ਪਿਆਰ ਨਾਲ ਭਰੀ ਪਈ ਆਂ, ਸਾਰਾ ਪਿਆਰ ਉਹਤੋਂ ਵਾਰ ਦੇਵਾਂ। ਮੈਂ ਛੱਤ ਤੋਂ ਉੱਤਰ ਆਈ।

ਮੇਰੇ ਅੰਦਰਲਾ ਪਿਆਰ ਡੱਕਿਆ ਨਾ ਡੱਕ ਹੁੰਦਾ। ਸ਼ੀਸ਼ੇ ਅੱਗੇ ਖੜ੍ਹ ਕੇ ਆਪਣੇ ਅੰਗਾਂ ਨੂੰ ਚੁੰਮੀ ਜਾਵਾਂ।

ਸੱਸ ਨੇ ਕੁਨੱਖੀ ਜਿਹੀ ਅੱਖ ਨਾਲ ਮੈਨੂੰ ਦੇਖ ਲਿਆ, "ਨੀ ਅੱਗ ਲੱਗੀ ਆਲ਼ੀਏ, ਕੋਈ ਨਵਾਂ ਚੰਦ ਚਾੜ੍ਹੇਂਗੀ।"

ਮੈਂ ਮੋਬਾਇਲ ਚੱਕਿਆ, ਫੇਸਬੁੱਕ ਖੋਹਲੀ, ਸੰਦੀਪ ਦੀ ਆਈ.ਡੀ. ਲੱਭਣ ਲੱਗੀ।000

***(ਫੋਨ: 94633-52107 ਈਮੇਲ: jatinderhaans@gmail.com)***

# ਮੋਹ-ਜਾਲ਼: ਕਹਾਣੀ: ਹਰਪ੍ਰੀਤ ਸੇਖਾ

ਜਦੋਂ ਰਮਣੀਕ ਹਸਪਤਾਲ ਪਹੁੰਚੀ, ਬਾਪੂ ਦੇ ਬੈੱਡ ਦੁਆਲ਼ੇ ਪਰਦਾ ਤਾਣਿਆ ਹੋਇਆ ਸੀ। ਦੋ ਸਹਾਇਕ ਨਰਸਾਂ ਬਾਪੂ ਨੂੰ ਸਾਫ ਕਰ ਰਹੀਆਂ ਸਨ। ਉਡੀਕ ਕਰ ਰਹੀ ਰਮਣੀਕ ਨੂੰ ਲੱਗਿਆ ਕਿ ਉਹ ਬਹੁਤ ਦੇਰ ਲਗਾ ਰਹੀਆਂ ਸਨ। ਉਸਦਾ ਮਨ ਬਾਪੂ ਨੂੰ ਮਿਲਣ ਲਈ ਉਤਾਵਲਾ ਸੀ। ਉਸਦਾ ਜੀਅ ਕਰਦਾ ਸੀ ਕਿ ਮਿਲਣ ਸਾਰ ਬਾਪੂ ਨੂੰ ਜੱਫੀ ਪਾ ਲਵੇ। ਇਸੇ ਚਾਹ ਨਾਲ ਉਹ ਆਪਣੀ ਕਾਰ ਤੋਂ ਬਾਪੂ ਦੇ ਕਮਰੇ ਤਕ ਵਗੀ ਆਈ ਸੀ। ਜਿਉਂ ਹੀ ਸਹਾਇਕ ਨਰਸਾਂ ਕਮਰੇ 'ਚੋਂ ਬਾਹਰ ਨਿਕਲੀਆਂ, ਰਮਣੀਕ ਨੇ ਸਿਰਾਹਣਿਆਂ ਸਹਾਰੇ ਟੇਢੇ ਪਾਏ ਬਾਪੂ ਦੁਆਲ਼ੇ ਬਾਹਾਂ ਵਲ਼ਕੇ ਕਿਹਾ, "ਬਾਪੂ, ਮੈਂ ਰਮਣੀਕ ਹਾਂ।ਕੀ ਹਾਲ ਹੈ?" ਇਸ ਤਰ੍ਹਾਂ ਆਖਦੀ ਰਮਣੀਕ ਦੀ ਆਵਾਜ਼ ਰੁੰਦ ਗਈ। ਸਵਾਏ ਇਕ-ਦੋ ਵਾਰ ਤੋਂ, ਉਸ ਨੇ ਬਾਪੂ ਨੂੰ ਦੇਖ ਕੇ ਕਦੇ ਵੀ ਇਸ ਤਰ੍ਹਾਂ ਦਿਲ ਛੋਟਾ ਨਹੀਂ ਸੀ ਕੀਤਾ। ਬਾਪੂ ਨੂੰ ਦੋ ਸਾਲ ਹੋ ਗਏ ਸਨ ਇਸ ਤਰ੍ਹਾਂ ਕੌਮਾ ਵਿਚ ਪਿਆਂ। ਰਮਣੀਕ ਨੇ ਕੁਝ ਦੇਰ ਉਸੇ ਤਰ੍ਹਾਂ ਹੀ ਬਾਪੂ ਦੀ ਬਾਂਹ ਨਾਲ ਆਪਣਾ ਸਿਰ ਲਾਈ ਰੱਖਿਆ, ਫਿਰ ਅੱਖਾਂ ਪੂੰਝਕੇ ਕੋਲ਼ ਪਈ ਕੁਰਸੀ 'ਤੇ ਬੈਠ ਗਈ। ਉਸ ਨੇ ਬਾਪੂ ਦੀ ਨੰਗੀ ਹੋਈ ਪਿੱਠ ਵੱਲ ਦੇਖਿਆ। ਮੰਜੇ 'ਤੇ ਪਏ ਰਹਿਣ ਕਾਰਣ ਹੋਏ ਜ਼ਖ਼ਮਾਂ ਦੇ ਨਿਸ਼ਾਨ ਕੱਲ੍ਹ ਦੀ ਤਰ੍ਹਾਂ ਹੀ ਸਨ। ਭਾਵੇਂ ਹਰ ਦੋ ਘੰਟੇ ਬਾਅਦ ਸਹਾਇਕ ਨਰਸਾਂ ਉਸਦਾ ਪਾਸਾ ਪਰਤਾਉਂਦੀਆਂ ਸਨ ਪਰ ਇਹ ਜ਼ਖ਼ਮ ਫਿਰ ਵੀ ਹੋ ਹੀ ਜਾਂਦੇ ਸਨ। ਰਮਣੀਕ ਨੇ ਬਾਪੂ ਦੀਆਂ ਲੱਤਾਂ ਤੋਂ ਚਾਦਰ ਹਟਾ ਕੇ ਦੇਖਿਆ। ਰਮਣੀਕ ਨੂੰ ਉੱਥੇ ਵੀ ਕੋਈ ਬਹੁਤਾ ਮੋੜਾ ਪਿਆ ਨਾ ਦਿਸਿਆ। ਲਾਗ ਲੱਗਣ ਕਾਰਣ ਪਿੰਡੇ ਦੀ ਚਮੜੀ 'ਤੇ ਥਾਂ ਥਾਂ ਬਣੇ ਲਾਲ ਧੱਫੜ ਉਵੇਂ ਹੀ ਸਨ।ਕੱਲ੍ਹ ਕੇਅਰ ਹੋਮ ਵਾਲਿਆਂ ਨੇ ਬਾਪੂ ਨੂੰ ਪਿਸ਼ਾਬ ਦੀ ਲਾਗ ਦੇ ਇਲਾਜ ਲਈ ਹਸਪਤਾਲ ਲੈ ਕੇ ਜਾਣ ਬਾਰੇ ਰਮਣੀਕ ਨੂੰ ਫੋਨ ਕਰ ਕੇ ਦੱਸਿਆ ਸੀ। ਬਾਪੂ ਬਾਰੇ ਉਹ ਰਮਣੀਕ ਨੂੰ ਹੀ ਫੋਨ ਕਰ ਕੇ ਫੈਸਲੇ ਕਰਦੇ। ਬਾਪੂ ਦੇ ਕੇਅਰ ਹੋਮ ਵਿਚ ਦਾਖਲੇ ਸਮੇਂ ਰਮਣੀਕ ਨੇ ਆਪ ਹੀ ਆਪਣਾ ਨਾਂ ਸਰਪ੍ਰਸਤ ਵਜੋਂ ਪੇਸ਼ ਕਰ ਦਿੱਤਾ ਸੀ। ਉਸਦੇ ਮੰਮੀ-ਡੈਡੀ ਨੂੰ ਇਸ ਬਾਰੇ ਕੋਈ ਇਤਰਾਜ਼ ਨਹੀਂ ਸੀ।ਉਸਦੀ ਅੰਗ੍ਰੇਜ਼ੀ ਵਿਚ ਗੱਲਬਾਤ ਕਰਨ ਦੀ ਮੁਹਾਰਤ ਵੀ ਆਪਣੇ ਮਾਪਿਆਂ ਨਾਲੋਂ ਬਿਹਤਰ ਸੀ। ਵੈਸੇ ਵੀ ਸਾਰੇ ਪਰਿਵਾਰ ਵਿਚੋਂ ਰਮਣੀਕ ਹੀ ਬਾਪੂ ਦੇ ਸਭ ਤੋਂ ਨੇੜੇ ਸੀ ਅਤੇ ਉਹੀ ਸੀ, ਜਿਹੜੀ ਬਿਨਾਂ ਨਾਗਾ ਕੇਅਰ ਹੋਮ ਜਾਂਦੀ ਸੀ।

ਰਮਣੀਕ ਬਾਪੂ ਦੀ ਪਿੱਠ ਵਾਲੇ ਪਾਸਿਉਂ ਉੱਠ ਕੇ ਚਿਹਰੇ ਵਾਲੇ ਪਾਸੇ ਬੈਠ ਗਈ। ਉਸ ਨੇ ਟਿਕਟਿਕੀ ਲਗਾ ਕੇ ਬਾਪੂ ਦੇ ਚਿਹਰੇ ਵੱਲ ਦੇਖਿਆ। ਉਹ ਜਿਵੇਂ ਘੂਕ ਸੁੱਤਾ ਪਿਆ ਹੋਵੇ। ਹੁਣ ਰਮਣੀਕ ਨੂੰ ਇਸ ਤਰ੍ਹਾਂ ਨਹੀਂ ਸੀ ਲਗਦਾ ਕਿ ਬਾਪੂ ਹੁਣੇ ਹੀ ਅੱਖਾਂ ਖੋਲ੍ਹੇਗਾ ਅਤੇ ਪੁੱਛੇਗਾ," ਮੇਰਾ ਸ਼ੇਰ ਪੁੱਤ ਕਦੋਂ ਆਇਆ ਸੀ?" ਪਹਿਲਾਂ-ਪਹਿਲਾਂ ਉਸ ਨੂੰ ਇਸ ਤਰ੍ਹਾਂ ਲਗਦਾ ਸੀ। ਉਦੋਂ ਡਾਕਟਰਾਂ ਨੇ ਵੀ ਕਿਹਾ ਸੀ ਕਿ ਕੋਈ ਕਰਾਮਾਤ ਵਾਪਰ ਸਕਦੀ ਹੈ। ਪਰ ਇਹ ਵਾਪਰੀ ਨਹੀਂ ਸੀ। ਹੁਣ ਤਾਂ ਡਾਕਟਰ ਆਖਦੇ ਸਨ ਕਿ ਇਸਦੀ ਹਾਲਤ ਦਿਨੋ ਦਿਨ ਹੋਰ ਕਮਜ਼ੋਰ ਹੁੰਦੀ ਜਾਵੇਗੀ। ਇਕ ਡਾਕਟਰ ਨੇ ਤਾਂ ਅਸਿੱਧੇ ਤੌਰ 'ਤੇ ਇਹ ਵੀ ਆਖ ਦਿੱਤਾ ਸੀ ਕਿ ਇਹ ਸਭ ਦੇ ਹੀ ਭਲੇ ਵਿਚ ਹੋਵੇਗਾ ਜੇ ਉਸ ਨੂੰ ਲਾਈਫ ਸਪੋਰਟ ਤੋਂ ਲਾਹ ਦਿੱਤਾ ਜਾਵੇ। ਬਾਪੂ ਦੀ ਦਿਨੋ ਦਿਨ ਨਿੱਘਰ ਰਹੀ ਸਿਹਤ ਰਮਣੀਕ ਵੀ ਦੇਖ ਰਹੀ ਸੀ। ਉਸ ਨੂੰ ਮਹੀਨੇ ਖੰਡ ਬਾਅਦ ਕਿਸੇ ਨਾ ਕਿਸੇ ਬੀਮਾਰੀ ਦੇ ਇਲਾਜ ਲਈ ਹਸਪਤਾਲ ਲਿਆਉਣਾ ਪੈਂਦਾ ਸੀ। ਕਦੇ ਕੋਈ ਇਨਫੈਕਸ਼ਨ ਹੋ ਜਾਂਦੀ, ਕਦੇ ਕੋਈ। ਰਮਣੀਕ ਬਾਪੂ ਦੇ ਸਰੀਰ 'ਤੇ ਲੱਗੀਆਂ ਨਾਲੀਆਂ ਵੱਲ ਦੇਖਣ ਲੱਗੀ। ਸਾਹ ਲਈ ਆਕਸੀਜਨ ਦੀ ਨਾਲੀ, ਪਿਸ਼ਾਬ ਲਈ ਬੈਗ, ਖਾਣੇ ਲਈ ਨਾਲੀ ਅਤੇ ਪਿਸ਼ਾਬ ਦੀ ਲਾਗ ਦੇ ਇਲਾਜ ਲਈ ਐਂਟੀਬਾਇਓਟੈਕ ਵਾਲੀ ਬੋਤਲ। ਨਰਸ ਕਮਰੇ ਵਿਚ ਆ ਕੇ ਬੋਲੀ, "ਬਾਪੂ, ਮੈਂ

ਤੇਰੇ ਮੱਲ੍ਹਮ ਲਗਾਉਣੀ ਹੈ। ਇਸ ਨਾਲ ਤੇਰੇ ਖੁਰਕ ਘਟ ਜਾਵੇਗੀ।" ਹਸਪਤਾਲ ਤੇ ਕੇਅਰ ਹੋਮ ਦਾ ਅਮਲਾ ਫੈਲਾ ਰਮਣੀਕ ਦੀ ਰੀਸ ਨਾਲ ਬਾਪੂ ਹੀ ਕਹਿਣ ਲੱਗਾ ਸੀ। ਜਿਵੇਂ ਇਹ ਹੀ ਇਸਦਾ ਨਾਂ ਹੋਵੇ। ਉਨ੍ਹਾਂ ਦਾ ਬਾਪੂ ਨਾਲ ਇਸ ਤਰ੍ਹਾਂ ਜਾਗਦੇ ਬੰਦੇ ਵਾਲਾ ਵਿਹਾਰ ਦੇਖਕੇ ਰਮਣੀਕ ਵੀ ਬਾਪੂ ਨਾਲ ਉਨ੍ਹਾਂ ਵਾਂਗ ਹੀ ਗੱਲਾਂ ਕਰਨ ਲੱਗੀ ਸੀ। ਪਹਿਲੇ ਦਿਨਾਂ ਵਿਚ ਉਹ ਬਾਪੂ ਦੇ ਬੀਜੇ ਫੁੱਲਾਂ ਤੇ ਸਬਜ਼ੀਆਂ ਦੇ ਬੂਟਿਆਂ ਨੂੰ ਪਾਣੀ ਦਿੰਦੀ ਰਹੀ ਸੀ ਤੇ ਫਿਰ ਬਾਪੂ ਨੂੰ ਕੇਅਰ ਹੋਮ ਵਿਚ ਜਾ ਕੇ ਦੱਸਦੀ ਕਿ ਉਸਦੀ ਫੁਲਵਾੜੀ ਦਾ ਕੀ ਹਾਲ ਸੀ। ਇਕ ਦਿਨ ਕਹਿੰਦੀ, "ਬਾਪੂ, ਮੱਕੀ ਦੇ ਇਕ ਬੂਟੇ ਨੂੰ ਅੱਜ ਛੱਲੀ ਲੱਗੀ ਐ।" ਉਸ ਦਿਨ ਉਸ ਨੂੰ ਮਹਿਸੂਸ ਹੁੰਦਾ ਸੀ ਕਿ ਇਹ ਸੁਣਕੇ ਬਾਪੂ ਅੱਖਾਂ ਖੋਲ੍ਹੇਗਾ ਅਤੇ ਕਹੇਗਾ, "ਜਿਉਂਦਾ ਰਹਿ ਸ਼ੇਰਾ। ਮੇਰੀ ਬਗੀਚੀ ਦਾ ਐਨਾ ਖਿਆਲ ਰੱਖਿਐ।" ਪਰ ਰਮਣੀਕ ਨੂੰ ਇਸ ਗੱਲ ਦਾ ਬਾਪੂ 'ਤੇ ਕੋਈ ਅਸਰ ਨਹੀਂ ਸੀ ਦਿਸਿਆ। ਉਸਦੀਆਂ ਯਾਦਾਂ ਵਿਚ ਬਗੀਚੀ ਵਿਚ ਕੰਮ ਕਰਦੇ ਬਾਪੂ ਦੇ ਮਗਰ ਮਗਰ ਫਿਰਨਾ ਤੇ ਬਾਪੂ ਦੇ ਨਿਰਦੇਸ਼ਾਂ 'ਤੇ ਛੱਤੜੀ ਵਿਚੋਂ ਸੰਦ ਲਿਆ ਕੇ ਦੇਣੇ, ਪਾਣੀ ਵਾਲੀ ਟੂਟੀ ਨੂੰ ਚਲਾਉਣਾ ਤੇ ਹੋਰ ਇਸ ਤਰ੍ਹਾਂ ਦੇ ਨਿੱਕੇ ਨਿੱਕੇ ਕੰਮ ਕਰਨੇ ਘੁੰਮ ਗਏ ਸਨ। ਰਮਣੀਕ ਨੂੰ ਲੱਗਾ ਸੀ ਕਿ ਬਾਪੂ ਕਹੇਗਾ, "ਸ਼ੇਰਾ, ਮੇਰੇ ਟਮਾਟਰਾਂ ਦੇ ਬੂਟੇ ਲਿਫ ਨਾ ਜਾਣ। ਉਨ੍ਹਾਂ ਦੇ ਨਾਲ ਲੱਕੜ ਦੇ ਡੰਡੇ ਗੱਡ ਦੇਵੀਂ।" ਬਾਪੂ ਨੇ ਤਾਂ ਇਸ ਤਰ੍ਹਾ ਨਹੀਂ ਸੀ ਕਿਹਾ ਪਰ ਬਾਪੂ ਨੂੰ ਐਨੇ ਸਾਲ ਨੇੜਿਉਂ ਕੰਮ ਕਰਦੇ ਵਾਚਦਿਆਂ ਰਮਣੀਕ ਦੇ ਅਚੇਤ ਵਿਚ ਕਿਤੇ ਥੱਲੇ ਪਿਆ ਇਹ ਖਿਆਲ ਉੱਪਰ ਆ ਗਿਆ ਸੀ। ਉਸ ਨੇ ਘਰ ਜਾ ਕੇ ਪੜਛੱਤੀ ਵਿਚੋਂ ਉਹ ਡੰਡੇ ਕੱਢੇ ਅਤੇ ਟਮਾਟਰਾਂ ਦੇ ਬੂਟਿਆਂ ਦੇ ਨਾਲ ਗੱਡ ਦਿੱਤੇ। ਉਸ ਨੂੰ ਲਗਦਾ ਸੀ ਕਿ ਜਦੋਂ ਠੀਕ ਹੋ ਕੇ ਬਾਪੂ ਘਰ ਆਵੇਗਾ ਤਾਂ ਉਸ ਨੂੰ ਆਪਣੀ ਹਰੀ-ਭਰੀ ਬਗੀਚੀ ਦੇਖਕੇ ਖੁਸ਼ੀ ਹੋਵੇਗੀ। ਉਸ ਸਾਲ ਰਮਣੀਕ ਨੇ ਬਾਪੂ ਦੀ ਬੀਜੀ ਬਗੀਚੀ ਸੰਭਾਲ ਲਈ ਸੀ ਪਰ ਅਗਲੇ ਸਾਲ ਨਵੇਂ ਸਿਰਿਉਂ ਬੀਜਣ ਦੀ ਉਸ ਨੂੰ ਜਾਚ ਵੀ ਨਹੀਂ ਸੀ ਤੇ ਯੂਨੀਵਰਸਿਟੀ ਦੀ ਪੜ੍ਹਾਈ ਹੋਣ ਕਰਕੇ ਸਮਾਂ ਵੀ ਨਹੀਂ ਸੀ ਤੇ ਵੱਡੀ ਗੱਲ ਬਾਪੂ ਦੇ ਠੀਕ ਹੋਣ ਦੀ ਆਸ ਵੀ ਜਾਂਦੀ ਲੱਗੀ ਸੀ। ਪਰ ਉਹ ਯੂਨੀਵਰਸਿਟੀ ਤੋਂ ਘਰ ਮੁੜਦੀ ਕੇਅਰ ਹੋਮ ਜ਼ਰੂਰ ਜਾਂਦੀ। ਜੇ ਬਾਪੂ ਹਸਪਤਾਲ ਹੁੰਦਾ ਤਾਂ ਉੱਥੇ ਜਾਂਦੀ। ਉਸਦੇ ਡੈਡੀ ਨਹੀਂ ਸੀ ਜਾਂਦੇ। ਉਹ ਕਹਿੰਦੇ, "ਬਾਪੂ ਨੂੰ ਕੋਈ ਸੁਰਤ ਤਾਂ ਹੈਨੀ, ਫਿਰ ਕੀ ਫਾਇਦਾ ਜਾਣ ਦਾ। ਸਗੋਂ ਉਸ ਨੂੰ ਇਉਂ ਪਿਆ ਦੇਖਕੇ ਮਨ ਦੁਖੀ ਹੁੰਦਾ ਹੈ।" ਉਸਦੀਆਂ ਦੋਹੇਂ ਭੂਆ ਨੇ ਵੀ ਹੌਲ਼ੀ ਹੌਲ਼ੀ ਕੇਅਰ ਹੋਮ ਜਾਣਾ ਘਟਾ ਦਿੱਤਾ ਸੀ।

ਨਰਸ ਮੱਲ੍ਹਮ ਲਾ ਕੇ ਵਾਪਸ ਚਲੀ ਗਈ ਸੀ। ਜਦੋਂ ਪਹਿਲੀ ਵਾਰ ਬਾਪੂ ਦੇ ਪਿੰਡੇ 'ਤੇ ਇਸ ਤਰ੍ਹਾਂ ਧੱਫੜ ਬਣੇ ਸਨ, ਉਦੋਂ ਰਮਣੀਕ ਨੇ ਸੋਚਿਆ ਸੀ ਕਿ ਉਸਦੇ ਪਿੰਡੇ 'ਤੇ ਖੁਰਕ ਤਾਂ ਲੜਦੀ ਹੋਵੇਗੀ। ਫਿਰ ਕਿਉਂ ਨਹੀਂ ਉਹ ਖੁਰਕ ਕਰਦਾ ਜਾਂ ਕਿਉਂ ਉਸ ਨੂੰ ਬੇਚੈਨੀ ਨਹੀਂ ਸੀ ਹੁੰਦੀ ਖੁਰਕ ਮਹਿਸੂਸ ਕਰਕੇ। ਫਿਰ ਉਸਦੇ ਦਿਮਾਗ਼ 'ਚ ਆਈ ਕਿ ਹੋ ਸਕਦਾ ਕਿ ਉਸ ਨੂੰ ਖੁਰਕ ਮਹਿਸੂਸ ਹੀ ਨਾ ਹੁੰਦੀ ਹੋਵੇ। ਇਹ ਸੋਚਕੇ, ਉਦੋਂ ਰਮਣੀਕ ਦੇ ਮਨ ਵਿਚ ਆਇਆ ਸੀ ਕਿ ਫਿਰ ਕਿਉਂ ਅਸੀਂ ਬਾਪੂ ਨੂੰ ਲਟਕਾਇਆ ਹੋਇਆ ਹੈ, ਕਿਉਂ ਨਹੀਂ ਉਸ ਨੂੰ ਜਾਣ ਦਿੰਦੇ। ਉਸਦੇ ਦਿਮਾਗ਼ ਵਿਚ ਆਇਆ ਸੀ ਕਿ ਉਹ ਆਪਣੇ ਡੈਡੀ ਨਾਲ ਸਲਾਹ ਕਰਕੇ ਬਾਪੂ ਨੂੰ ਲਾਈਫ ਸਪੋਰਟ ਤੋਂ ਲੁਹਾ ਕੇ ਮੁਕਤੀ ਦਿਵਾ ਦੇਵੇਗੀ। ਫਿਰ ਉਸ ਅੱਗੇ ਬੇਸੁਰਤ ਪਏ ਬਾਪੂ ਦੇ ਸਿਰਾਹਣੇ ਬੈਠ ਵਿਰਲਾਪ ਕਰਦੇ ਆਪਣੇ ਡੈਡੀ ਦਾ ਚਿਹਰਾ ਆ ਗਿਆ ਸੀ। ਡੈਡੀ ਦੇ ਹਿਰਦੇਵੇਧਕ ਬੋਲ ਰਮਣੀਕ ਨੂੰ ਉਵੇਂ ਹੀ ਯਾਦ ਸਨ। "ਬਾਪੂ ਯਾਰ ਇਸ ਤਰ੍ਹਾਂ ਨਾ ਰੁੱਸ। ਬੋਲ ਕੁਝ। ਕੁਝ ਤਾਂ ਬੋਲ। ਬੋਲ ਬਾਪੂ", ਆਖਦੇ ਉਸਦੇ ਡੈਡੀ ਦੀਆਂ ਧਾਹਾਂ ਨਿਕਲ ਗਈਆਂ ਸਨ। ਉਹ ਸੀਨ ਯਾਦ ਕਰ ਕੇ ਰਮਣੀਕ ਦੀਆਂ ਅੱਖਾਂ ਤਰ ਹੋਣ ਲੱਗੀਆਂ। ਫਿਰ ਰਮਣੀਕ ਦੇ ਚੇਤਿਆਂ ਵਿਚ ਉਸਦੇ ਡੈਡੀ ਦਾ ਹਰ ਰੋਜ਼ ਕੰਮ ਤੋਂ ਵਾਪਸ ਮੁੜਕੇ ਬਾਪੂ ਕੋਲ ਬੈਠਣਾ ਆ ਗਿਆ ਸੀ, ਜਦੋਂ ਉਹ ਬੈਠੇ ਕਿੰਨੀ ਕਿੰਨੀ ਦੇਰ ਗੱਲਾਂ ਕਰਦੇ ਰਹਿੰਦੇ। ਇਹ ਸਭ ਯਾਦ ਕਰਕੇ ਰਮਣੀਕ ਨੇ ਬਾਪੂ ਨੂੰ ਲਾਈਫ ਸਪੋਰਟ ਤੋਂ ਲਹਾਉਣ ਲਈ ਡੈਡੀ ਨਾਲ

ਕੋਈ ਗੱਲ ਕਰਨ ਦਾ ਇਰਾਦਾ ਤਿਆਗ ਦਿੱਤਾ ਸੀ। ਉਸ ਨੇ ਸੋਚਿਆ ਕਿ ਸ਼ਾਇਦ ਡੈਡੀ ਨੂੰ ਹਾਲੇ ਵੀ ਆਸ ਹੋਵੇ ਬਾਪੂ ਦੇ ਸੁਰਤੀ ਫੜਨ ਦੀ। 'ਲਾਈਫ ਸਪੋਰਟ ਤੋਂ ਲਾਹੁਣ ਦੀ ਗੱਲ ਸੁਣਕੇ ਡੈਡੀ ਦੀਆਂ ਫੀਲਿੰਗਜ਼ ਹਰਟ ਹੋਣਗੀਆਂ', ਉਸ ਨੇ ਸੋਚਿਆ ਸੀ। ਤੇ ਫਿਰ ਉਸਦਾ ਅੰਦਰ ਲੁਟੇਰੇ ਪ੍ਰਤੀ ਰੰਜ ਨਾਲ ਭਰ ਗਿਆ ਸੀ, ਜਿਸਨੇ ਤੁਰੇ ਫਿਰਦੇ ਬਾਪੂ ਨੂੰ ਇਸ ਹਾਲਤ ਵਿਚ ਪਹੁੰਚਾ ਦਿੱਤਾ ਸੀ। ਕਿੰਨੇ ਹੀ ਵਾਰ ਰਮਣੀਕ ਅੰਦਰ ਉਸ ਅਣਦੇਖੇ ਬੰਦੇ ਪ੍ਰਤੀ ਗ਼ੁੱਸਾ ਉੱਠਿਆ ਸੀ।

ਪਰ ਅੱਜ ਰਮਣੀਕ ਉਸ ਅਣਦੇਖੇ ਬੰਦੇ ਪ੍ਰਤੀ ਗ਼ੁੱਸੇ ਨਾਲ ਨਹੀਂ ਸੀ ਭਰੀ। ਅੱਜ ਤਾਂ ਉਸਦੇ ਅੰਦਰ ਬਾਪੂ ਨਾਲ ਗੁਜ਼ਾਰੇ ਵਕਤ ਦੀ ਰੀਲ ਚੱਲੀ ਸੀ। ਰਾਤ ਤੋਂ ਹੀ ਕਦੇ ਕੋਈ ਘਟਨਾ ਉਸਦੇ ਚੇਤੇ ਵਿਚ ਆ ਜਾਂਦੀ ਕਦੇ ਕੋਈ। ਸਵੇਰੇ ਜਾਗਣ ਸਾਰ ਹੀ ਬਾਪੂ ਦਾ ਚਿਹਰਾ ਉਸਦੀਆਂ ਯਾਦਾਂ ਵਿਚ ਜਾਗ ਪਿਆ। ਉਹ ਉਵੇਂ ਹੀ ਬਿਸਤਰੇ ਵਿਚ ਪਈ ਰਹੀ। ਯੂਨੀਵਰਸਿਟੀ ਵਿਚ ਉਸਦੀ ਅੱਜ ਸਵੇਰ ਦੀ ਕਲਾਸ ਸੀ। ਉਸ ਨੇ ਕਲਾਸ ਲੈਣ ਸਾਈਮਨ ਫਰੇਜ਼ਰ ਯੂਨੀਵਰਸਿਟੀ ਦੇ ਬਰਨਬੀ ਵਾਲੇ ਕੈਂਪਸ 'ਚ ਜਾਣਾ ਸੀ। ਉਸ ਨੂੰ ਆਪਣੇ ਡੈਡੀ ਦੇ ਕਮਰੇ ਵਿਚਲੇ ਗ਼ੁਸਲਖਾਨੇ ਵਿਚ ਚਲਦੇ ਪਾਣੀ ਦੀ ਆਵਾਜ਼ ਸੁਣੀ। ਇਸ ਨੂੰ ਸੁਣਕੇ ਹੀ ਰਮਣੀਕ ਦੀ ਜਾਗ ਖੁਲ੍ਹਦੀ ਸੀ। ਇਸ ਖੜਕੇ ਨੂੰ ਸੁਣਨ ਸਾਰ ਹੀ ਉਸ ਨੇ ਬਿਸਤਰੇ ਵਿਚੋਂ ਨਿਕਲਣਾ ਸੀ ਤੇ ਯੂਨੀਵਰਸਿਟੀ ਲਈ ਤਿਆਰ ਹੋਣਾ ਸੀ। ਪਰ ਉਸਦਾ ਉੱਠਣ ਲਈ ਜੀਅ ਹੀ ਨਾ ਕੀਤਾ। ਉਸ ਨੂੰ ਪਤਾ ਸੀ ਕਿ ਉਸਦੀ ਮੰਮੀ ਮੇਪਲਰਿੱਜ ਵਾਲਾ ਗੈਸ ਸਟੇਸ਼ਨ ਖੋਲ੍ਹਣ ਲਈ ਸਵੇਰੇ ਪੰਜ ਵਜੇ ਹੀ ਘਰੋਂ ਜਾ ਚੁੱਕੀ ਹੋਵੇਗੀ। ਦਸ ਕੁ ਵਜੇ ਜਦੋਂ ਉਹ ਵਾਪਸ ਮੁੜਦੀ, ਰਮਣੀਕ ਯੂਨੀਵਰਸਿਟੀ ਲਈ ਜਾ ਚੁੱਕੀ ਹੁੰਦੀ। ਜਦੋਂ ਤਕ ਰਮਣੀਕ ਨੇ ਯੂਨੀਵਰਸਿਟੀ ਤੇ ਹਸਪਤਾਲ ਤੋਂ ਵਾਪਸ ਮੁੜਨਾ ਸੀ, ਉਦੋਂ ਉਸਦੀ ਮੰਮੀ ਪਿਛਲੇ ਸਾਲ ਖੋਲ੍ਹੇ ਸ਼ਰਾਬ ਦੇ ਠੇਕੇ 'ਤੇ ਹੁੰਦੀ। ਉਸਦੇ ਡੈਡੀ ਨੇ ਫਲੀਟਵੁੱਡ ਵਾਲੇ ਗੈਸ ਸਟੇਸ਼ਨ 'ਤੇ ਜਾਣ ਲਈ ਤਕਰੀਬਨ ਉਦੋਂ ਹੀ ਘਰੋਂ ਨਿਕਲਣਾ ਸੀ, ਜਦੋਂ ਰਮਣੀਕ ਯੂਨੀਵਰਸਿਟੀ ਲਈ ਜਾਂਦੀ। ਉਸਦੇ ਮੰਮੀ-ਡੈਡੀ ਤਾਂ ਸਾਰਾ ਦਿਨ ਕੰਮਾਂ ਵਿਚ ਹੀ ਰੁੱਝੇ ਰਹਿੰਦੇ। ਹਾਲੇ ਉਹ ਇਕ ਹੋਰ ਸ਼ਰਾਬ ਦਾ ਠੇਕਾ ਖੋਲ੍ਹਣ ਦੀ ਤਿਆਰੀ ਕਰ ਰਹੇ ਸਨ। ਪਰਿਵਾਰ ਵਿਚ ਬਾਪੂ ਹੀ ਸੀ, ਜਿਸ ਨਾਲ ਰਮਣੀਕ ਸਭ ਤੋਂ ਵੱਧ ਸਮਾਂ ਬਿਤਾਉਂਦੀ। ਇਸੇ ਤਰ੍ਹਾਂ ਹੀ ਚਲਦਾ ਆ ਰਿਹਾ ਸੀ। ਪਹਿਲਾਂ ਜਦੋਂ ਬਾਪੂ ਤੰਦਰੁਸਤ ਸੀ ਅਤੇ ਰਮਣੀਕ ਹਾਲੇ ਸਕੂਲ ਜਾਂਦੀ ਸੀ, ਉਦੋਂ ਉਹ ਆਖਦੀ, "ਬਾਪੂ, ਮੰਮੀ-ਡੈਡੀ ਬਿਜ਼ਨਿਸ ਵਿਚ ਬਿਜ਼ੀ ਰਹਿੰਦੇ ਆ, ਜਦੋਂ ਮੈਂ ਕਾਰ ਲੈ ਲਈ, ਤੈਨੂੰ ਮੈਂ ਲੈ ਕੇ ਜਾਇਆ ਕਰਾਂਗੀ।" ਤੇ ਜਦੋਂ ਰਮਣੀਕ ਨੇ ਕਾਰ ਲਈ, ਬਾਪੂ ਇਸ ਹਾਲਤ ਵਿਚ ਪਹੁੰਚ ਗਿਆ ਸੀ। ਬਾਪੂ ਨਾਲ ਕੀਤੇ ਵਾਅਦਿਆਂ ਨੂੰ ਯਾਦ ਕਰਦੀ ਰਮਣੀਕ ਨੇ ਗੈਰਾਜ ਦੇ ਖੁੱਲ੍ਹਣ ਦੀ ਆਵਾਜ਼ ਸੁਣੀ। ਉਸਦੇ ਡੈਡੀ ਘਰੋਂ ਚਲੇ ਗਏ ਸਨ। ਉਹ ਬਿਸਤਰੇ ਵਿਚੋਂ ਨਿਕਲੀ ਅਤੇ ਬਾਪੂ ਦੇ ਕਮਰੇ ਵਿਚ ਚਲੀ ਗਈ। ਬੰਨ੍ਹ ਕੇ ਰੱਖੀਆਂ ਬਾਪੂ ਦੀਆਂ ਪੱਗਾਂ ਡ੍ਰੈਸਰ 'ਤੇ ਉਵੇਂ ਹੀ ਚਿਣੀਆਂ ਪਈਆਂ ਸਨ, ਜਿਵੇਂ ਬਾਪੂ ਰੱਖ ਗਿਆ ਸੀ। ਉਹ ਧੋਤੀ ਹੋਈ ਪੱਗ ਬੰਨ੍ਹ ਕੇ ਢਾਹੁੰਦਾ ਨਹੀਂ ਸੀ, ਸਿਰ ਤੋਂ ਲਾਹ ਕੇ ਉਵੇਂ ਹੀ ਰੱਖ ਦਿੰਦਾ। ਬਾਹਰ ਜਾਣ ਲੱਗਾ ਉਵੇਂ ਹੀ ਬੰਨ੍ਹੀ ਬੰਨ੍ਹਾਈ ਸਿਰ 'ਤੇ ਰੱਖ ਲੈਂਦਾ। ਰਮਣੀਕ ਪੱਗਾਂ ਵੱਲ ਦੇਖਦੀ ਰਹੀ। ਫਿਰ ਉਹ ਬਾਪੂ ਦੇ ਬੈੱਡ 'ਤੇ ਬੈਠ ਗਈ। ਉਸ ਨੂੰ ਲੱਗਾ ਜਿਵੇਂ ਬਾਪੂ ਦੀ ਆਵਾਜ਼ ਆਵੇਗੀ, "ਰਮਣੀਕ ਸ਼ੇਰਾ, ਸਕੂਲੋਂ ਲੇਟ ਹੋ ਜਾਵੇਂਗੀ। ਆ ਜਾ ਹੁਣ।" ਉਦੋਂ ਰਮਣੀਕ ਨੂੰ ਬਾਪੂ ਦਾ ਇਸ ਤਰ੍ਹਾਂ ਸਵੇਰੇ ਸਵੇਰੇ ਸਕੂਲ ਲਈ ਕਾਹਲ਼ੀ ਮਚਾਉਣਾ ਬੁਰਾ ਲਗਦਾ ਹੁੰਦਾ। ਅੱਜ ਉਹ ਉਸ ਆਵਾਜ਼ ਲਈ ਤਰਸ ਰਹੀ ਸੀ। ਰਮਣੀਕ ਨੂੰ ਬਿਸਤਰੇ ਵਿਚੋਂ ਬਾਪੂ ਵਰਗੀ ਗੰਧ ਮਹਿਸੂਸ ਹੋਈ। ਭਾਵੇਂ ਇਸ ਬਿਸਤਰੇ ਵਿਚ ਬਾਪੂ ਦੇ ਕੌਮਾ ਵਿਚ ਜਾਣ ਤੋਂ ਬਾਅਦ ਪਹਿਲਾਂ ਵੱਡੇ ਭੂਆ ਫੁੱਫੜ ਇੰਡੀਆ ਤੋਂ ਆ ਕੇ ਸੌਂਦੇ ਰਹੇ ਸਨ ਤੇ ਫਿਰ ਛੋਟੇ।

ਰਮਣੀਕ ਨੇ ਬਾਪੂ ਦਾ ਇੰਡੀਆ ਤੋਂ ਪਤਾ ਲੈਣ ਆਈ ਵੱਡੀ ਭੂਆ ਨੂੰ ਕਿਹਾ ਸੀ, "ਭੂਜੀ, ਪਲੀਜ਼ ਬਾਪੂ ਦੀਆਂ ਪੱਗਾਂ ਤੇ ਬਾਪੂ ਦੇ ਹੋਰ ਸਟੱਫ ਨੂੰ ਮੂਵ ਨਾ ਕਰਿਓ। ਜਿੱਥੇ ਪਿਆ, ਉੱਥੇ ਈ

ਪਿਆ ਰਹਿਣ ਦਿਓ।"

"ਲੈ ਤੇਰਾ ਕੁਛ ਜਿਆਦਾ ਬਾਪੂ ਐ, ਮੇਰਾ ਨੀ ਕੁਛ ਲਗਦਾ ਉਹ?" ਉਸਦੀ ਭੂਆ ਨੇ ਕਿਹਾ ਸੀ ਤੇ ਫਿਰ ਉਹ ਰਮਣੀਕ ਨੂੰ ਬੁੱਕਲ਼ ਵਿਚ ਲੈ ਕੇ ਬੋਲੀ ਸੀ, "ਮੇਰਾ ਪਿਉ ਐ।" ਤੇ ਉਨ੍ਹਾਂ ਨੇ ਬਾਪੂ ਦੀਆਂ ਪੱਗਾਂ ਨੂੰ ਉਵੇਂ ਹੀ ਪਏ ਰਹਿਣ ਦਿੱਤਾ ਸੀ। ਉਨ੍ਹਾਂ ਨੇ ਰਮਣੀਕ ਦੇ ਆਖੇ ਲੱਗਕੇ ਬਾਪੂ ਦੀ ਕੱਪੜਿਆਂ ਵਾਲੀ ਅਲਮਾਰੀ ਵਿਚ ਟੰਗੇ ਕੱਪੜਿਆਂ ਨੂੰ ਵੀ ਨਹੀਂ ਸੀ ਛੇੜਿਆ। ਉਹ ਦੂਜੀ ਅਲਮਾਰੀ ਵਰਤਦੇ ਰਹੇ ਸਨ। ਛੇ ਮਹੀਨਿਆਂ ਬਾਅਦ ਛੋਟੀ ਭੂਆ-ਫੁੱਫੜ ਦੇ ਇੰਡੀਆ ਤੋਂ ਆਉਣ ਪਿੱਛੋਂ ਵੱਡੀ ਭੂਆ-ਫੁੱਫੜ ਆਪਣੀ ਬੇਸਮੈਂਟ ਲੈ ਕੇ ਰਹਿਣ ਲੱਗੇ ਸਨ ਤੇ ਛੋਟੇ ਭੂਆ ਫੁੱਫੜ ਇਸ ਕਮਰੇ ਵਿਚ ਰਹਿਣ ਲੱਗੇ ਸਨ। ਉਨ੍ਹਾਂ ਨੇ ਵੀ ਇਸ ਕਮਰੇ ਵਿਚ ਪਈਆਂ ਬਾਪੂ ਦੀਆਂ ਚੀਜ਼ਾਂ ਨਾਲ ਛੇੜ ਛਾੜ ਨਹੀਂ ਸੀ ਕੀਤੀ। ਮਹੀਨਾ ਕੁ ਪਹਿਲਾਂ ਉਹ ਵੀ ਫਲੀਟਵੁੱਡ ਵਾਲੇ ਗੈਸ ਸਟੇਸ਼ਨ ਦੇ ਉੱਪਰ ਬਣੇ ਅਪਾਰਟਮੈਂਟ ਵਿਚ ਰਹਿਣ ਲੱਗੇ ਸਨ। ਬਾਪੂ ਤੋਂ ਬਾਅਦ ਐਨੇ ਜਣਿਆਂ ਦੇ ਇਸ ਬੈੱਡ ਵਿਚ ਪੈਣ ਤੋਂ ਬਾਅਦ ਵੀ ਰਮਣੀਕ ਨੂੰ ਉਸ ਵਿਚੋਂ ਬਾਪੂ ਦੀ ਗੰਧ ਮਹਿਸੂਸ ਹੋ ਰਹੀ ਸੀ। ਬੈੱਡ ਦੇ ਨਾਲ ਵਾਲੇ ਮੇਜ਼ 'ਤੇ ਬਾਪੂ ਦੀ ਫੋਟੋ ਪਈ ਸੀ, ਜਿਸ ਵਿਚ ਉਹ ਬਾਪੂ ਦੀ ਉਂਗਲ ਫੜੀ ਖੜ੍ਹੀ ਸੀ। ਇਹ ਉਦੋਂ ਦੀ ਹੀ ਫੋਟੋ ਸੀ, ਜਦੋਂ ਬਾਪੂ ਵੈਨਕੂਵਰ ਆਇਆ ਸੀ। 'ਬਾਰਾਂ-ਤੇਰਾਂ ਸਾਲ ਦਾ ਸਾਥ ਸੀ ਬਾਪੂ ਨਾਲ', ਰਮਣੀਕ ਨੇ ਫੋਟੋ ਵੱਲ ਦੇਖਦਿਆਂ ਸੋਚਿਆ।'ਬਾਪੂ, ਮੇਰੇ ਕਰਕੇ ਹੀ ਇੱਥੇ ਆਇਆ ਸੀ', ਉਸਦੇ ਦਿਮਾਗ਼ ਵਿਚ ਫਿਰ ਆਇਆ।

ਬਾਪੂ ਨੇ ਇਵੇਂ ਹੀ ਕਿਹਾ ਸੀ ਰਮਣੀਕ ਨੂੰ, "ਸ਼ੇਰਾ, ਮੈਂ ਤਾਂ ਤੇਰੇ ਕਰਕੇ ਮੁੜਕੇ ਆਇਐਂ ਇੱਥੇ। ਪਹਿਲਾਂ ਤਾਂ ਮੈਂ ਆ ਕੇ ਵਾਪਸ ਮੁੜ ਗਿਆ ਸੀ। ਮੇਰਾ ਜੀਅ ਨੀ ਸੀ ਲੱਗਾ ਇੱਥੇ।" ਤੇ ਫਿਰ ਉਹ ਬੋਲਿਆ ਸੀ, "ਸ਼ੇਰਾ, ਤੈਨੂੰ ਡਰ ਨੀ ਲੱਗਾ ਓਨ੍ਹਾਂ ਕੋਲ਼ੋਂ?"

"ਡਰ ਤਾਂ ਲਗਦਾ ਸੀ।" ਰਮਣੀਕ ਬੋਲੀ ਸੀ।

"ਉਹ ਲੁਟੇਰੇ ਚੰਗੇ ਸੀ, ਜੇ ਖੂੰਖਾਰ ਕਿਸਮ ਦੇ ਹੁੰਦੇ ਤਾਂ ਪਤਾ ਨੀ ਕੀ ਬਣਨਾ ਸੀ। ਇਸੇ ਡਰ ਕਰਕੇ ਮੈਂ ਆ ਗਿਆ।" ਬਾਪੂ ਬੋਲਿਆ ਸੀ। ਉਸ ਘਟਨਾ ਤੋਂ ਬਾਅਦ ਹੀ ਉਹ ਰਮਣੀਕ ਨੂੰ 'ਸ਼ੇਰ' ਕਹਿਣ ਲੱਗਾ ਸੀ।

ਰਮਣੀਕ ਆਪਣੇ ਕਮਰੇ ਵਿਚ ਸੀ, ਜਦੋਂ ਦੋ ਨਕਾਬਪੋਸ਼ ਲੁਟੇਰੇ ਉਨ੍ਹਾਂ ਦੇ ਘਰ ਵਿਚ ਘੁਸ ਗਏ ਸਨ। ਉਦੋਂ ਉਹ ਤੀਜੀ ਵਿਚ ਪੜ੍ਹਦੀ ਸੀ। ਕੁਝ ਮਿੰਟ ਪਹਿਲਾਂ ਹੀ ਉਸਦੀ ਮੰਮੀ ਉਸ ਨੂੰ ਸਕੂਲੋਂ ਲੈ ਕੇ ਆਈ ਸੀ। ਰਮਣੀਕ ਆਪਣੇ ਕਮਰੇ ਵਿਚ ਸਕੂਲ ਵਾਲੇ ਕੱਪੜੇ ਬਦਲ ਰਹੀ ਸੀ, ਜਦੋਂ ਉਸ ਨੇ ਆਪਣੀ ਮੰਮੀ ਦੀ ਚੀਕ ਸੁਣੀ ਸੀ। ਉਹ ਭੱਜਕੇ ਆਪਣੇ ਕਮਰੇ ਤੋਂ ਬਾਹਰ ਜਾਣ ਲੱਗੀ ਤੇ ਥਾਂਏਂ ਰੁਕ ਗਈ, ਜਦੋਂ ਉਸ ਨੇ ਦੇਖਿਆ ਕਿ ਦੋ ਨਕਾਬਪੋਸ਼ ਉਸਦੀ ਮੰਮੀ ਨੂੰ ਕੁਰਸੀ ਨਾਲ ਬੰਨ੍ਹ ਰਹੇ ਸਨ। ਤੇ ਫਿਰ ਇਕ ਬੋਲਿਆ, "ਦੱਸ ਕੈਸ਼ ਕਿੱਥੇ ਰੱਖਿਆ?"

"ਅਸੀਂ ਕੈਸ਼ ਘਰ ਨਹੀਂ ਲੈ ਕੇ ਆਉਂਦੇ, ਗੈਸ ਸਟੇਸ਼ਨ ਤੋਂ ਸਿੱਧਾ ਬੈਂਕ ਜਮ੍ਹਾਂ ਕਰਾ ਆਉਨੇ ਆਂ।" ਰਮਣੀਕ ਨੂੰ ਆਪਣੀ ਮੰਮੀ ਦੀ ਇਹ ਆਵਾਜ਼ ਸੁਣੀ। ਫਿਰ ਲੁਟੇਰੇ ਦੀ। ਉਹ ਬੋਲਿਆ, "ਜੇ ਜਾਨ ਪਿਆਰੀ ਹੈ ਤਾਂ ਛੇਤੀ ਦੱਸ। ਨਹੀਂ ਤਾਂ---।" ਤੇ ਰਮਣੀਕ ਨੇ ਆਪਣੇ ਪਿੱਗੀਬੈਂਕ ਨੂੰ ਚੁੱਕਿਆ ਅਤੇ ਸਹਿਮੀ ਸਹਿਮੀ ਲੁਟੇਰਿਆਂ ਕੋਲ਼ ਜਾ ਕੇ ਬੋਲੀ, "ਆਹ ਹੀ ਹੈ ਮੇਰੇ ਕੋਲ਼। ਸਾਰੇ ਲੈ ਲਵੋ ਪਰ ਮੇਰੀ ਮੰਮੀ ਨੂੰ ਕੁਝ ਨਾ ਕਹੋ। ਪਲੀਜ਼।"

ਲੁਟੇਰਿਆਂ ਨੇ ਇਕ-ਦੂਜੇ ਵੱਲ ਦੇਖਿਆ ਤੇ ਬਿਨਾਂ ਕੁਝ ਲਿਆਂ ਘਰੋਂ ਨਿਕਲ ਗਏ। ਉਨ੍ਹਾਂ ਨੂੰ ਤਾਂ ਰਮਣੀਕ ਕਦੋਂ ਦੀ ਭੁੱਲ ਭਲਾ ਗਈ ਸੀ। ਉਸਦੇ ਦਿਮਾਗ਼ ਵਿਚ ਤਾਂ ਬਾਪੂ ਨੂੰ ਇਸ ਹਾਲਤ ਵਿਚ ਪਹੁੰਚਾਉਣ ਵਾਲਾ ਲੁਟੇਰਾ ਆ ਕੇ ਖਲਬਲੀ ਮਚਾਉਂਦਾ ਸੀ।

ਫੋਟੋ ਵੱਲ ਦੇਖਦੀ ਦੇਖਦੀ ਰਮਣੀਕ ਦੇ ਦਿਮਾਗ਼ ਵਿਚ ਉਹ ਫਿਰ ਆ ਗਿਆ ਸੀ। ਉਸ ਨੇ ਸੋਚਿਆ ਕਿ ਜੇ ਲੁਟੇਰਾ ਬਾਪੂ ਦਾ ਸੋਨੇ ਦਾ ਕੜਾ ਖੋਹਣਾ ਚਾਹੁੰਦਾ ਸੀ ਤਾਂ ਖੋਹ ਲੈਂਦਾ। ਇਸ ਤਰ੍ਹਾਂ

ਮਾਰਨਾ ਕਿਉਂ ਸੀ। ਫਿਰ ਉਹੀ ਗੱਲ ਉਸਦੇ ਦਿਮਾਗ਼ ਵਿਚ ਆਈ, ਜਿਹੜੀ ਪਹਿਲਾਂ ਵੀ ਕਈ ਵਾਰ ਉਸਦੇ ਦਿਮਾਗ਼ ਵਿਚ ਆਈ ਸੀ ਕਿ ਬਾਪੂ ਚੁੱਪ ਕਰ ਕੇ ਕੜਾ ਫੜਾ ਦਿੰਦਾ ਉਸ ਨੂੰ। ਕਿਉਂ ਉਲਝਿਆ ਉਸ ਨਾਲ।

ਸੈਰ ਕਰਨ ਗਏ ਬਾਪੂ ਵੱਲ ਇਕ ਲੁਟੇਰਾ ਝਪਟਿਆ ਸੀ। ਬਾਪੂ ਨੇ ਆਪਣੀ ਛਤਰੀ ਨਾਲ ਉਸ 'ਤੇ ਵਾਰ ਕਰ ਦਿੱਤਾ ਸੀ ਪਰ ਲੁਟੇਰੇ ਦੇ ਹੱਥ ਵਿਚ ਫੜੀ ਚੇਨ ਦਾ ਛਤਰੀ ਮੁਕਾਬਲਾ ਨਹੀਂ ਸੀ ਕਰ ਸਕੀ। ਬਾਪੂ ਸੜਕ 'ਤੇ ਡਿੱਗ ਪਿਆ ਸੀ। ਉਸਦੀ ਪੱਗ ਪਰ੍ਹਾਂ ਜਾ ਡਿੱਗੀ ਸੀ। ਕਿਸੇ ਰਾਹ ਜਾਂਦੇ ਦੀ ਲਲਕਾਰ ਸੁਣਕੇ ਲੁਟੇਰਾ ਭੱਜ ਗਿਆ ਸੀ ਪਰ ਉਹ ਜਾਂਦਾ ਜਾਂਦਾ ਬਾਪੂ ਦੇ ਸਿਰ 'ਤੇ ਚੇਨ ਨਾਲ ਵਾਰ ਕਰ ਗਿਆ ਸੀ।

ਰਮਣੀਕ ਕੁਝ ਦੇਰ ਉਸੇ ਤਰ੍ਹਾਂ ਹੀ ਬਾਪੂ ਦੀਆਂ ਯਾਦਾਂ ਵਿਚ ਗਵਾਚੀ ਉਸਦੇ ਕਮਰੇ ਵਿਚ ਬੈਠੀ ਰਹੀ। ਫਿਰ ਮਨ ਹੀ ਮਨ ਕੀਤੇ ਫੈਸਲੇ ਬਾਰੇ ਸੋਚਿਆ। ਉਸਦਾ ਬਾਪੂ ਨੂੰ ਮਿਲਣ ਲਈ ਮਨ ਉਤਾਵਲਾ ਹੋਣ ਲੱਗਾ। ਉਹ ਉੱਠ ਕੇ ਹਸਪਤਾਲ ਵੱਲ ਚੱਲ ਪਈ।

ਬਾਪੂ ਦੇ ਸਾਹਮਣੇ ਬੈਠੀ ਰਮਣੀਕ ਕੁਝ ਦੇਰ ਟਿਕਟਿਕੀ ਲਾ ਕੇ ਉਸ ਵੱਲ ਦੇਖਦੀ ਰਹੀ। ਬਾਪੂ ਨੂੰ ਲਾਈਫ ਸਪੋਰਟ ਤੋਂ ਲਹਾਉਣ ਦੇ ਆਪਣੇ ਫੈਸਲੇ ਬਾਰੇ ਸੋਚਕੇ ਉਸਦੇ ਮਨ ਨੂੰ ਹੌਲ ਪਿਆ। ਉਸ ਨੇ ਉੱਠ ਕੇ ਬਾਪੂ ਨੂੰ ਜੱਫੀ ਪਾ ਲਈ। ਮੁੜ ਕੁਰਸੀ 'ਤੇ ਬੈਠ ਕੇ ਉਸ ਨੇ ਨਜ਼ਰ ਭਰ ਕੇ ਬਾਪੂ ਵੱਲ ਦੇਖਿਆ। ਉਸਦੇ ਮਨ ਵਿਚ ਰਾਤ ਵਾਲੀ ਗੱਲ ਆ ਗਈ। ਉਹ ਗੱਲ ਚੇਤੇ ਕਰਕੇ ਰਮਣੀਕ ਦੀਆਂ ਅੱਖਾਂ ਫਿਰ ਤਰ ਹੋ ਗਈਆਂ।

ਸਿਰ ਵਿਚ ਦਰਦ ਹੋਣ ਕਰਕੇ ਜਲਦੀ ਹੀ ਆਪਣੇ ਕਮਰੇ ਦੀ ਬੱਤੀ ਬੰਦ ਕਰਕੇ ਰਮਣੀਕ ਸੌਣ ਦੀ ਕੋਸ਼ਿਸ਼ ਕਰਨ ਲੱਗੀ ਸੀ ਪਰ ਨੀਂਦ ਨਹੀਂ ਸੀ ਆਈ। ਉਸਦੇ ਮੰਮੀ-ਡੈਡੀ ਨੇ ਸ਼ਾਇਦ ਉਸ ਨੂੰ ਸੁੱਤੀ ਸਮਝ ਲਿਆ ਸੀ। ਉਨ੍ਹਾਂ ਦੀ ਗੱਲਬਾਤ ਰਮਣੀਕ ਦੇ ਕੰਨੀਂ ਪੈ ਗਈ। ਉਸਦੀ ਮੰਮੀ ਆਖ ਰਹੀ ਸੀ, "ਬਾਪੂ ਨੂੰ ਫਿਰ ਹਸਪਤਾਲ ਲੈ ਗਏ। ਹੁਣ ਕੁਝ ਛੇਤੀ ਹੀ ਹੋਣ ਲੱਗੀ ਐ ਇਨਫੈਕਸ਼ਨ।"

"ਹਾਂ, ਹੋਣ ਤਾਂ ਲੱਗੀ ਐ। ਛੇ ਕੁ ਮਹੀਨੇ ਹੋਰ ਕਢਵਾ ਜਾਵੇ ਬਾਪੂ ਤਾਂ ਚੰਗੈ," ਇਹ ਰਮਣੀਕ ਦੇ ਡੈਡੀ ਦੀ ਆਵਾਜ਼ ਸੀ।

"ਪਰ ਬਾਪੂ ਦੀ ਹਾਲਤ ਦੇਖਕੇ ਹੁਣ ਤਾਂ ਤਰਸ ਆਉਂਦੈ। ਕਈ ਵਾਰ ਤਾਂ ਜੀਅ ਕਰਦੈ ਕਿ ਲਾਈਫ ਸਪੋਰਟ ਤੋਂ ਲੁਹਾ ਹੀ ਦੇਈਏ। ਕੀ ਫਾਇਦਾ, ਹੁਣ ਕਿਹੜਾ ਬਾਪੂ ਨੇ ਵਾਪਸ ਆਉਣੈ।"

"ਫਾਇਦੇ ਦਾ ਤੈਨੂੰ ਪਤਾ ਹੀ ਹੈ। ਇਸ ਬਹਾਨੇ ਦੋਹੇਂ ਭੈਣਾਂ ਇੱਥੇ ਬੁਲਾ ਕੇ ਸੈੱਟ ਕਰਤੀਆਂ। ਆਪਣੇ ਭਾਣੇ ਤਾਂ ਬਾਪੂ ਚਲਾ ਹੀ ਗਿਐ। ਆਹ ਹੁਣ ਭੂਆ ਦੇ ਪੁੱਤ ਨੂੰ ਮੰਗਵਾ ਲਈਏ। ਆਪਣੇ ਨਵੇਂ ਲੀਕੁਰ ਸਟੋਰ ਲਈ ਵੀ ਬੰਦਾ ਚਾਹੀਦਾ ਹੋਵੇਗਾ...।"

ਇਸ ਤੋਂ ਅੱਗੇ ਰਮਣੀਕ ਨੂੰ ਕੁਝ ਨਹੀਂ ਸੁਣਿਆ। ਉਸ ਨੂੰ ਆਪਣੇ ਕੰਨਾਂ 'ਤੇ ਵਿਸ਼ਵਾਸ ਨਾ ਹੋਇਆ। ਉਸਦੇ ਅੰਦਰ ਲਾਟ ਉੱਠੀ। ਉਸ ਨੇ ਆਪਣੇ ਉੱਪਰ ਲਏ ਕੰਬਲ ਨੂੰ ਵਗਾਹ ਮਾਰਿਆ ਅਤੇ ਆਪਣੇ ਮਾਂ-ਬਾਪ ਮੂਹਰੇ ਜਾ ਖੜ੍ਹੀ ਤੇ ਬੋਲੀ, "ਤਾਂ ਏਸੇ ਕਰਕੇ ਤੁਸੀਂ ਬਾਪੂ ਨੂੰ ਰੱਖਿਆ ਹੋਇਐ?" ਉਸ ਨੇ ਆਪਣੇ ਡੈਡੀ ਦੀਆਂ ਅੱਖਾਂ ਵਿਚ ਅੱਖਾਂ ਪਾ ਕੇ ਦੇਖਿਆ। ਉਹ ਅਵਾਕ ਰਮਣੀਕ ਵੱਲ ਦੇਖਦਾ ਰਿਹਾ ਜਿਵੇਂ ਸੰਨ੍ਹ ਵਿਚ ਫੜਿਆ ਗਿਆ ਹੋਵੇ। ਫਿਰ ਉਸ ਦੀਆਂ ਅੱਖਾਂ ਝੁਕ ਗਈਆਂ ਸਨ। 000

***(14913 - 83A Ave, Surrey, B.C. CANADA V3S 7S2***
***Phone: 1-778-231-1189 Email: hsekha@hotmail.com)***

# ਠੇਡਾ: ਕਹਾਣੀ: ਭਗਵੰਤ ਰਸੂਲਪੁਰੀ

ਹੁੱਕਾ ਪੀਂਦਿਆਂ, ਚਾਨਣ ਅੰਦਰ ਵੱਲ ਝਾਕਦਾ ਬੋਲਦਾ ਏ, "ਪ੍ਰਕਾਸ਼ੋ! ਅੰਦਰੋਂ ਮੰਜਾ ਚੁੱਕ ਲਿਆ... ਮਿੰਦਰੀ ਆਈ ਆ... ਕੁੜੀ ਦੇ ਵਿਆਹ ਦੀ ਭੇਲੀ ਲੈ ਕੇ।"

ਪ੍ਰਕਾਸ਼ੋ ਅੰਦਰੋਂ ਭੱਜੀ ਆਉਂਦੀ ਏ। ਕੁੜੀ ਦੇ ਨੇੜੇ ਆ ਕੇ, "ਨੀਂ ਮਿੰਦਰੀ! ਅੰਦਰ ਧੁਸ ਦੇ ਕੇ ਆ ਵੜੀ, ਦਰਾਂ 'ਚ ਤੇਲ ਤਾਂ ਚਵਾ ਲੈਣ ਦਿੰਦੀ। ਸ਼ਗਨਾਂ ਦਾ ਕੰਮ ਹੁੰਦਾ। ਚੱਲ ਉੱਠ! ਭੇਲੀ ਆਲ਼ੀ ਗੰਢ ਨੂੰ ਦਲਾਨ ਅੰਦਰ ਲੈ ਆ, ਮੈਂ ਦਰਾਂ 'ਚ ਤੇਲ ਵੀ ਚਵਾ ਲਵਾਂ। ਪ੍ਰਕਾਸ਼ੋ ਕਾਹਲ਼ੀ ਨਾਲ ਸਗਨ ਵਾਲਾ ਕੰਮ ਨਿਬੇੜ ਦੇਣਾ ਚਾਹੁੰਦੀ ਏ। ਘਰ ਆਈ ਮਿੰਦਰੋ ਨੂੰ ਵੇਖ ਉਹਨੂੰ ਚਾਅ ਚੜ੍ਹ ਜਾਂਦਾ ਏ।

ਉਧਰੋਂ ਚਾਨਣ ਨੂੰ ਸਾਹਮਣੇ ਕੋਠੇ 'ਤੇ ਘੁੰਮਦਾ ਆਪਣਾ ਮੁੰਡਾ ਸ਼ਾਮ ਸਿੰਘ ਦਿਸਦਾ ਏ। ਉਹ ਸ਼ਾਮੇ ਨੂੰ 'ਵਾਜ਼ ਮਾਰ ਕੇ ਸੱਦ ਲੈਂਦਾ ਏ। ਐਨੇ ਨੂੰ ਨ੍ਹਾਮਾ ਵੀ ਆ ਜਾਂਦਾ ਏ। ਸ਼ਾਮ ਸਿੰਘ ਸਿਰ 'ਤੇ ਪਟਕਾ ਬੰਨ੍ਹ ਕੇ ਆ ਬੈਠਦਾ ਏ। ਛੋਟਾ ਮੁੰਡਾ ਰਾਮਾ ਤਾਂ ਚਾਨਣ ਦੇ ਨਾਲ ਹੀ ਰਹਿੰਦਾ ਏ। ਇਹ ਤਿੰਨੇ ਮੁੰਡੇ ਚਾਨਣ ਦੇ ਨੇ। ਸਾਰੇ ਆਪਣੇ-ਆਪਣੇ ਘਰ ਜੁਦੇ ਕੀਤੇ ਹੋਏ ਨੇ। ਉਹਨੇ ਚੜ੍ਹਦੀ ਉਮਰੇ ਸਾਰਿਆਂ ਦੇ ਵਿਆਹ ਕਰ ਦਿੱਤੇ ਸਨ। ਲਓ ਬਈ ਆਪਣੀ ਕਮਾਓ ਤੇ ਖਾਓ। ਮਿੰਦਰੋ ਸਾਰਿਆਂ ਨਾਲੋਂ ਵੱਡੀ ਸੀ। ਜਿਸ ਦੀ ਕੁੜੀ ਦਾ ਵਿਆਹ ਸੀ।

ਵਿਹੜੇ 'ਚ ਪ੍ਰਕਾਸ਼ੋ ਚਾਨਣ ਦੇ ਨੇੜੇ ਆ ਕੇ ਕਹਿਣ ਲੱਗਦੀ ਏ, "ਮੈਂ ਕਿਹਾ ਮਿੰਦਰੋਂ ਦੇ ਭਾਪਾ! ਨੇਰ੍ਹਾ ਕਾਹਨੂੰ ਕਰਨਾ। ਮਿੰਦਰੋ ਕੁੜੀ ਦੇ ਦਿਨ ਲੈ ਕੇ ਆਈ ਆ, ਐਵੇਂ ਗਿੱਲਾ ਪੀਹਣ ਨਾ ਪਾ ਕੇ ਬੈਠ ਜਾਵੀਂ... ਮੈਂ ਓਨਾ ਚਿਰ ਸ਼ਰੀਕੇ-ਭਾਈਚਾਰੇ ਨੂੰ ਕਹਿ ਆਵਾਂ। ਸ਼ਗਨਾਂ ਦਾ ਕੰਮ ਵੇਲ਼ੇ ਸਿਰ ਨਿਬੇੜ ਲਈਏ।"

'ਚਲੋ-ਚਲੋ।" ਰਾਮਾ ਤੇ ਨ੍ਹਾਮਾ ਇਕੱਠੇ ਉੱਠਦੇ ਕਹਿੰਦੇ ਨੇ। ਸ਼ਾਮ ਸਿੰਘ ਆਪਣੇ ਭਾਪੇ ਚਾਨਣ ਨੂੰ ਆਸਰਾ ਦਿੰਦਾ ਅੰਦਰ ਦਲਾਨ 'ਚ ਲੈ ਤੁਰਦਾ ਏ। ਸਾਰੇ ਥਾਓਂ-ਥਾਈਂ ਮੰਜਿਆਂ 'ਤੇ ਬੈਠ ਜਾਂਦੇ ਨੇ। ਸ਼ਰੀਕੇ ਦੀਆਂ ਬੁੜ੍ਹੀਆਂ ਆ ਜਾਂਦੀਆਂ ਨੇ। ਕੁਝ ਬੰਦੇ ਆ ਬੈਠਦੇ ਨੇ। ਵਧਾਈਆਂ ਨੀਂ ਕੁੜੀਏ... ਵਧਾਈਆਂ, ਦੀਆਂ ਆਵਾਜ਼ਾਂ ਤੋਂ ਬਾਅਦ ਸਾਰੇ ਟਿਕ ਜਾਂਦੇ ਨੇ।

"ਭੈਣੇ ਕਿਹੜਾ ਪੈਲੇਸ ਕੀਤਾ ਫੇ?" ਨ੍ਹਾਮਾ ਗੱਲ ਤੋਰਨ ਲਈ ਕਹਿੰਦਾ ਏ।

"ਪੈਲਸ ਤੇ ਭਰਾਵਾ ਖਬਰ ਨੀਂ ਰੈਲ਼-ਰੈਲ਼ ਕਹਿੰਦੇ ਸੀ, ਕਾਰਡ 'ਤੇ ਲਿਖਿਆ ਸਾਰਾ ਕੁਛ।"

"ਆਨੰਦ ਕਾਰਜ ਤਾਂ ਪਿੰਡ ਆਲ਼ੇ ਗੁਰਦਵਾਰੇ ਹੋ ਜੂ ਗੇ।" ਸ਼ਾਮ ਸਿੰਘ ਸਿਰ 'ਤੇ ਬੰਨ੍ਹਿਆ ਪਟਕਾ ਠੀਕ ਕਰਦਾ ਬੋਲਦਾ ਏ।

"ਨਾ ਭਰਾਵਾ! ਸ਼ੁੱਭ-ਸ਼ੁੱਭ ਬੋਲ! ਲਾਗਲੇ ਪਿੰਡ ਸਾਡਾ ਚਰਚ ਜੂ ਆ... ਉੱਥੇ ਈ ਸ਼ਗਨਾਂ ਦੇ ਕੰਮ ਹੋ ਜਾਣੇ ਨੇ। ਪਾਸਟਰ ਜੀ ਨੇ ਮੈਰਜ ਕਰ ਦੇਣੀ ਆ। ਮੁੰਡੇ-ਕੁੜੀ ਨੇ ਇਕ ਦੂਜੇ ਦੇ ਹਾਰ ਪਾ ਦੇਣੇ ਆ। ਉੱਥੇ ਈ ਕੇਕ ਕੱਟ ਦੇਣਾ... ਤੈਨੂੰ ਪਤਾ ਤਾਂ ਹੈ... ਫੇ ਤੂੰ ਹਟਦਾ ਨੀਂ ਚੁਆਤੀ ਲਾਉਣ ਤੋਂ... ਨਾਲੇ ਕੁੜੀ ਕਹਿੰਦੀ ਸੀ ਮਾਮਿਆਂ ਨੂੰ ਕਹੀਂ ਮੈਂ ਵਿਆਹ 'ਤੇ ਗਾਊਨ ਪਾਉਣਾ... ਦੁੱਧ ਚਿੱਟਾ... ਓਨੇਂ ਆਪੇ ਪਸੰਦ ਕਰ ਲੈਣਾ... ਤੁਸੀਂ ਪੈਸੇ ਨਾਨਕਾ ਛੱਕ 'ਚ ਰੱਖ ਦਿਓ।" ਮਿੰਦਰੀ ਸ਼ਾਮ ਸਿੰਘ ਵੱਲ ਝਾਕਦੀ ਕਹਿੰਦੀ ਏ।

"ਅੱਛਾ...ਛਾ...ਆ।" ਵਿਹੜੇ ਦੀਆਂ ਦੋ-ਤਿੰਨ ਬੁੜ੍ਹੀਆਂ ਹੈਰਾਨ ਜਿਹੀਆਂ ਹੋ ਜਾਂਦੀਆਂ ਨੇ।

"ਹੁਣ ਤਾਂ ਉਲਟੀ ਨੇਰ੍ਹੀ ਵਗਣ ਲੱਗ ਪੀ ਆ...।" ਰਾਮਾ ਹੋਰ ਕਹਿੰਦਾ-ਕਹਿੰਦਾ ਰੁਕ ਜਾਂਦਾ

ਏ। ਚਾਨਣ ਗ਼ੁੱਸੇ ਨਾਲ ਉਹਦੇ ਵੱਲ ਝਾਕਦਾ ਏ। ਰਾਮੇ ਦੇ ਗਲ਼ 'ਚ ਪਾਇਆ 'ਹਰਿ' ਦਾ ਲਾਕਟ ਬੱਲਬ ਦੀ ਪੀਲੀ ਰੌਸ਼ਨੀ ਨਾਲ ਚਮਕਦਾ ਏ।

"ਚਲ ਕੋਈ ਨਾ... ਸਾਰੇ ਗੁਰੂ ਦੇ ਘਰ ਆ।" ਸ਼ਰੀਕੇ 'ਚੋਂ ਇਕ ਬਜ਼ੁਰਗ ਤੋਲਵੇਂ ਬੋਲ ਬੋਲਦਾ ਏ।

"ਚੱਲ ਕੁੜੀਏ ਤੂੰ ਆਪਣਾ ਕਾਰਜ ਕਰ।" ਪ੍ਰਕਾਸ਼ੋ ਸਾਰਿਆਂ ਦੀ ਸੋਚ ਤੋੜ ਦਿੰਦੀ ਏ।

"ਠਹਿਰ ਬੀਬੀ! ਪਹਿਲਾਂ ਪ੍ਰਾਥਨਾ ਤਾਂ ਕਰ ਲਈਏ।" ਮਿੰਦਰੀ ਉੱਠਦੀ ਬੋਲਦੀ ਏ। ਉਹ ਪ੍ਰਾਰਥਨਾ ਲਈ ਅਜੇ ਹੱਥ ਜੋੜਦੀ ਹੀ ਏ ਕਿ ਉਹਦਾ ਭਰਾ ਸ਼ਾਮ ਸਿੰਘ ਮੰਜੇ ਤੋਂ ਉੱਠ ਕੇ ਬਾਹਰ ਵੱਲ ਤੁਰਨ ਲੱਗਦਾ ਕਹਿੰਦਾ ਏ,

"ਤੂੰ ਕਰੀ ਜਾ ... ਅਸੀਂ ਤਾਂ ਕਰਦੇ ਨੀਂ।"

"ਮਿੰਦਰੀ ਭੈਣ! ਇਹ ਖੇਖਣ ਆਪਣੇ ਘਰ ਈ ਕਰਿਆ ਕਰੋ। ਏਥੇ ਤਾਂ ਜੈ ਗੁਰਦੇਵ-ਧੰਨ ਗੁਰਦੇਵ ਈ ਚੱਲਦਾ।" ਰਾਮਾ ਸਾਹਮਣੇ ਕੰਧ 'ਤੇ ਟੰਗੀਆਂ 'ਆਪਣੇ ਗੁਰੂਆਂ-ਸੰਤਾਂ' ਦੀਆਂ ਤਸਵੀਰਾਂ ਅੱਗੇ ਮੱਥਾ ਟੇਕਦਾ ਬਾਹਰ ਨਿਕਲ ਤੁਰਦਾ ਏ। ਨ੍ਹਾਮੇ ਨੇ ਭਾਵੇਂ ਬਿਆਸ ਜਾ ਕੇ 'ਨਾਮ-ਦਾਨ' ਲਿਆ ਹੋਇਆ ਏ ਪਰ ਉਹ ਖੜ੍ਹਾ ਰਹਿੰਦਾ ਏ। ਉਧਰ ਚਾਨਣ ਦੀ ਬੁੜ-ਬੁੜ ਵਧ ਜਾਂਦੀ ਏ। ਖੂੰਡੀ ਦੇ ਸਹਾਰੇ ਖੜ੍ਹਾ ਉਹ ਡੋਲਣ ਲੱਗ ਪੈਂਦਾ ਏ। ਨ੍ਹਾਮਾ ਉਹਨੂੰ ਸਾਂਭਦਾ ਏ, "ਭਾਪਾ ਤੂੰ ਚਿੰਤਾ ਨਾ ਕਰ।" ਨ੍ਹਾਮਾ ਆਪਣੇ ਭਾਪੇ ਨੂੰ ਸ਼ਾਂਤ ਰਹਿਣ ਲਈ ਕਹਿੰਦਾ ਏ।

"ਰਹਿਣ ਦੇ ਤੂੰ... ਰਹਿਣ ਦੇ ਤੂੰ... ਤੂੰ ਵੀ ਕਿਹੜਾ ਘੱਟ ਏਂ। ਤੈਨੂੰ ਵੀ ਮੇਰੇ ਹੁੱਕੇ ਤੋਂ ਮੁਸ਼ਕ ਆਉਂਦੀ। ਜਿਹਨੂੰ ਨਿੱਕਾ ਹੁੰਦਾ ਮੂੰਹ 'ਚ ਪਾ ਚੁੰਘਣ ਲੱਗ ਪੈਂਦਾ ਸੀ।" ਉਹ ਨ੍ਹਾਮੇ ਵੱਲ ਖਾ ਜਾਣ ਵਾਲੀਆਂ ਨਜ਼ਰਾਂ ਨਾਲ ਝਾਕਦਾ ਏ। ਫਿਰ ਪ੍ਰਕਾਸ਼ੋ ਵੱਲ ਹੁੰਦਾ ਏ,"ਸਾਲ਼ੀ ਗੰਦੀ 'ਲਾਦ ਜੰਮ ਧਰੀ ਮੇਰੇ ਘਰ।" ਬੁੜ-ਬੁੜ ਕਰਦਾ ਚਾਨਣ ਗਿੱਲੇ ਗੋਹੇ ਵਾਂਗ ਧੁਖਣ ਲੱਗਦਾ ਏ।

ਇਕ ਵਾਰ ਤਾਂ ਦਲਾਨ 'ਚ ਚੁੱਪ ਪਸਰ ਜਾਂਦੀ ਏ।

ਮਿੰਦਰੋ ਛਾਤੀ 'ਤੇ ਪੱਥਰ ਰੱਖ, ਹੱਥ ਜੋੜ ਕੇ ਪ੍ਰਾਥਨਾ ਕਰਨ ਲੱਗ ਪੈਂਦੀ ਏ, "ਹੇ ਪ੍ਰਭੂ... ਹੇ ਪ੍ਰਭੂ... ਮਾਫ਼ ਕਰੀਂ... ਮਾਫ਼ ਕਰੀਂ... ਬਦ ਰੂਹਾਂ ਨੂੰ ਦੂਰ ਕਰੀਂ... ਸਾਰੇ ਕਾਰਜ ਪੂਰੇ ਕਰੀਂ।" ਕੁਝ ਪਲ ਪ੍ਰਾਥਨਾ ਕਰਨ ਉਪਰੰਤ ਚੁੱਪ ਕਰ ਜਾਂਦੀ ਏ। ਦਲਾਨ 'ਚ ਹਿੱਲ-ਜੁਲ ਹੋਣ ਲੱਗ ਪੈਂਦੀ ਏ। ਸ਼ਾਮ ਸਿੰਘ ਅਤੇ ਰਾਮਾ ਝੱਗ ਛੱਡਦੇ ਮੁੜ ਦਲਾਨ 'ਚ ਆ ਮੰਜਿਆਂ 'ਤੇ ਬੈਠ ਜਾਂਦੇ ਨੇ।

ਚਾਨਣ ਰਾਮ ਨੂੰ ਸੋਚਾਂ ਜਕੜ ਲੈਂਦੀਆਂ ਨੇ। ਉਹਦੀ ਸੋਚ ਨੂੰ ਸ਼ਾਮ ਸਿੰਘ ਦੇ ਸਿਰ 'ਤੇ ਬੰਨ੍ਹਿਆ ਪੀਲੇ ਰੰਗ ਦਾ ਪਟਕਾ ਜਕੜ ਲੈਂਦਾ ਏ।

... ਜਦੋਂ ਸ਼ਾਮੇ ਦਾ ਵਿਆਹ ਕੀਤਾ ਸੀ ਤਾਂ ਉਹਦੀ ਬੋਲ-ਬਾਣੀ 'ਚ ਓਪਰਾਪਨ ਆਉਣਾ ਸ਼ੁਰੂ ਹੋ ਗਿਆ ਸੀ। ਉਹਦੀ ਘਰ ਆਲ਼ੀ ਦੇ ਮਾਪੇ ਸਾਰੇ ਸਿੱਖੀ ਸਰੂਪ ਵਾਲੇ ਸਨ। ਹੈ ਤਾਂ ਉਨ੍ਹਾਂ ਦੇ ਜਾਤ-ਗੋਤ ਵਾਲੇ ਪਰ ਉਨ੍ਹਾਂ ਦੇ ਬਾਬੇ-ਪੜਦਾਦੇ ਨੇ ਗੁਰਦੁਆਰੇ ਜਾ ਕੇ ਅੰਮ੍ਰਿਤ ਛਕ ਲਿਆ ਸੀ ਤੇ ਸਾਰਾ ਟੱਬਰ ਸਿੰਘ ਸਜ ਗਿਆ ਸੀ। ਉਸ ਦੀਆਂ ਅਗਲੀਆਂ ਪੀੜ੍ਹੀਆਂ ਨੇ ਕੇਸ ਰੱਖਣੇ ਸ਼ੁਰੂ ਕਰ ਦਿੱਤੇ ਸਨ ਤੇ ਗੁਰੂ ਘਰ ਜਾਣਾ ਸ਼ੁਰੂ ਕਰ ਦਿੱਤਾ ਸੀ। ਜਦੋਂ ਸ਼ਾਮੇ ਦੇ ਆਨੰਦ ਗੁਰਦੁਆਰੇ ਵਿਚ ਪੜ੍ਹੇ ਜਾ ਰਹੇ ਸਨ... ਮਿੰਦਰੀ ਤਾਂ ਅੰਦਰ ਮੱਥਾ ਟੇਕਣ ਵੀ ਨਹੀਂ ਸੀ ਗਈ। ਨਾ ਹੀ ਉਹਦੇ ਘਰ ਆਲ਼ਾ ਸੈਮ ਮਸੀਹ ਗਿਆ ਸੀ ਜੋ ਸਤਨਾਮ ਤੋਂ ਸੈਮ ਬਣ ਗਿਆ ਸੀ। ਉਦੋਂ ਸ਼ਾਮ ਦੇ ਸਿਰ ਦੀ ਪੱਗ 'ਤੇ ਲੱਗੀ ਕਲਗੀ ਵੀ ਉਨ੍ਹਾਂ ਦੇ ਵਿਹੜੇ ਦੇ ਕਿਸੇ ਜਵਾਈ ਨੇ ਲਾਹ ਕੇ ਗ੍ਰੰਥ ਸਾਹਿਬ ਅੱਗੇ ਰੱਖੀ ਸੀ। ਉਹਦੇ ਸਹੁਰਿਆ ਨੇ ਇਹ ਗੱਲ ਪਹਿਲਾਂ ਹੀ ਵਿਚੋਲੇ ਦੇ ਕੰਨਾਂ 'ਚੋਂ ਕੱਢ ਕੇ ਚਾਨਣ ਰਾਮ ਨੂੰ ਦੱਸ ਦਿੱਤੀ ਸੀ ਕਿ ਮੁੰਡਾ ਪੱਗ ਬੰਨ੍ਹ ਤੇ ਕਲਗੀ ਲਾ ਕੇ ਆਵੇ। ਜਦੋਂ ਸ਼ਾਮ ਦੇ ਆਨੰਦ ਕਾਰਜ ਦੀ ਰਸਮ ਪਿੰਡ ਦੇ ਚੜ੍ਹਦੀ ਵਾਲੇ ਪਾਸੇ ਸਿੰਘ ਸਭਾ ਗੁਰਦੁਆਰੇ 'ਚ ਕਰਨ ਦਾ ਪਤਾ ਲੱਗਾ ਸੀ ਤਾਂ

ਰਾਮਾ ਅੜ ਗਿਆ ਸੀ, "ਭਾਪਾ ਇਹ ਕੀ ਗੱਲ ਹੋਈ। ਪਿੰਡ 'ਚ ਸਤਿਗੁਰੂ ਰਵਿਦਾਸ ਧਾਮ ਹੈਗਾ ਤਾਂ ਹੈ। ਤੁਸੀਂ ਯਾਰ ਗੱਲ-ਗੱਲ 'ਤੇ ਥੱਲੇ ਲੱਗੀ ਜਾ ਰਹੇ ਹੋ। ਇਹ ਕੀ ਗੱਲ ਹੋਈ। ਰਿਸ਼ਤਾ ਕਰਨ ਲੱਗਾ ਬੰਦਾ ਸਾਰਾ ਕੁਝ ਵੇਖਦਾ। ਮੈਨੂੰ ਜਾਅਲੀ ਬੰਦੇ ਪਸੰਦ ਨੀਂ।"

ਚਾਨਣ ਰਾਮ ਉਦੋਂ ਖਿੱਝ ਕੇ ਬੋਲਿਆ ਸੀ, "ਮੈਂ ਹੁਣ ਢੂਹਾ ਦਿਆਂ... ਦਸ ਕੀ ਕਰਾਂ... ਦਿਨ ਬੱਝੇ ਹੋਏ ਨੇ। ਮੇਰੇ ਵੱਲੋਂ ਭਾਵੇਂ ਜਿੱਥੇ ਮਰਜੀ ਆਨੰਦ ਪੜ੍ਹਾ ਦੇਣ ਰੜੇ ਮੈਦਾਨ... ਭਾਵੇਂ... ਮੇਰੀ ਤਾਂ ਹੁਣ ਵੇਲਣੇ 'ਚ ਬਾਂਹ ਆਈ ਹੋਈ ਆ...।"

"ਚੱਲ ਠੀਕ ਆ ਫੇ... ਆਉਣਾ ਤਾਂ ਏਸ ਘਰ 'ਚ ਈ ਆ ਵਹੁਟੀ ਬਣ ਕੇ... ਵੇਖਾਂਗੇ ਫੇ।" ਰਾਮੇ ਦਾ ਕੁੱਤਾ ਵੀ ਫਸ ਗਿਆ ਸੀ।

ਜਦੋਂ ਵਹੁਟੀ ਆਈ ਸੀ ਤਾਂ ਸ਼ਾਮੇ ਦਾ ਰੰਗ ਦਿਨ ਪਰ ਦਿਨ ਬਦਲਣ ਲੱਗਾ ਸੀ। ਘਰ ਦਾ ਮਾਹੌਲ ਉਹਦੇ ਪੇਕਿਆਂ ਦੇ ਮਾਹੌਲ ਤੋਂ ਬਿਲਕੁਲ ਵੱਖਰਾ ਸੀ। ਜਦੋਂ ਉਹਨੇ ਆਪਣੇ ਪੇਕਿਆਂ ਦਾ ਪੀੜ੍ਹਾ ਘਰ 'ਚ ਡਾਹੁਣ ਦੀ ਕੋਸ਼ਿਸ਼ ਕੀਤੀ ਸੀ ਤਾਂ ਰਾਮੇ ਨੇ ਟਿੰਡ 'ਚ ਕਾਨਾ ਪਾ ਦਿੱਤਾ ਸੀ, "ਭਾਬੀ ਏਸ ਘਰ ਤਾਂ ਜੈ ਗੁਰਦੇਵ-ਧੰਨ ਗੁਰਦੇਵ ਹੀ ਹੋਣੀ ਐ। ਸਾਡੇ ਦਾਦੇ ਪੜਦਾਦੇ ਤਾਂ ਮਰੇ ਡੰਗਰਾ ਦਾ ਚੰਮ ਲਾਹੁੰਦੇ ਰਹੇ ਤੇ ਖਾਂਦੇ ਰਹੇ ਨੇ। ਅਹੀਂ ਨੀਂ ਆਪਣੇ ਗੁਰੂ ਦਾ ਲੜ ਛੱਡਦੇ... ਜੇ ਬਾਹਲ਼ੀ ਗੱਲ ਐ ਤੇ ਲਾ ਲੈ ਜਿੰਨਾ ਜ਼ੋਰ ਲਾਉਣਾ। ਪਾਣੀ ਇਨ੍ਹਾਂ ਪੁਲ੍ਹਾਂ ਹੇਠ ਦੀ ਲੰਘਣਾ ਏ।" ਤੇ ਜਿੱਦ 'ਚ ਆਈ ਸ਼ਾਮੇ ਦੀ ਵਹੁਟੀ ਨੇ ਪੇਕਿਆਂ ਦਾ ਪੀੜ੍ਹਾ ਸ਼ਾਮੇ ਦੇ ਸਿਰ 'ਤੇ ਚੁਕਾ ਕੇ ਵੱਖਰੇ ਘਰ 'ਚ ਡਾਹ ਲਿਆ ਸੀ। ਫਿਰ ਦਿਨਾਂ ਵਿਚ ਸ਼ਾਮੇ ਦਾ ਕਾਇਆ ਕਲਪ ਸ਼ਾਮੇ ਤੋਂ ਸ਼ਾਮ ਸਿੰਘ ਦਾ ਹੋਣਾ ਸ਼ੁਰੂ ਹੋ ਗਿਆ ਸੀ। ਉਸ ਨੇ ਪੱਗ ਬੰਨ੍ਹਣੀ ਤੇ ਦਾੜ੍ਹੀ ਵਧਾਉਣੀ ਸ਼ੁਰੂ ਕਰ ਦਿੱਤੀ ਸੀ। ਉਦੋਂ ਸੱਚ-ਮੁੱਚ ਚਾਨਣ ਰਾਮ ਦੇ ਸਿਰ 'ਚ ਟਸ ਟਸ ਹੋਈ ਸੀ। ਸ਼ਾਮ ਸਿੰਘ ਆਪਣੇ ਸ਼ਰੀਕੇ ਨਾਲ ਮਿਲਣ ਦੀ ਬਜਾਏ ਪਿੰਡ 'ਚ ਰਮਦਾਸੀਆਂ ਦੇ ਘਰਾਂ 'ਚ ਜਾਣ ਆਉਣ ਲੱਗ ਪਿਆ ਸੀ। ਰਾਮਾ ਭਰਾ ਤੋਂ ਸ਼ਰੀਕ ਬਣ ਗਿਆ ਸੀ। ਰਿਸ਼ਤੇਦਾਰੀ ਵਿਚ ਆਉਣ ਜਾਣ ਲੱਗਿਆਂ ਦੋਹਾਂ ਦਾ ਇੱਟ-ਖੜੱਕਾ ਹੁੰਦਾ ਰਹਿੰਦਾ ਸੀ। ਚਾਨਣ 'ਸਾਲ਼ੀ ਗੰਦੀ ਲਾਦ... ਸਾਲ਼ੀ ਗੰਦੀ ਲਾਦ' ਕਹਿੰਦਾ ਘਰ ਦੀ ਨੁੱਕਰੇ ਹੁੱਕੇ ਦੇ ਲੰਮੇ ਲੰਮੇ ਸੂਟੇ ਖਿੱਚਣ ਲੱਗ ਪੈਂਦਾ ਸੀ।

"ਲਓ ਭਾਪਾ ਜੀ ਕਾਰਡ।" ਮਿੰਦਰੀ ਆਪਣੀ ਕੁੜੀ ਦੇ ਵਿਆਹ ਦਾ ਕਾਰਡ ਦੇ ਕੇ ਚਾਨਣ ਰਾਮ ਦਾ ਧਿਆਨ ਤੋੜ ਦਿੰਦੀ ਏ। ਉਹ ਹੱਥ 'ਚ ਫੜੇ ਖੂੰਡੇ ਨੂੰ ਇਕ ਪਾਸੇ ਰੱਖ ਕਾਰਡ ਦੋਵਾਂ ਹੱਥਾਂ ਨਾਲ ਫੜ ਕੇ ਬੜੇ ਅਦਬ ਨਾਲ ਮੱਥੇ ਲਾਉਂਦਾ ਏ।

"ਹੇ ਰੰਬੀ ਵਾਲੇ ਸਤਿਗੁਰੂ ! ਮੇਹਰ ਕਰੀਂ।" ਉਹਦੇ ਅੰਦਰੋਂ ਕਿਤਿਓਂ ਆਵਾਜ਼ ਨਿਕਲਦੀ ਏ।

ਚਾਨਣ ਰਾਮ ਦੀਆਂ ਅੱਖਾਂ ਭਰ ਆਉਂਦੀਆਂ ਨੇ। ਉਹ ਕਾਰਡ ਨੂੰ ਪੁੱਠਾ ਸਿੱਧਾ ਕਰਕੇ ਗੌਰ ਨਾਲ ਵੇਖਦਾ ਏ। ਫੇਰ ਰਾਮੇ ਵੱਲ ਵੇਖ ਕਾਰਡ ਉਹਦੇ ਵੱਲ ਵਧਾ ਦਿੰਦਾ ਏ। ਰਾਮਾ ਉਹਦੀਆਂ ਸੋਚਾਂ ਨੂੰ ਜਕੜ ਲੈਂਦਾ ਏ।

ਰਾਮਾ ਚਾਨਣ ਰਾਮ ਦਾ ਪੇਟ ਘਰੋੜੀ ਦਾ ਮੁੰਡਾ ਏ। ਸਾਇਕਲ 'ਤੇ ਬਿਠਾ ਕੇ ਚਾਨਣ ਅਕਸਰ ਹੀ ਉਹਨੂੰ ਆਪਣੇ ਗੁਰਾਂ ਦੇ ਡੇਰੇ 'ਤੇ ਲੈ ਜਾਂਦਾ ਸੀ। ਡੇਰੇ ਸੰਤਾਂ ਦੀ ਹਜ਼ੂਰੀ 'ਚ ਬੈਠ ਕੇ ਰਾਮਾ ਗਵਾਚ ਹੀ ਜਾਂਦਾ ਸੀ। ਵੱਡਾ ਹੋਇਆ, ਸੇਵਾ 'ਤੇ ਜਾਣ ਲੱਗ ਪਿਆ ਸੀ। ਹੋਰ ਵੱਡਾ ਹੋਇਆ ਤਾਂ ਨੌਜਵਾਨ ਸਭਾ 'ਚ ਰਲ਼ ਕੇ 'ਰਵਿਦਾਸ ਧਾਮ' ਬਣਾਉਣ ਲਈ ਜ਼ੋਰ ਲਾਉਣ ਲੱਗ ਪਿਆ ਸੀ। ਖਜ਼ਾਨਚੀ ਬਣਿਆ ਤਾਂ ਦੁਬਈ-ਮਾਸਕਟ ਗਏ ਆਪਣੇ ਸ਼ਰੀਕੇ ਦੇ ਭਰਾਵਾਂ ਤੋਂ ਪੈਸੇ ਮੰਗਵਾ ਕੇ ਧਾਮ 'ਤੇ ਲਾਉਣ ਲੱਗ ਪਿਆ ਸੀ। ਪਰ ਉਹਦਾ ਵੱਡਾ ਭਰਾ ਸ਼ਾਮਾ ਤਾਂ ਸ਼ਾਮ ਸਿੰਘ ਬਣ ਕੇ ਪਹਿਲਾਂ ਹੀ ਉਨ੍ਹਾਂ ਨਾਲੋਂ ਟੁੱਟ ਗਿਆ ਸੀ। ਨ੍ਹਾਮਾ ਵੀ ਪੈਰ ਖਿੱਚਣ ਲੱਗ ਪਿਆ ਸੀ। ਜਦੋਂ

ਇਕ ਵਾਰ ਰਾਮੇ ਨੇ ਆਪਣੀ ਵੱਡੀ ਭੈਣ ਮਿੰਦਰੀ ਨੂੰ ਘਰ 'ਚ ਰੱਖੇ ਸੰਤ ਸਮਾਗਮ ਵਿਚ ਆਉਣ ਲਈ ਕਿਹਾ ਸੀ ਤਾਂ ਉਹਨੇ ਇੱਟ ਵਰਗਾ ਜਵਾਬ ਉਹਦੇ ਮੱਥੇ ਮਾਰਿਆ ਸੀ, "ਨਾ ਭਰਾਵਾ! ਤੈਨੂੰ ਪਤੈ ਨੀਂ ਅਹੀਂ ਤਾਂ ਹੁਣ ਚਰਚ ਜਾਂਦੇ ਐਂ। ਸਵੇਰ ਸ਼ਾਮ ਪ੍ਰਭੂ ਦੀ ਪ੍ਰਾਥਨਾ ਕਰੀਦੀ ਐ। ਜੇ ਢਿੱਲੇ ਮੱਠੇ ਹੋ ਜਾਈਏ ਤਾਂ 'ਦੁਆ' ਕਰ ਲਈ ਦੀ ਐ...ਠੀਕ ਹੋ ਜਾਈਦਾ ਐ...ਡਾਕਟਰ ਦੀ ਦਵਾਈ ਤਾਂ ਹੁਣ ਕਾਟ ਨੀਂ ਕਰਦੀ...ਅਹੀਂ ਨੀਂ ਕਿਸੇ ਅੱਗੇ ਹੱਥ ਜੋੜੀਦੇ, ਨਾਲੇ ਤੇਰਾ ਜੀਜਾ ਵੀ ਪਸੰਦ ਨੀਂ ਕਰਦਾ। ਹੁਣ ਭਰਾਵਾ ਸਾਨੂੰ ਪਾਪਾਂ ਦੇ ਭਾਗੀ ਨਾ ਬਣਾ...ਅਹੀਂ ਜਿੱਥੇ ਹੈਗੇ ਆਂ ਖੁਸ਼ ਐਂ। ਪ੍ਰਭੂ ਦੀ ਬੜੀ ਮੇਹਰ ਆ।"

ਗੱਲ ਸੁਣ ਕੇ ਰਾਮੇ ਦਾ ਤਾਂ ਲਹੂ ਖੌਲਣ ਲੱਗ ਪਿਆ ਸੀ, "ਭੈਣ ਮਿੰਦਰੋ! ਤੂੰ ਆਪਣੇ ਗੁਰੂ ਤੋਂ ਮੁੱਖ ਮੋੜ ਕੇ ਚੰਗਾ ਨੀਂ ਕੀਤਾ। ਮੈਂ ਤਾਂ ਜਿਨ੍ਹਾਂ ਘਰਾਂ 'ਚ ਜੰਮਿਆ ਉਨ੍ਹਾਂ 'ਚ ਹੀ ਮਰੂੰ। ਤੇ ਗੱਲ ਸੁਣ ਲੈ ਜੇ ਤੂੰ ਹੁਣ ਨੀਂ ਆਣਾ ਤੇ ਮੇਰੀ ਮਕਾਣੇ ਵੀ ਨਾ ਆਵੀਂ। ਅੱਜ ਤੋਂ ਤੂੰ ਮੇਰੇ ਵੱਲੋਂ ਮਰ ਗਈ ਮੈਂ ਤੇਰੇ ਵਲੋਂ ਮਰ ਗਿਆ।" ਉਹ ਅੰਦਰੋਂ ਖੇਰੂੰ-ਖੇਰੂੰ ਹੋ ਗਿਆ ਸੀ। ਇਸ ਤਰ੍ਹਾਂ ਉਹ ਅਕਸਰ ਆਪੇ ਤੋਂ ਬਾਹਰ ਹੋ ਜਾਂਦਾ ਸੀ। ਜਦੋਂ ਕੋਈ 'ਆਪਣਾ' ਭੈਣ-ਭਰਾ ਉਨ੍ਹਾਂ ਦੀਆਂ ਰਸਮਾਂ ਤੇ ਗੁਰੂ ਦੀ ਬੇ-ਅਦਬੀ ਕਰਦਾ ਸੀ।

"ਲੈ ਭਰਾਵਾ! ਨੌਹਾਂ ਨਾਲੋਂ ਮਾਸ ਵੀ ਕਦੇ ਵੱਖ ਹੋਏ ਐ। ਹੈਂ ਤੂੰ ਸਾਡਾ ਭਰਾ ਈ। ਇਕੋਂ ਮਾਂ ਦੇ ਪੇਟੋਂ ਤਾਂ ਆਪਾਂ ਜੰਮੇ ਆਂ। ਤੇਰੇ ਜੀਜੇ ਨੇ ਵੀ ਆਉਣ ਤੋਂ ਕੰਨੀਂ ਕਤਰਾਉਣਾ ਆ। ਮੈਂ ਵੀ ਬਚਨਾਂ ਦੀ ਬੱਧੀ ਹੋਈ ਗੁਲਾਮ ਆਂ।... ਨਾਲੇ ਮੇਰੀ ਹੁਣ ਸੁਰਤੀ ਪ੍ਰਭੂ ਵੱਲ ਲੱਗ ਗਈ ਏ।" ਉਹ ਵਾਰ ਵਾਰ ਗਲ਼ 'ਚ ਪਾਏ ਸਲੀਬ ਦੇ ਲਾਕਟ ਨੂੰ ਮੱਥੇ ਨਾਲ ਲਾ ਰਹੀ ਸੀ।

ਘਰ ਵਿਚ ਰੱਖੇ ਸੰਤ ਸਮਾਗਮ 'ਚ ਉਨ੍ਹਾਂ ਦੇ ਡੇਰੇ ਦੇ ਸੰਤ ਪਹੁੰਚੇ ਸਨ। ਉਹਦਾ ਵੱਡਾ ਭਰਾ ਸ਼ਾਮ ਸਿੰਘ ਵੀ ਨਹੀਂ ਸੀ ਆਇਆ। ਤੇ ਦੂਜਾ ਭਰਾ ਨ੍ਹਾਮਾ ਇਹ ਕਹਿ ਕੇ ਇਕ ਦਿਨ ਪਹਿਲਾਂ ਘਰੋਂ ਚਲੇ ਗਿਆ ਸੀ ਕਿ ਸਾਡੀ ਤਾਂ ਡੇਰੇ 'ਸੇਵਾ' ਲੱਗੀ ਹੋਈ ਐ। ਉੱਥੇ ਪਹੁੰਚਣਾ ਜ਼ਰੂਰੀ ਐ। ਅਗਲੇ ਐਤਵਾਰ ਤੋਂ ਸਤਿਸੰਗ ਸ਼ੁਰੂ ਹੋ ਜਾਣੇ ਨੇ। ਸੇਵਾ ਤਾਂ ਭਰਾਵਾ ਕਰਮਾਂ ਵਾਲੇ ਬੰਦੇ ਨੂੰ ਮਿਲਦੀ ਐ। ਅਸੀਂ ਤਾਂ ਮਹਾਰਾਜ ਦਾ ਹੁਕਮ ਸੁਣ ਕੇ ਈ ਧੰਨ ਧੰਨ ਹੋ ਜਾਈਦਾ।"

ਉਸ ਸੰਤ ਸਮਾਗਮ ਵਿਚ ਰਾਮੇ ਨੇ ਸਾਰੀ ਸੰਗਤ ਨੂੰ 'ਹਰਿ' ਵਾਲੇ ਲਾਕਟ ਵੰਡੇ ਸੀ। ਸਾਰੀ ਸੰਗਤ ਲਾਕਟ ਲੈ ਕੇ ਧੰਨ ਧੰਨ ਹੋ ਗਈ ਸੀ। ਸੰਤ ਸਮਾਗਮ ਵਿਚ 'ਅੰਮ੍ਰਿਤ ਬਾਣੀ' ਦਾ ਪਾਠ ਹੋਇਆ ਸੀ। ਸ਼ਬਦ ਗਾਇਨ ਵੀ ਦੇਰ ਤਕ ਚੱਲਦਾ ਰਿਹਾ ਸੀ।

ਰਾਮੇ ਵੱਲ ਚਾਨਣ ਰਾਮ ਦੇ ਵਧੇ ਹੱਥ ਨੂੰ ਝਟਕਾ ਲੱਗਦਾ ਏ। ਉਸਦਾ ਧਿਆਨ ਉਖੜ ਜਾਂਦਾ ਏ। ਪਲ ਭਰ ਚਾਨਣ ਦੇ ਹੱਥ 'ਚ ਫੜੇ ਕਾਰਡ ਨੂੰ ਰਾਮਾ ਗਹਿਰੀ ਨਜ਼ਰ ਨਾਲ ਵੇਖਦਾ ਏ। ਕਾਰਡ 'ਤੇ ਛਪੀ ਸਲੀਬ ਵੇਖ ਕੇ ਕਾਰਡ ਫੜਨ ਲਈ ਵਧਣ ਲੱਗੇ ਹੱਥ ਉੱਥੇ ਹੀ ਜੰਮ ਜਾਂਦੇ ਨੇ। ਇਕ ਦਮ ਉਹਦੇ ਮਨ 'ਚ ਵੱਡੀ ਭੈਣ ਮਿੰਦਰੀ ਦੇ ਵਿਆਹ ਦਾ ਕਾਰਡ ਆ ਜਾਂਦਾ ਏ ਜਿਹਦੇ ਉੱਤੇ 'ਹਰਿ' ਦਾ ਨਿਸ਼ਾਨ ਸੁਨਹਿਰੀ ਰੰਗ 'ਚ ਛਪਵਾਇਆ ਸੀ। ਉਹਦੇ ਵਿਆਹ ਦੇ ਕਾਰਡ 'ਤੇ ਹੀ ਨਹੀਂ ਬਲਕਿ ਉਨ੍ਹਾਂ ਦੇ ਘਰ 'ਚ ਹੁੰਦੇ ਹਰ ਸਮਾਗਮ ਸਮੇਂ ਛਪੇ ਕਾਰਡ 'ਤੇ 'ਹਰਿ' ਸੁਨਹਿਰੀ ਅੱਖਰਾਂ 'ਚ ਛਪਦਾ ਸੀ।

"ਭਾਪਾ ਬੀਬੀ ਨੂੰ ਈ ਫੜਾ ਦੇ ਕਾਰਡ।" ਰਾਮਾ ਆਪਣੀ ਬੀਬੀ ਪ੍ਰਕਾਸ਼ੋਂ ਵੱਲ ਆਪਣੇ ਭਾਪੇ ਦਾ ਹੱਥ ਕਰ ਦਿੰਦਾ ਏ। ਪ੍ਰਕਾਸ਼ੋ ਕਾਰਡ ਨੂੰ ਝੱਟ ਫੜ ਲੈਂਦੀ ਏ। ਕਾਰਡ ਵੱਲ ਉਹ ਬੜੀ ਗਹੁ ਨਾਲ ਵੇਖਦੀ ਏ।

"ਧੀਏ! ਭਲਾ ਆਹ ਲੀਕਾਂ ਜਿਹੀਆਂ ਕਾਹਦੀਆਂ ਵਾਹੀਆ ਹੋਈਆਂ।"

"ਲੈ ਬੀਬੀ ਹੱਦ ਹੋ ਗਈ, ਇਹ ਸਾਡੇ ਪ੍ਰਭੂ ਦੀ ਸਲੀਬ ਦਾ ਨਿਸ਼ਾਨ ਐ। ਤੈਨੂੰ ਪਤੈ ਤਾਂ

ਹੈ... ਅਸੀਂ ਇਹੀ ਨਿਸ਼ਾਨ ਬਣਾਉਂਦੇ ਐਂ। ਖੁਸ਼ੀ-ਗ਼ਮੀ ਵੇਲੇ। ''

''ਗੁਰੂ ਭਲਾ ਕਰੇ ਧੀਏ... ਸਭ ਦਾ ਭਲਾ ਕਰੇ... ਤੇਰੇ ਕਾਰਜ ਸਤਗੁਰੂ ਰੰਬੀ ਆਲ਼ਾ ਪੂਰੇ ਕਰੇ ਧੀਏ। ਏਥੇ ਹੈ ਈ ਕੀ ਆ ਹੋਰ...। '' ਪ੍ਰਕਾਸ਼ੋ ਕਹਿੰਦੀ ਹੋਈ ਆਪਣੇ ਗਲ਼ 'ਚ ਪਾਇਆ 'ਹਰਿ' ਦਾ ਲਾਕਟ ਮੱਥੇ ਨੂੰ ਲਾਉਂਦੀ ਏ। ਨ੍ਹਾਮਾ ਆਪਣੀ ਬੀਬੀ ਕੋਲ਼ੋਂ ਕਾਰਡ ਫੜ ਕੇ ਪੜ੍ਹਦਾ ਏ। ਏਧਰ-ਉਧਰ ਘੁੰਮਾ ਕੇ ਹੋਰ ਗਹੁ ਨਾਲ ਪੜ੍ਹਦਾ ਏ। ਤੇ ਮਿੰਦਰੀ ਨੂੰ ਕਹਿਣ ਲੱਗਦਾ ਏ,

''ਭੈਣੇ! ਤੁਹਾਡੇ ਉੱਥੇ ਪੈਲੇਸ 'ਚ ਮੀਟ-ਸ਼ਰਾਬ ਤਾਂ ਚੱਲੂਗਾ ਈ! ਅਸੀਂ ਹੈਗੇ ਆਂ ਵੈਸ਼ਨੂੰ ਬੰਦੇ... ਸਤਿਸੰਗੀ ਤੇ ਨਿਤਨੇਮੀ! ... ਅਹੀਂ ਤਾਂ ਜਿੱਥੇ ਮੀਟ ਰਿੱਝਦਾ ਉੱਥੇ ਖੜ੍ਹਦੇ ਨੀਂ, ਮਹਿਕ ਲੈਣੀ ਵੀ ਪਾਪ ਸਮਝਦੇ ਆਂ। ਨਾਲੇ ਪੈਲੇਸ 'ਚ ਹਲਵਾਈ ਕਿਹੜਾ ਸੁੱਚਮ ਰੱਖਦੇ ਐ, ਉਹੀ ਕੜਸ਼ੀ ਨਾਲ ਚਿਕਨ ਪਾਈ ਜਾਂਦੇ ਐ ਤੇ ਉਹਦੇ ਨਾਲ ਦਾਲ਼ਾਂ-ਸਬਜ਼ੀਆਂ। ''

''ਨਾ ਭਰਾਵਾ! ਮਾਮਿਆ ਨੇ ਤਾਂ ਆਣਾ ਈ ਆਣਾ ਐ। ਥੋਡੇ ਤੋਂ ਬਿਨਾਂ ਵਿਆਹ ਕਿਵੇਂ ਧੁਰ ਚੜੂ। ਮਾਮਿਆਂ ਨੇ ਤੇ ਮੋਹਰੇ ਹੋ ਕੇ ਸਾਰੇ ਕਾਜ ਕਰਨੇ ਹੁੰਦੇ ਐ... ਮਿਲਣੀਆਂ ਹੋਣੀਆਂ ਐ। ਤੂੰ ਭਰਾਵਾ ਬਹੁਤੀ ਚਿੰਤਾ ਨਾ ਕਰ। ਥੋਡੇ ਲਈ ਮੈਂ ਵੱਖਰੇ ਟੇਬਲ ਲਵਾ ਦਊਂ। ਐਵੇਂ ਸਗਨਾਂ ਆਲ਼ੇ ਕੰਮ 'ਚ ਖਰੋੜ ਨੀਂ ਕਰੀਦੀ ਹੁੰਦੀ। '' ਮਿੰਦਰੀ ਅਪਣੱਤ ਨਾਲ ਕਹਿੰਦੀ ਏ।

''ਨਾਲੇ ਅਸੀਂ ਥੋਡੇ ਚਰਚ 'ਚ ਕਿਉਂ ਜਾਈਏ। ਤੁਸੀਂ ਕੁੜੀ ਦਾ ਵਿਆਹ ਇਕ ਵਾਰੀ ਛੱਡ ਕੇ ਸੌ ਵਾਰੀ ਕਰੋ। ਪਰ ਭੈਣੇ ਗੱਲ ਸੁਣ ਲੈ ਮੈਂ ਅੰਮ੍ਰਿਤਧਾਰੀ ਗੁਰੂ ਦਾ ਬੰਦਾ ਆਂ, ਮੈਂ ਤਾਂ ਜਾਂਦਾ ਨੀਂ... ਮੇਰੀ ਤਾਂ ਪੱਥਰ 'ਤੇ ਲੀਕ ਐ... ਮੇਰੇ ਹਿੱਸੇ ਭਾਪੇ ਹੁਣੀਂ ਜੋ ਡੰਨ ਲਾਉਣਗੇ, ਉਹ ਦੇ ਦਊਂ। ਲੰਘਦਾ ਵੜਦਾ ਕੁੜੀ ਨੂੰ ਸਗਨ ਵੀ ਦੇ ਜਾਊਂ। ਐਵੇਂ ਬਾਅਦ 'ਚ ਕਹੋਂ ਬੀ ਦੱਸਿਆ ਨੀਂ। '' ਸ਼ਾਮ ਸਿੰਘ ਵੀ ਸਿੱਧੀ ਗੱਲ ਮਿੰਦਰੀ ਦੇ ਮੱਥੇ ਮਾਰਦਾ ਏ।

ਰਾਮਾ ਤਾਂ ਪਹਿਲਾਂ ਈ ਵਿਗੜਿਆ ਬੈਠਾ ਸੀ।

ਤਿੰਨਾਂ ਭਰਾਵਾਂ ਦੀ ਖਿੱਚ-ਧੂਹ ਵੇਖ ਕੇ ਚਾਨਣ ਰਾਮ ਨੂੰ ਚੇਤੇ ਆਉਂਦਾ ਏ ਕਿ ਤਿੰਨਾਂ ਭਰਾਵਾਂ ਦੀ ਕਦੇ ਆਪਸ 'ਚ ਵੀ ਨਹੀਂ ਸੀ ਬਣਦੀ। ਤਿੰਨਾਂ ਦੇ ਆਪਣੇ-ਆਪਣੇ ਰਾਹ ਬਣ ਗਏ ਸਨ। ਚੌਥੀ ਉਨ੍ਹਾਂ ਦੀ ਭੈਣ ਦਾ ਵੀ ਵੱਖਰਾ ਰਾਹ ਸੀ। ਸਾਰੇ ਆਪਸ ਵਿਚ ਖਿੱਚ-ਧੂਹ ਕਰਦੇ ਰਹਿੰਦੇ ਸਨ। ਜਦੋਂ ਕਦੇ ਮਿੰਦਰੀ ਆਪਣੇ ਭਰਾਵਾਂ ਨੂੰ ਮਿਲਣ ਆਉਂਦੀ ਤਾਂ ਸਾਰੇ ਭਰਾ ਆਪਣੇ-ਆਪਣੇ ਮੋਰਚਿਆਂ 'ਚ ਬੈਠ ਕੇ ਉਹਨੂੰ ਜ਼ਲੀਲ ਕਰਦੇ ਰਹਿੰਦੇ ਸਨ। ਤੇ ਆਪਸ ਵਿਚ ਵੀ ਝਗੜਦੇ ਰਹਿੰਦੇ ਸਨ। ਹੁਣ ਵੀ ਸਭ ਨੇ ਲੀਕ ਖਿੱਚ ਲਈ ਸੀ। ਚਾਨਣ ਨੂੰ ਆਪਣੇ ਪੁਰਖਿਆਂ ਦਾ ਚੇਤਾ ਆਉਂਦਾ ਏ। ਕਿਵੇਂ ਘਰ 'ਚ ਸਭ ਤੋਂ ਸਿਆਣੇ ਬਜ਼ੁਰਗ ਮਗਰ ਬਾਕੀ ਟੱਬਰ ਲੱਗ ਤੁਰਦਾ ਸੀ। ਹੁਣ ਤਾਂ ਕਲਯੁੱਗ ਆ ਗਿਆ ਏ। ਇਕ ਵਾਰੀ ਅੱਕੇ ਹੋਏ ਨੇ ਪ੍ਰਕਾਸ਼ੋ ਨੂੰ ਕਿਹਾ ਵੀ ਸੀ,

''ਮਿੰਦਰੀ ਦੀ ਬੀਬੀ ਪਤਾ ਨੀਂ ਤੇਰੇ ਜੰਮੇ ਨਿਆਣੇ ਐਹੋ ਜਿਹੇ ਕਿਉਂ ਨਿਕਲੇ ਨੇ। ਹਰ ਇਕ ਦਾ ਅੱਡ ਰਾਹ ਏ। ਸਾਡੀ ਸਿਆਣ ਮੱਤ 'ਚ ਕੋਈ ਕਮੀ ਰਹਿ ਗਈ, ਜਿਹੜੇ ਸਾਡੇ ਨਿਆਣੇ ਸਾਡੇ ਮਗਰ ਨੀਂ ਲੱਗੇ। ਇਕੋ ਲਹੂ 'ਚ ਐਨੀਆਂ ਵੰਡੀਆਂ ਕਿਵੇਂ ਪੈ ਗਈਆਂ ਨੇ। ''

''ਵੇ ਚਾਨਣਾ ਤੂੰ ਤਾਂ ਹਨੇਰੇ 'ਚ ਘੁੰਮੀ ਜਾਂਦਾ ਏਂ... ਨਿਆਣੇ ਤਾਂ ਤੇਰੇ ਅਰਗੇ ਈ ਨੇ। ਜਮਾਂ ਤਿੰਨਾਂ ਦਾ ਮੜੰਗਾ ਤੇਰੇ 'ਤੇ ਐ... ਹੋਰ ਮੈਂ ਪਿੱਛਿਓਂ ਲੈ ਆਈ। ਜਦੋਂ ਲਹੂ 'ਚ ਈ ਚਟਿਆਈ ਆ ਜਾਵੇ ਫੇ ਮਾਪੇ ਦਸ ਥੂਹਾ ਦੇਣ...ਨਾਲੇ ਬੰਦੇ ਨੂੰ ਮੱਤ ਤਾਂ ਈ ਆਉਂਦੀ ਐ ਜੇ ਉਹ ਆਪਣੇ ਸ਼ਰੀਕੇ-ਭਾਈਚਾਰੇ 'ਚ ਰਹੇ...ਤੂੰ ਗੱਲ ਕਰਨ ਲੱਗਾ ਦੇਖ ਸੋਚ ਲਿਆ ਕਰ... ਐਵੇਂ ਜੱਭਲੀਆਂ ਮਾਰਨ ਲੱਗ ਜਾਂਦੈਂ। '' ਪ੍ਰਕਾਸ਼ੋ ਗ਼ੁੱਸੇ 'ਚ ਆਈ ਚਾਨਣ ਦੀ ਝਾੜ ਝੰਬ ਕਰ ਦਿੰਦੀ ਏ।

''ਮੇਰਾ ਟੱਬਰ ਈ ਮੇਰੇ ਕਹਿਣੇ ਤੋਂ ਬਾਹਰ ਹੋ ਗਿਆ... ਚਾਰ ਨਿਆਣੇ ਜੰਮੇ ... ਚਾਰਾਂ ਦੇ ਅੱਡ ਅੱਡ ਰਾਹ... ਸਾਡਾ ਪਿਓ ਤੇ ਬਾਬਾ ਹੁੰਦਾ ਸੀ... ਜਾਹ ਤਾਂ ਕੋਈ ਚੀਂ-ਪੀਂ ਕਰ ਜੇ...

ਚਿੱਤੜਾਂ 'ਤੇ ਖੂੰਡਾ ਮਾਰਦੇ ਸੀ। ਹੁਣ ਤਾਂ ਬੰਦੇ ਕੋਲ਼ੋਂ ਆਪਣਾ ਟੱਬਰ ਨੀਂ ਸਾਂਭਿਆ ਜਾਂਦੈ... ਚਾਰੇ ਪਾਸੇ ਨੇਰ੍ਹੀ ਚੱਲੀ ਹੋਈ ਐ।" ਚਾਨਣ ਨੂੰ ਲੱਗਣ ਲੱਗ ਪੈਂਦਾ ਏ ਕਿ ਉਹ ਤਾਂ ਹਨੇਰੇ 'ਚ ਟੱਕਰਾਂ ਮਾਰੀ ਜਾ ਰਿਹਾ ਏ।

ਪ੍ਰਕਾਸ਼ੋ ਠੰਢੀ-ਸੀਲ ਹੋ ਕੇ ਬੋਲਦੀ ਏ, "ਮੇਰੀ ਗੱਲ ਸੁਣ! ਮਿੰਦਰੀ ਦੇ ਭਾਪਾ!!... ਤੂੰ ਕਾਹਤੋਂ ਚੱਤੋ-ਪਹਿਰ ਚਿੰਤਾ 'ਚ ਡੁੱਬਾ ਰਹਿੰਦਾ। ਨਿਆਣੇ ਆਪਣੇ ਆਪਣੇ ਘਰ ਐ। ਜੋ ਮਰਜ਼ੀ ਕਰਨ, ਮੈਨੂੰ ਦੱਸ ਤੈਂ ਪਿੰਨੀਆਂ ਲੈਣੀਆਂ ਨੇ। ਹੁਣ ਬਹੁਤੀ ਲੰਘ ਗਈ ਐ... ਥੋੜ੍ਹੀ ਰਹਿ ਗਈ ਐ... ਜਿੱਥੇ ਮਰਜ਼ੀ ਜਾਣ... ਸਾਰੇ ਹੈ ਤਾਂ ਸਤਿਗੁਰੂ ਦੇ ਘਰ ਈ ਨਾ... ਕੰਨ ਈ ਫੜਨੇ ਆ.. ਚਾਹੇ ਸਿੱਧੇ ਫੜ ਲੈਣ ... ਚਾਹੇ ਲੱਤਾਂ ਹੇਠ ਦੀ ਫੜ ਲੈਣ... ਸਿੱਧੇ ਲਟਕ ਜਾਣ ਚਾਹੇ ਪੁੱਠੇ ਲਟਕ ਜਾਣ।"

ਐਨੇ ਨੂੰ ਮਿੰਦਰੀ ਭੇਲੀ ਦੀ ਗੰਢ ਖੋਲ੍ਹ ਦਿੰਦੀ ਏ। ਲੱਡੂਆਂ ਦੀ ਮਹਿਕ ਫੈਲਦਿਆਂ ਚਾਨਣ ਰਾਮ ਦਾ ਧਿਆਨ ਟੁੱਟ ਜਾਂਦਾ ਏ। ਉਹਦੇ ਮਨ 'ਚੋਂ ਸਾਰੀਆਂ ਗੱਲਾਂ ਕਿਰ ਜਾਂਦੀਆਂ ਨੇ।

"ਲਓ ਬਈ ਲੱਡੂ ਤਾਂ ਵਾਹਵਾ ਮਹਿਕਾਂ ਛੱਡਦੇ ਨੇ। ਦੇਸੀ ਘਿਓ ਦੇ ਲੱਗਦੇ ਨੇ।" ਚਾਨਣ ਰਾਮ ਦੇ ਚਿਹਰੇ 'ਤੇ ਖੇੜਾ ਆ ਜਾਂਦਾ ਏ।

"ਲਿਆ ਭੈਣੇ! ਬੁੱਕ 'ਚ ਈ ਦੋ-ਚਾਰ ਰੱਖ ਦੇ, ਢਿੱਡ 'ਚ ਖੋਹ ਪੈਣ ਲੱਗ ਪਈ ਏ।" ਨ੍ਹਾਮਾ ਵੀ ਲੱਡੂਆਂ ਵੱਲ ਉਲਰਦਾ ਏ।

ਐਨੇ ਨੂੰ ਰਾਮਾ ਇਕ ਲੱਡੂ ਚੁੱਕ ਕੇ ਖਾਣ ਲੱਗਦਾ ਏ, "ਲੱਡੂ ਤਾਂ ਸਵਾਦ ਐ ਬਈ।"

ਚਾਨਣ ਇਕ ਵਾਰ ਸਾਰੇ ਸ਼ਰੀਕੇ ਤੇ ਆਪਣੇ ਟੱਬਰ ਵੱਲ ਵੇਖਦਾ ਏ... ਸਾਰਿਆਂ ਦੇ ਚਿਹਰੇ ਖਿੜੇ ਹੋਏ ਨੇ। ਇਕ ਵਾਰ ਤਾਂ ਉਹਨੂੰ ਲੱਗਦਾ ਏ ਕਿ ਸਾਰੇ 'ਕੱਠੇ ਈ ਨੇ। ਘਰ 'ਚ ਚਾਰ ਭਾਂਡੇ ਖੜਕਦੇ ਈ ਰਹਿੰਦੇ ਨੇ। ਉਹ ਛਾਤੀ 'ਤੇ ਪੱਥਰ ਰੱਖ ਬੀਤੀਆਂ ਗੱਲਾਂ ਹਊ-ਪਰੇ ਕਰਨ ਦੇ ਆਹਰ ਲੱਗ ਜਾਂਦਾ ਏ।

ਪ੍ਰਕਾਸ਼ੋ ਭੇਲੀ ਦੀ ਸੀਰਨੀ ਤੇ ਲੱਡੂ ਲਿਫ਼ਾਫ਼ਿਆ 'ਚ ਪਾ ਕੇ ਸ਼ਰੀਕੇ ਦੀਆਂ ਬੁੜੀਆਂ ਤੇ ਆਪਣੇ ਟੱਬਰ ਦੀਆਂ ਵਹੁਟੀਆਂ ਨੂੰ ਦੇਣ ਲੱਗ ਪੈਂਦੀ ਏ। ਸਭ ਦਾ ਧਿਆਨ ਭੇਲੀ ਲੈਣ ਤੇ ਖਾਣ 'ਚ ਲੱਗ ਜਾਂਦਾ ਏ। ਚਾਨਣ ਰਾਮ ਖੂੰਡੇ 'ਤੇ ਭਾਰ ਪਾ ਕੇ ਉੱਠਦਾ ਏ। ਝੁਕ ਕੇ ਮਿੰਦਰੀ ਦੀ ਖੋਲ੍ਹੀ ਹੋਈ ਗੰਢ 'ਚੋਂ ਇਕ ਲੱਡੂ ਚੁੱਕਦਾ ਏ ਤੇ ਬਾਹਰ ਵਿਹੜੇ 'ਚ ਬੈਠਣ ਲਈ ਤੁਰ ਪੈਂਦਾ ਏ।

"ਮੈਂ ਕਿਹਾ ਮਿੰਦਰੀ ਦੇ ਭਾਪਾ ਬਾਹਲ਼ਾ ਮਿੱਠਾ ਨਾ ਖਾਵੀਂ... ਐਵੇਂ ਤੇਰੀ ਸ਼ੂਗਰ ਵਧ ਜਾਊ... ਫੇ ਸਾਨੂੰ 'ਵਾਜਾਂ ਮਾਰੂ।" ਪ੍ਰਕਾਸ਼ੋ ਚਾਨਣ ਨੂੰ ਨਸੀਹਤ ਦਿੰਦੀ ਏ। ਪਰ ਚਾਨਣ ਕੰਨ ਵਲ੍ਹੇਟ ਕੇ ਦਲਾਨ 'ਚੋਂ ਬਾਹਰ ਪੈਰ ਰੱਖਦਾ ਕਹਿੰਦਾ ਏ... "ਪ੍ਰਕਾਸ਼ੋ! ਸਾਰੀ ਉਮਰ ਜ਼ਹਿਰ ਦੇ ਫੁੱਕੇ ਈ ਮਾਰੇ ਨੇ... ਭੋਰਾ ਮਿੱਠਾ ਵੀ ਖਾ ਲੈਣ ਦਿਆ ਕਰ...ਦੋਹਤੀ ਦੇ ਵਿਆਹ ਦਾ ਤਾਂ ਮੈਨੂੰ ਚਾਅ ਈ ਬਾਹਲ਼ਾ ਏ।" ਤੇ ਉਹ ਚਾਨਣ 'ਚ ਡੱਠੇ ਮੰਜੇ ਵੱਲ ਖੂੰਡੀ ਦੇ ਸਹਾਰੇ ਹੌਲ਼ੀ-ਹੌਲ਼ੀ ਪੈਰ ਪੁੱਟਦਾ ਤੁਰ ਪੈਂਦਾ ਏ।

ਵਿਹੜੇ 'ਚ ਤਾਂ ਨੇਰ੍ਹਾ ਉੱਤਰ ਆਇਆ ਏ। ਚਾਨਣ ਨੇਰ੍ਹੇ 'ਚ ਠੇਡਾ ਖਾ ਕੇ ਉਖੜ ਕੇ ਡਿੱਗਣ ਲੱਗਦਾ ਏ। ਖੂੰਡੀ ਹੱਥੋਂ ਤਿਲਕ ਜਾਂਦੀ ਏ... ਚਾਨਣ ਨੂੰ ਚੇਤੇ ਆਉਂਦਾ ਏ ਵੱਡਾ ਮੁੰਡਾ ਸ਼ਾਮਾ ਕਿਵੇਂ ਉਹਦੇ ਹੱਥੋਂ ਤਿਲਕ ਕੇ ਪਰੇ ਰਮਦਾਸੀਆਂ ਦੀ ਬੁੱਕਲ਼ 'ਚ ਜਾ ਡਿੱਗਾ ਸੀ... ਮਿੰਦਰੀ ਨੇ ਵਿਹੜੇ ਆਲ਼ਿਆਂ ਨਾਲੋਂ ਵਰਕਾ ਈ ਪਾੜ 'ਤਾ ਸੀ... ਤੇ ਨ੍ਹਾਮਾ ਮੀਟ-ਆਂਡਾ-ਸ਼ਰਾਬ-ਹੁੱਕੇ ਬੀੜੀ ਤੋਂ ਜਮਾਂ ਨੱਕ ਭੰਨ ਗਿਆ ਸੀ... ਸਾਨੂੰ ਤਾਂ ਕਈ ਵਾਰ ਪਾਪੀ ਵੀ ਕਹਿ ਦਿੰਦਾ ਸੀ... ਲਾ ਪਾ ਕੇ ਛੋਟਾ ਰਾਮਾ ਈ ਬਚਿਆ ਸੀ... ਹੁਣ ਉਸਨੇ ਈ ਉਹਦੀ ਡੰਗੋਰੀ ਬਣਨਾ ਸੀ... ਉਹਨੇ ਵੀ ਨਾਨਕੇ ਛੱਕ ਲਿਜਾਣ ਵੇਲੇ ਮੂਤ ਜਾਣਾ। ਜਦੋਂ ਉਹਨੂੰ ਪੌਣ ਆਉਂਦੀ ਏ ਤਾਂ ਉਹ ਵੀ ਕਈ ਵਾਰ ਦੁਰ-ਬਚਨਾਂ

'ਤੇ ਉੱਤਰ ਆਉਂਦਾ...ਵੱਡੇ ਭਰਾ ਤੋਂ ਲੈ ਕੇ ਥੱਲੇ ਤਕ ਸਭ ਨੂੰ ਇਕੋ ਰੱਸੇ 'ਚ ਲਪੇਟ ਦਿੰਦਾ... ਹੁਣ ਕੀ ਕਰੀਏ ਮਿੰਦਰੀ ਹੈ ਤਾਂ ਆਖਰ ਧੀ ਈ ਨਾ... ਸ਼ੈਦ ਉਹ ਵੀ ਪੁੜਾਂ ਵਿਚਾਲ਼ੇ ਪਿਸਦੀ ਹੋਵੇ...ਇਕ ਪਾਸੇ ਸਲੀਬ ਏ... ਦੂਜੇ ਪਾਸੇ ਹਰਿ ਏ... ਤੀਜੇ ਪਾਸੇ ਰਾਮ ਸਿਓਂ ਦੀ ਸਰਦਾਰੀ ਏ...ਚੌਥੇ ਪਾਸੇ ਨ੍ਹਾਮਾ ਸਤਸੰਗੀ ਏ... ਨੁੱਕਰੇ ਲੱਗਾ ਉਹਦਾ ਪਿਓ ਏ... ਹੁਣ ਤਾਂ ਕਿਸੇ ਨੂੰ ਕਹਿਣ ਦਾ ਸਮਾਂ ਈ ਨੀਂ ਰਿਹਾ। ਹਰ ਕੋਈ ਗੁਣੀ ਗਿਆਨੀ ਬਣਿਆ ਫਿਰਦਾ ਏ।

"ਵੇਖੀਂ ਭਾਪਾ! ਕੀ ਹੋ ਗਿਆ ਤੈਨੂੰ? ਠੇਡਾ ਖਾ ਕੇ ਡਿੱਗਣ ਲੱਗਾ ਸੀ। ਖਿਆਲ ਨਾਲ ਤੁਰਿਆ ਕਰ।" ਪਿੱਛਿਓਂ ਆਏ ਬੋਲਾਂ ਨਾਲ ਚਾਨਣ ਸੰਭਲਣ ਲਗਦਾ ਏ ਤੇ ਚਾਨਣ ਦੇ ਹੱਥ 'ਚ ਫੜਿਆ ਲੱਡੂ ਥੱਲੇ ਡਿੱਗ ਕੇ ਖਿੱਲਰ ਜਾਂਦਾ ਏ...ਐਨੇ ਨੂੰ ਉਹਦਾ ਛੋਟਾ ਮੁੰਡਾ ਰਾਮਾ ਉਹਨੂੰ ਡਿੱਗਦੇ ਨੂੰ ਬੋਚ ਲੈਂਦਾ ਏ।

"ਉਏ ਰਾਮਿਆ ਸਾਡੇ ਤੇ ਪਿੱਛਿਓਂ ਵੀ ਠੇਡੇ ਵੱਜਦੇ ਰਹੇ ਨੇ... ਅਹੀਂ ਤਾਂ ਵੀ ਨੀਂ ਡਿੱਗੇ...।" ਚਾਨਣ ਦੀ ਸੋਚ ਕਈ ਸਾਲ ਪਿਛਾਂਹ ਚਲੇ ਜਾਂਦੀ ਏ।

... ਜਦੋਂ ਖਿੱਦੋ-ਖੂੰਡੀ ਖੇਡਦਿਆਂ ਉਹਦੇ ਤਾਏ ਦਾ ਮੁੰਡਾ, ਗੋਲ਼ਾਂ ਵੱਲ ਖਿੱਦੋ ਲਿਜਾਂਦਿਆਂ ਪਿੱਛਿਓਂ ਪੈਰ ਦਾ ਠੇਡਾ ਮਾਰ ਦਿੰਦਾ ਸੀ... ਪਰ ਉਹ ਡਿੱਗਦਾ ਡਿੱਗਦਾ ਸੰਭਲ਼ ਜਾਂਦਾ ਸੀ... ਤੇ ਗੋਲ਼ ਕਰਕੇ ਸਾਹ ਲੈਂਦਾ ਸੀ... ਤੇ ਘਰ ਦੀ ਪਿਛਾੜੀ ਚੰਮ ਰੰਗਣ ਦਾ ਕਾਰਖਾਨਾ ਲਾਉਣ ਲੱਗਿਆਂ ਪਿੰਡ ਦੀ ਦੂਜੀ ਪੱਤੀ ਦੇ ਲੋਕਾਂ ਨੇ ਉਹਦੇ ਵਿਹੜੇ ਦੇ ਕਈ ਘਰਾਂ ਨੂੰ ਨਾਲ ਲੈ ਕੇ... ਕਈ ਵਾਰ ਪਿੱਛਿਓਂ ਠੇਡੇ ਮਾਰੇ ਸਨ। ਪਰ ਉਹ ਹਰ ਵਾਰ ਸੰਭਲ਼ ਜਾਂਦਾ ਸੀ। ਤੇ ਅਖੀਰ ਚਾਨਣ ਨੇ ਚੰਮ ਰੰਗਣ ਦਾ ਕੰਮ ਸ਼ੁਰੂ ਕਰਕੇ ਪਿੱਛਿਓਂ ਵੱਜ ਰਹੇ ਠੇਡੇ ਨੂੰ ਰੋਕ ਵੀ ਦਿੱਤਾ ਸੀ। ਚਾਨਣ, ਰਾਮੇ ਕੋਲ਼ੋਂ ਮੁੜ ਖੂੰਡੀ ਫੜਦਿਆਂ ... ਪਿੱਛਿਓਂ ਬੇਧਿਆਨੇ ਹੁੰਦਿਆਂ ਸੰਭਲ਼ਦਾ ਏ।

"ਸ਼ੁਕਰ ਏ... ਸ਼ੁਕਰ ਏ...।" ਚਾਨਣ ਦੇ ਮਨ ਅੰਦਰ ਚਾਨਣ ਦੀ ਇਕ ਤਾਰ ਜਿਹੀ ਫਿਰ ਜਾਂਦੀ ਏ।000

***(144- ਬੀ, ਟਾਵਰ ਟਾਊਨ, ਜਲੰਧਰ-144 014***
***ਫੋਨ: 94170-64350 ਈਮੇਲ: kahanidhara@gmail.com)***

# 180 ਮਿੰਟ ਦਾ ਆਤੰਕ-ਕਾਲ: ਕਹਾਣੀ: ਜਸਵੀਰ ਰਾਣਾ

**ਰਾਤ 11 ਵਜੇ ਤੋਂ 12 ਵਜੇ ਤਕ**

ਹਵਾ ਵਿਚ ਪੈਰ ਰੱਖਦਾ ਕੋਈ ਕੰਧ ਦੇ ਨਾਲ-ਨਾਲ ਤੁਰਨ ਲੱਗਾ।

ਮੈਂ ਸਾਹ ਰੋਕ ਲਿਆ। ਪੈੜ-ਚਾਲ ਸਿਰਹਾਣੇ ਵਾਲੇ ਪਾਸੇ ਆ ਕੇ ਰੁਕ ਗਈ। ਮੈਂ ਪੁੱਠੀਆਂ ਅੱਖਾਂ ਨਾਲ ਪਿਛਾਂਹ ਨੂੰ ਵੇਖਣ ਲੱਗਾ।

"ਅਮਾਵਸ ਦੀ ਰਾਤ ਐ!...ਬੱਤੀ ਬੁਝਾ ਦੇ ਭਾਗ...!" ਗੁਲਾਬ ਕੁਰ ਦੀ ਆਵਾਜ਼ ਸੁਣ ਮੇਰਾ ਮੰਜਾ ਘੁੰਮਣ ਲੱਗਾ। ਸਿਰ ਵੱਲ ਦੌਣ, ਦੌਣ ਵੱਲ ਸਿਰ ਹੋ ਗਿਆ। ਘੁੰਮਦੀਆਂ ਨਜ਼ਰਾਂ ਨਾਲ ਮੈਂ ਸਿਰਹਾਣੇ ਵਾਲੇ ਪਾਸੇ ਵੇਖਿਆ।

ਉਹ ਸੱਜੇ ਪਾਵੇ ਕੋਲ ਮੰਜੇ ਦੀ ਬਾਹੀ 'ਤੇ ਬੈਠੀ ਸੀ। ਉਸ ਦੀਆਂ ਉਨੀਂਦੀਆਂ ਅੱਖਾਂ ਵੱਲ ਵੇਖ ਮੇਰੀ ਨੀਂਦ ਉੱਡ ਗਈ, "ਬੈਠੀ ਕੀ ਕਰਦੀ ਐਂ!...ਪੈ ਜਾ ਹੁਣ...!"

"ਮੈਨੂੰ ਚਾਨਣ 'ਚ ਨੀਂਦ ਨੀ ਆਉਂਦੀ!...ਆਹ ਬੱਤੀ ਬੁਝਾ ਦੇ...!" ਬੱਲਬ ਵੱਲ ਇਸ਼ਾਰਾ ਕਰ ਉਸਨੇ ਪਹਿਲਾਂ ਵਾਲੀ ਗੱਲ ਦੁਬਾਰਾ ਆਖੀ।

ਉਸ ਵੱਲ ਪਿੱਠ ਕਰ ਮੈਂ ਪਾਸਾ ਪਰਤ ਲਿਆ, "ਤੂੰ ਹੀ ਬੁਝਾ ਦੇ...!"

"ਚੰਗਾ!...ਮੈਂ ਬੁਝਾ ਦਿੰਨੀ ਆਂ!" ਉਸਦੇ ਉੱਠਣ ਨਾਲ ਮੰਜੇ ਦੀ ਬਾਹੀ ਉੱਪਰ ਨੂੰ ਉੱਠੀ। ਪਰ ਉਹ ਨਹੀਂ ਉੱਠੀ। ਬੈਠੀ ਬੈਠੀ ਥੋੜ੍ਹਾ ਜਿਹਾ ਸਰਕੀ। ਸਰਸਰਾਹਟ ਮੇਰੇ ਕੰਨ ਕੋਲ਼ ਦੀ ਲੰਘੀ। ਮੈਂ ਸੱਜੀ ਅੱਖ ਥੋੜ੍ਹੀ ਜਿਹੀ ਖੋਲ੍ਹੀ। ਪਲਕ ਝਪਕ ਵੇਖਿਆ।

ਉਸਦੀ ਬਾਂਹ ਸਰਾਲ਼ ਵਾਂਗ ਲੰਬੀ ਹੁੰਦੀ ਜਾ ਰਹੀ ਸੀ। ਲੰਬੀ। ਹੋਰ ਲੰਬੀ।

ਮੇਰੀ ਨਜ਼ਰ ਉਸਦੇ ਹੱਥ 'ਤੇ ਚਿਪਕ ਗਈ। ਉਹ ਹੱਥ ਨਹੀਂ ਡਰਾਉਣਾ ਪੰਜਾ ਸੀ। ਉਂਗਲਾਂ ਦੇ ਸਿਰੇ 'ਤੇ ਵੱਡੇ-ਵੱਡੇ ਨਹੁੰ ਸਨ। ਉਸਨੇ ਇਕ ਨਹੁੰ ਨਾਲ ਸਵਿੱਚ ਦੱਬ ਦਿੱਤੀ।

"ਠਾਹ...ਹ...ਹ...ਹ...!!" ਬੱਲਬ ਦਾ ਭੜਾਕਾ ਪੈ ਗਿਆ।

ਮੇਰੀ ਸੁਰਤੀ ਟੁੱਟ ਗਈ। ਕੰਨਾਂ ਕੋਲ਼ ਸਾਂ-ਸਾਂ ਹੋਣ ਲੱਗੀ। ਹਨੇਰਾ ਸੰਘਣਾ ਹੋਣ ਲੱਗਾ। ਮੈਂ ਹੌਲ਼ੀ-ਹੌਲ਼ੀ ਉੱਠਿਆ। ਪੈਰੀਂ ਜੁੱਤੀ ਪਾਈ। ਹਨੇਰੇ ਵਿਚ ਹੱਥ ਮਾਰਦਾ ਕੰਧ ਕੋਲ਼ ਜਾ ਪੁੱਜਾ।

"ਵੇਖਾਂ ਤਾਂ ਸਈ...!" ਗੁਲਾਬ ਕੁਰ ਦਾ ਨਾਂ ਲੈ ਮੈਂ ਸਵਿੱਚ ਦੱਬ ਦਿੱਤੀ।

ਵਰਾਂਡਾ ਚਾਨਣ ਨਾਲ ਭਰ ਗਿਆ। ਮੈਂ ਬੋਰਡ 'ਤੇ ਨਜ਼ਰ ਟਿਕਾ ਲਈ। ਜਿਸ ਨਹੁੰ ਨਾਲ ਉਸਨੇ ਸਵਿੱਚ ਦੱਬੀ ਸੀ, ਮੈਂ ਉਸਦਾ ਨਿਸ਼ਾਨ ਲੱਭਣ ਲੱਗਾ। ਪਰ ਲੱਭਾ ਨਹੀਂ। ਨਹੁੰ ਟੁੱਟ ਕੇ ਹੇਠਾਂ ਵੀ ਡਿੱਗ ਸਕਦਾ ਸੀ। ਮੈਂ ਸਵਿੱਚ ਬੋਰਡ ਦੀ ਸੇਧ ਵਿਚ ਪੈਰਾਂ ਭਾਰ ਹੇਠਾਂ ਬੈਠ ਗਿਆ।

"ਉੱਠ!...ਪਿੱਛੇ ਵੇਖ...!" ਮੈਨੂੰ ਆਪਣੀ ਪਿੱਠ ਵਿਚ ਕੁਝ ਚੁਭਦਾ ਮਹਿਸੂਸ ਹੋਇਆ।

ਪਹਿਲਾਂ ਇਕ ਨਹੁੰ। ਫਿਰ ਦੋ। ਫਿਰ ਤਿੰਨ। ਫਿਰ ਪੂਰਾ ਪੰਜਾ ਗਰਦਨ ਤੋਂ ਹੇਠਾਂ ਰੀੜ੍ਹ ਦੀ ਹੱਡੀ ਤਕ ਹਲ਼ ਵਾਂਗ ਵਾਹਿਆ ਗਿਆ। ਹਵਾ ਵਿਚ ਭੀਂ-ਭੀਂ ਹੋਣ ਲੱਗੀ।

ਮੈਂ ਮੱਖੀ ਫੜਨ ਲਈ ਬਾਂਹ ਘੁੰਮਾ ਕੇ ਪਿੱਠ 'ਤੇ ਹੱਥ ਮਾਰਿਆ, 'ਹਟ ਤੇਰੀ...!"

"ਇਹਨੇ ਵੀ ਬੜਾ ਤੰਗ ਕੀਤੈ...!" ਉੱਡਦੀ ਮੱਖੀ ਵੱਲ ਵੇਖ ਮੈਂ ਕਰਚ-ਕਰਚ ਦੀ ਆਵਾਜ਼ ਸੁਣਨ ਲੱਗਾ।

ਆਵਾਜ਼ ਪਰਛੱਤੀ ਵੱਲੋਂ ਆ ਰਹੀ ਸੀ। ਵਰਾਂਡੇ ਦੇ ਸਾਹਮਣੇ ਹੀ ਨਾਲ ਲੱਗਦੀ ਪਰਛੱਤੀ ਸੀ। ਉਸ ਵਿਚ ਪੁਰਾਣਾ ਸਮਾਨ ਪਿਆ ਸੀ। ਉਸਦੇ ਅੱਗੇ ਹੇਠਾਂ ਕੂਹਣੀ ਮੋੜ ਵਰਗਾ ਓਟਾ ਸੀ। ਉਸਦੀ ਓਟ ਵਿਚ ਮਿੱਟੀ ਦਾ ਚੁੱਲ੍ਹਾ ਸੀ। ਗੁਲਾਬ ਕੁਰ ਉੱਥੇ ਬੈਠ ਕੇ ਰੋਟੀ-ਪਾਣੀ ਕਰਦੀ। ਪਰ ਅੱਜ ਕੁਝ

ਹੋਰ ਕਰ ਰਹੀ ਸੀ।

ਉਹ ਚੁੱਲ੍ਹੇ ਤੋਂ ਥੋੜ੍ਹਾ ਜਿਹਾ ਉਰ੍ਹਾਂ ਓਟੇ ਕੋਲ਼ ਪੀੜ੍ਹੀ ਡਾਹੀਂ ਬੈਠੀ ਸੀ। ਪੈਰਾਂ ਵਿਚ ਕਾਲੇ ਰੰਗ ਦੀਆਂ ਚੱਪਲਾਂ। ਚੱਪਲਾਂ ਵਿਚ ਬੱਧਰੀਆਂ ਦੀ ਥਾਂ ਬਾਣ ਦੀਆਂ ਰੱਸੀਆਂ। ਉਸਦੇ ਪੈਰਾਂ ਕੋਲ਼ ਛੋਟੀ ਜਿਹੀ ਤਸਲੀ ਪਈ ਸੀ। ਉਸ ਵਿਚ ਜਲ਼ੀ ਹੋਈ ਲੱਕੜੀ ਦੇ ਕੋਲੇ ਸਨ। ਉਸਦੇ ਹੱਥ ਵਿਚ ਵੀ ਕੋਲੇ ਸਨ। ਉਹ ਇਕ ਕੋਲਾ ਮੂੰਹ ਵਿਚ ਪਾਉਂਦੀ। ਕਰਚ-ਕਰਚ ਖਾਣ ਲੱਗਦੀ। ਉਸ ਵੱਲ ਵੇਖ ਮੇਰੇ ਦੰਦਾਂ ਵਿਚ ਕਿਰਕਲ ਫੈਲ ਗਈ। ਪਰ੍ਹਾਂ ਨੂੰ ਥੁੱਕ ਮੈਂ ਉਸ ਵੱਲ ਨੂੰ ਤੁਰ ਪਿਆ। ਨਜ਼ਦੀਕ ਪਹੁੰਚਿਆ। ਹੌਲ਼ੀ-ਹੌਲ਼ੀ ਹੇਠਾਂ ਬੈਠਿਆ। ਉਹ ਨੱਕ ਤਕ ਚੁੰਨੀ ਦਾ ਪੱਲਾ ਕਰੀਂ ਮੇਰੇ ਵੱਲ ਵੇਖ ਰਹੀ ਸੀ। ਅੱਖਾਂ ਮਸ਼ਾਲ ਵਾਂਗ ਮੱਚ ਰਹੀਆਂ ਸਨ। ਮੈਂ ਉਸਦਾ ਹੱਥ ਫੜ ਲਿਆ, "ਅਜੇ ਕਿੰਨੇ ਕੁ ਕੋਲੇ ਖਾਣੇ ਨੇ...!"

"ਵੇ ਫੋਟ!... ਕਾਲ਼ੇ ਮੂੰਹ ਆਲ਼ਾ...!" ਹੱਥ ਛੁਡਾ ਉਸਨੇ ਕੋਲਿਆਂ ਦੀ ਕਾਲਖ ਮੇਰੇ ਮੂੰਹ 'ਤੇ ਮਲ਼ ਦਿੱਤੀ।

ਮੈਂ ਸਾਫੀ ਨਾਲ ਮੂੰਹ ਸਾਫ ਕਰਨ ਲੱਗਾ। ਹੱਥ ਝਾੜਦੀ ਉਹ ਧੂੰਆਂ ਬਣ ਉੱਪਰ ਨੂੰ ਉੱਡ ਗਈ।

ਕੋਲਿਆਂ ਦੀ ਤਸਲੀ। ਖਾਲ਼ੀ ਪੀੜ੍ਹੀ। ਬਾਣ ਦੀ ਰੱਸੀ ਵਾਲੀਆਂ ਚੱਪਲਾਂ ਓਟੇ ਕੋਲ਼ ਪਈਆਂ ਸਨ।

"ਵਾਹ ਨੀ ਗੁਲਾਬ ਕੁਰੇ...!" ਸਾਫੀ ਝਾੜਦਾ ਹੋਇਆ ਮੈਂ ਵਰਾਂਡੇ ਵਿਚ ਡਹੇ ਮੰਜੇ ਵੱਲ ਨੂੰ ਤੁਰ ਪਿਆ। ਮੰਜੇ ਹੇਠਾਂ ਬੈਠਾ ਇਕ ਬੱਚਾ ਮੈਨੂੰ ਘੂਰ ਰਿਹਾ ਸੀ। ਉਸਦੇ ਧੜ ਤੋਂ ਸਿਰ ਗਾਇਬ ਸੀ।

0 0 0

"ਮੇਰਾ ਸਿਰ ਤੂੰ ਵੱਢਿਐ...!" ਪਰ੍ਹਾਂ ਕੰਧ ਕੋਲ਼ ਬੰਨ੍ਹੀ ਕੱਪੜਿਆਂ ਵਾਲੀ ਤਾਰ 'ਤੇ ਟੰਗੀ ਚੁੰਨੀ ਹਿੱਲੀ।

ਮੈਂ ਸਿਰ ਤੋਂ ਪੈਰਾਂ ਤਕ ਹਿੱਲ ਗਿਆ। ਉਹ ਗੁਲਾਬ ਕੁਰ ਦੀ ਚੁੰਨੀ ਸੀ। ਉਸਦੀ ਬੁੱਕਲ ਵਿਚ ਵੱਢਿਆ ਹੋਇਆ ਸਿਰ ਸੀ। ਉਸਦਾ ਚਿਹਰਾ ਬੇਪਛਾਣ ਸੀ। ਮੱਥੇ ਵਿਚਕਾਰ ਇਕ ਅੱਖ। ਨੱਕ ਵਾਲੀ ਥਾਂ ਸਾਫ। ਕੰਨ ਗ਼ਾਇਬ। ਉਸਦਾ ਮੂੰਹ ਕੰਨਾਂ ਵਾਲੀ ਥਾਂ ਤਕ ਖੁੱਲ੍ਹਦਾ ਸੀ।

"ਕੌਣ ਐਂ ਤੂੰ...!" ਮੈਂ ਕੰਬਦੇ ਹੱਥਾਂ ਨਾਲ ਤਾਰ ਕੋਲ਼ ਜਾ ਚੁੰਨੀ ਖਿੱਚ ਦਿੱਤੀ।

ਉਸ ਹੇਠਾਂ ਕੋਈ ਨਹੀਂ ਸੀ। ਹਵਾ ਵਿਚ ਉੱਡਦੀ ਚੁੰਨੀ ਛੱਤ ਨਾਲ ਜਾ ਲੱਗੀ। ਮੰਜੇ ਹੇਠੋਂ ਆਹਟ ਉੱਭਰੀ, "ਮੈਂ ਉਹੀ ਆਂ!... ਆਹੂਤੀ ਬੱਚਾ...!"

"ਤੂੰ!...ਚੱਲ ਉੱਠ!...ਖੜ੍ਹਾ ਹੋ...!" ਮੈਂ ਹੇਠਾਂ ਬੈਠ ਜੁੱਤੀ ਲਾਹ ਕੇ ਧਰਤੀ 'ਤੇ ਮਾਰੀ।

ਖੜਾਕਾ ਸੁਣ ਉਹ ਬਿੱਲੀ ਵਾਂਗ ਮੁੱਛਾਂ 'ਤੇ ਜੀਭ ਫੇਰਨ ਲੱਗਾ। ਮੈਂ ਫਿਰ ਜੁੱਤੀ ਹੇਠਾਂ ਮਾਰੀ। ਉਹ ਦੋਵਾਂ ਹੱਥਾਂ ਪੈਰਾਂ ਉੱਪਰ ਖੜ੍ਹਾ ਹੋ ਗਿਆ। ਉਸਦੀ ਪਿੱਠ ਮੰਜੇ ਨਾਲ ਜਾ ਲੱਗੀ। ਮੰਜਾ ਉੱਪਰ ਨੂੰ ਉੱਠਣ ਲੱਗਿਆ। ਪੈਰੀਂ ਜੁੱਤੀ ਪਾ ਮੈਂ ਛੱਤ ਵੱਲ ਵੇਖਣ ਲੱਗਾ। ਜਦੋਂ ਮੰਜਾ ਛੱਤ ਨਾਲ ਜਾ ਲੱਗਾ। ਵਾਵਰੋਲੇ ਵਾਂਗ ਘੁੰਮਦਾ ਸਿਰ ਧੜ ਨਾਲ ਜਾ ਜੁੜਿਆ, "ਤੂੰ ਮੈਨੂੰ ਮੰਜੇ ਤੋਂ ਚੁੱਕ ਕੇ ਲਿਆਇਆ ਸੀ...!"

"ਨਹੀਂ ਮੈਂ ਨਹੀਂ!... ਉਹ ਕੋਈ ਹੋਰ ਸੀ...!" ਮੈਂ ਉਸਦੀ ਪਛਾਣ ਕਰਨ ਲੱਗਾ।

ਪਰ ਉਹ ਬੇਪਛਾਣ ਸੀ, "ਵੇਖ!.... ਮੈਂ ਉਹੀ ਆਂ...!"

ਉਸਦਾ ਕੰਨਾਂ ਤਕ ਪਾਇਆ ਮੂੰਹ ਚਾਮਚੜਿਕ ਵਾਂਗ ਉੱਡਦਾ ਮੇਰੇ ਸਿਰ ਕੋਲ਼ ਦੀ ਲੰਘ ਗਿਆ।

ਕੁਝ ਪਲ ਹਵਾ ਵਿਚ ਉੱਡਦਾ ਰਿਹਾ। ਫਿਰ ਵਿਹੜੇ ਵਿਚ ਡਿੱਗ ਪਿਆ।

"ਵੇਖੀਂ, ਡਿੱਗ ਨਾ ਪਈਂ...!" ਗੁਲਾਬ ਕੁਰ ਦੀ ਆਵਾਜ਼ ਸੁਣ ਮੇਰਾ ਮੱਥਾ ਠਣਕਿਆ।

ਉਹ ਪੀੜ੍ਹੀ ਉੱਪਰ ਆ ਬੈਠੀ ਸੀ। ਉਸ ਕੋਲ਼ ਅੱਕਰਮਾਸ਼ੀ ਬੈਠਾ ਸੀ। ਉਸਦੇ ਹੱਥ ਵਿਚ

ਟੌਫੀਆਂ ਸਨ। ਉਹ ਸੁਰਖ ਅੱਖਾਂ ਨਾਲ ਕੋਲਿਆਂ ਵੱਲ ਵੇਖ ਰਿਹਾ ਸੀ।

"ਵੇ ਫੋਟ!...ਓਧਰ ਕੀ ਵੇਖਦੈਂ!...ਐਧਰ ਵੇਖ...!" ਉਸਨੂੰ ਇਕ ਕੋਲਾ ਫੜਾ ਗੁਲਾਬ ਕੁਰ ਉਸ ਤੋਂ ਟੌਫੀਆਂ ਫੜਨ ਲੱਗ ਪਈ।

ਅੱਕਰਮਾਸ਼ੀ ਬਿੱਲੀ ਵਾਂਗ ਮੁੱਛਾਂ ਉੱਪਰ ਜੀਭ ਫੇਰਨ ਲੱਗਾ। ਗੁਲਾਬ ਕੁਰ ਨੇ ਕਾਗ਼ਜ਼ ਖੋਲ੍ਹ ਇਕ ਟੌਫੀ ਮੂੰਹ ਵਿਚ ਪਾ ਲਈ। ਖਾਲ਼ੀ ਕਾਗ਼ਜ਼ ਵਿਚ ਕੋਲਾ ਲਪੇਟ ਮੇਰੇ ਵੱਲ ਵਗਾਹ ਦਿੱਤਾ। ਮੈਂ ਬੁੱਚਣ ਲੱਗਾ। ਉਹ ਹੇਠਾਂ ਡਿੱਗ ਪਿਆ। ਕਾਗ਼ਜ਼ ਨੂੰ ਅੱਗ ਲੱਗ ਗਈ। ਕੋਲਾ ਬਲ਼ਣ ਲੱਗਾ। ਪੈਰਾਂ ਵਿਚੋਂ ਉੱਠਦਾ ਧੂੰਆਂ ਸਿਰ ਵੱਲ ਨੂੰ ਵਧਣ ਲੱਗਾ। ਮੈਂ ਸਾਫੀ ਨਾਲ ਪੱਖਾ ਝੱਲਣ ਲੱਗਾ। ਗੁਲਾਬ ਕੁਰ ਬੱਚਿਆਂ ਵਾਂਗ ਹੱਸਣ ਲੱਗੀ, "ਧੂਫ਼ ਐ!... ਲੈ ਲਾ!... ਭੂਤ ਪ੍ਰੇਤ ਨੇੜੇ ਨੀ ਆਉਂਦੇ...!"

"ਹੂੰਅ!... ਭੂਤ ਪ੍ਰੇਤ...!!" ਮੈਂ ਪੈਰਾਂ ਕੋਲ਼ ਬਲ਼ਦਾ ਕੋਲਾ ਚੁੱਕ ਉਸ ਵੱਲ ਵਗਾਹ ਮਾਰਿਆ।

ਕੋਲਾ ਉਸਦੀ ਗਰਦਨ ਦੇ ਆਰ-ਪਾਰ ਲੰਘ ਗਿਆ। ਬੁੱਲ੍ਹਾਂ ਦੀ ਕਾਲਖ ਉੱਪਰ ਜੀਭ ਫੇਰਦੀ ਉਹ ਮੇਰੇ ਸਾਹਮਣੇ ਆ ਖੜ੍ਹੀ। ਮੈਂ ਉਸਦੀ ਗਰਦਨ ਦੇ ਸੁਰਾਖ ਵਿਚ ਦੀ ਅੱਕਰਮਾਸ਼ੀ ਵੱਲ ਵੇਖਣ ਲੱਗਾ।

ਹੱਥ ਵਿਚ ਕੋਲਾ ਫੜੀਂ ਉਹ ਕੰਧ 'ਤੇ ਕੁਝ ਲਿਖ ਰਿਹਾ ਸੀ। ਉਸਦਾ ਚਿਹਰਾ ਮੇਰੇ ਵੱਲ ਸੀ। ਪਰ ਉਸ ਦੀਆਂ ਅੱਖਾਂ ਵਿਹੜੇ ਵੱਲ ਵੇਖ ਰਹੀਆਂ ਸਨ।

ਵਿਹੜੇ ਵਿਚ ਕੰਧ ਕੋਲ਼ ਖੜ੍ਹੀ ਡੇਕ ਹੇਠਾਂ ਖੜ੍ਹੇ ਦੋ ਬੱਚੇ ਕੋਲੇ ਖਾ ਰਹੇ ਸਨ।

ਗਰਦਨ 'ਤੇ ਹੱਥ ਫੇਰਦੀ ਹੋਈ ਗੁਲਾਬ ਕੁਰ ਉਹਨਾਂ ਨੂੰ ਗਾਲ੍ਹਾਂ ਕੱਢਣ ਲੱਗੀ, "ਚਲੋ ਭਾਜੋ ਵੇ, ਕੀਹਦੇ ਓ ਤੁਸੀਂ!...ਪਤਾ ਨੀ ਸਤੌਲ਼ ਕਿੱਥੋਂ ਆ ਜਾਂਦੀ ਐ...!"

ਉਸ ਦੀਆਂ ਗਾਲ੍ਹਾਂ ਸੁਣ ਇਕ ਬੱਚਾ ਰੋਣ ਲੱਗ ਪਿਆ। ਦੂਜਾ ਹੱਸਣ ਲੱਗ ਪਿਆ। ਕੋਲਾ ਸਿੱਟ ਅੱਕਰਮਾਸ਼ੀ ਪੁੱਠੇ ਪੈਰੀਂ ਤੁਰਨ ਲੱਗਾ, "ਓਏ ਤੂੰ ਪਹਿਲਾਂ ਕਿਉਂ ਨੀ ਹੱਸਿਆ!... ਮੈਂ ਹਸਾ ਹਸਾ ਹਾਰ ਗਿਆ....!"

"ਲੈ ਤੂੰ ਹਸਾਉਂਦਾ ਕਿੱਥੇ ਸੀ!... ਤੂੰ ਤਾਂ ਰਵਾਉਂਦਾ ਸੀ....!" ਹੇਠਾਂ ਡਿੱਗਿਆ ਕੋਲਾ ਤਸਲੀ ਵਿਚ ਰੱਖ ਗੁਲਾਬ ਕੁਰ ਧਰਤੀ ਤੋਂ ਗਿੱਠ ਉੱਚੀ ਉੱਠ ਗਈ।

ਵਿਹੜੇ ਵਿਚ ਚਾਮਚੜਿਕ ਉੱਡਣ ਦੀ ਆਵਾਜ਼ ਆਈ। ਉਹ ਲੱਤਾਂ ਲਮਕਾ ਓਟੇ 'ਤੇ ਬੈਠ ਗਈ। ਉਸਦੇ ਪੈਰਾਂ ਦੀਆਂ ਉਂਗਲਾਂ ਵਿਚੋਂ ਰਾਖ ਝਰਨ ਲੱਗੀ।

ਅੱਕਰਮਾਸ਼ੀ ਡੇਕ ਦੀ ਟਾਹਣੀ ਨਾਲ ਪੁੱਠਾ ਲਟਕਣ ਲੱਗਾ। ਉਸਦੀ ਜੀਭ ਵਿਚੋਂ ਖ਼ੂਨ ਟਪਕਣ ਲੱਗਾ।

"ਇਹ ਖ਼ੂਨੀ ਐ...!" ਮੈਂ ਡੇਕ ਹੇਠਾਂ ਖੜ੍ਹੇ ਬੱਚਿਆਂ ਨੂੰ ਪਰ੍ਹਾਂ ਕਰਨ ਲਈ ਦੌੜਿਆ।

ਮੈਨੂੰ ਵੇਖ ਲਾਲਾਂ ਦੀ ਜੋੜੀ ਮਿੱਟੀ ਵਿਚ ਗੁਆਚ ਗਈ। ਮੈਂ ਵਿਹੜੇ ਦੀ ਮਿੱਟੀ ਫਰੋਲਣ ਲੱਗਾ।

"ਮਿੱਟੀ ਨਾ ਫਰੋਲ ਭਾਗ!...ਜਾਹ ਪੈ ਜਾ ਹੁਣ...!" ਮੋਢੇ ਉਪਰ ਹੱਥ ਮਹਿਸੂਸ ਕਰ ਮੈਂ ਵਰਾਂਡੇ ਦੀ ਛੱਤ ਵੱਲ ਵੇਖਣ ਲੱਗਾ।

ਓਟੇ 'ਤੇ ਬੈਠੀ ਗੁਲਾਬ ਕੁਰ ਨੇ ਮੇਰੇ ਮੋਢੇ ਤੋਂ ਹੱਥ ਚੁੱਕ ਮੰਜੇ ਨੂੰ ਹੇਠਾਂ ਆਉਣ ਦਾ ਇਸ਼ਾਰਾ ਕੀਤਾ।

ਛੱਤ ਨਾਲ ਲੱਗਿਆ ਮੰਜਾ ਹੌਲ਼ੀ ਹੌਲ਼ੀ ਹੇਠਾਂ ਆ ਫਰਸ਼ ਉੱਪਰ ਡਹਿ ਗਿਆ।

ਉਸਦੇ ਪਾਵੇ ਨਾਲ ਘੁੰਗਰੂਆਂ ਵਾਲੀ ਤੜਾਗੀ ਬੰਨ੍ਹੀ ਹੋਈ ਸੀ।

0 0 0

ਉਹ ਅਲਫ ਨੰਗੀ ਖੜ੍ਹੀ ਸੀ। ਸਰੀਰ ਦਾ ਉਪਰਲਾ ਹਿੱਸਾ ਜਵਾਨ। ਲੱਕ ਤੋਂ ਹੇਠਲਾ ਹਿੱਸਾ ਬਜ਼ੁਰਗ ਸੀ। ਮੇਰੇ ਵੱਲ ਪਿੱਠ ਕਰੀਂ ਉਹ ਲੱਕ ਦੁਆਲ਼ੇ ਤੜਾਗੀ ਬੰਨ੍ਹ ਰਹੀ ਸੀ।

ਮੈਂ ਘੁੰਗਰੂਆਂ ਉਪਰ ਨਜ਼ਰ ਟਿਕਾ ਲਈ। ਉਸਨੇ ਹਵਾ ਵਿਚ ਹੱਥ ਨਚਾਇਆ। ਲੰਬੇ ਨਹੁੰ

ਲਿਸ਼ਕੇ। ਪੰਜਾ ਲੱਕ ਕੋਲ਼ ਆ ਰੁਕ ਗਿਆ। ਉਸਨੇ ਤੜਾਗੀ ਵਿਚ ਨਹੁੰ ਫਸਾਇਆ। ਇਕ ਘੁੰਗਰੂ ਟੁੱਟ ਹੇਠਾਂ ਡਿੱਗ ਪਿਆ। ਛਨ...ਨ...ਨ...ਨ....!!!

"ਤੂੰ ਮੇਰਾ ਬੱਚਾ ਡੇਗ ਦਿੱਤਾ...!" ਉਹ ਫਿਰਕੀ ਵਾਂਗ ਅੱਡੀ ਉੱਪਰ ਘੁੰਮੀ।

ਛਾਤੀਆਂ ਵਿਚ ਦੁੱਧ ਛਲਕਿਆ। ਮੈਂ ਨਜ਼ਰ ਘੁੰਮਾ ਲਈ। ਉਹ ਘੁੰਮਦੀ ਹੋਈ ਮੇਰੇ ਅੱਗੇ ਆ ਖੜ੍ਹੀ, "ਚੱਲ ਖੜ੍ਹਾ ਹੋ!....ਦੱਸ ਮੇਰਾ ਬੱਚਾ ਕਿੱਥੇ ਐ...!"

"ਕਿੱਥੇ ਐ ਬੱਚਾ!...ਮੈਨੂੰ ਬੱਚਾ ਚਾਹੀਦਾ...!" ਉਸਦੀ ਅਵਾਜ਼ ਪਹਿਲਾਂ ਬੰਸਰੀ ਵਾਂਗ ਵੱਜੀ, ਫਿਰ ਫਟੇ ਬਾਂਸ ਵਾਂਗ ਖੜਕਣ ਲੱਗ ਪਈ।

ਮੈਂ ਬੁੱਲ੍ਹਾਂ ਉੱਪਰ ਉਂਗਲ ਰੱਖ ਚੁੱਪ ਰਹਿਣ ਦਾ ਇਸ਼ਾਰਾ ਕੀਤਾ। ਉਹ ਬਾਹਵਾਂ ਦਾ ਪਰਦਾ ਕਰ ਆਪਣਾ ਨੰਗ ਢਕਣ ਲੱਗੀ। ਮੈਂ ਉਸਨੂੰ ਹਜ਼ਾਰ ਵਾਰ ਸੁਣਾਈ ਗੱਲ ਫਿਰ ਸੁਣਾਉਣ ਲੱਗਾ, "ਗੱਲ ਸੁਣ!... ਤੇਰਾ ਬੱਚਾ ਮੈਂ ਨਹੀਂ ਡੇਗਿਆ! ਉਹ ਤਾਂ ਬਿੰਜਲ ਨੇ....!"

"ਐਥੀ ਚੁੱਪ ਕਰਜਾ ਭਾਗ!.... ਮੇਰੇ ਸਾਹਮਣੇ ਉਹਦਾ ਨਾਉਂ ਨਾ ਲਈਂ....!" ਦੰਦਾਂ ਵਿਚ ਜੀਭ ਲੈ ਉਹ ਢਿੱਡ ਵਿਚ ਮੁੱਕੀਆਂ ਦੇਣ ਲੱਗੀ।

ਉਸਦੇ ਢਿੱਡ ਵਿਚ ਦਰਦ ਸ਼ੁਰੂ ਹੋ ਗਿਆ। ਮੈਂ ਜਦੋਂ ਵੀ ਬਿੰਜਲ ਦਾ ਨਾਂ ਲੈਂਦਾ, ਉਹ ਦਰਦ ਨਾਲ ਦੂਹਰੀ ਹੋ ਜਾਂਦੀ। ਉਸਦਾ ਦਰਦ ਵੀ ਦੂਹਰਾ ਸੀ। ਜਦੋਂ ਉਹ ਜਵਾਨ ਸੀ, ਉਸ ਅੰਦਰ ਮੁੰਡਾ ਜੰਮਣ ਦੀ ਇੱਛਾ ਉਸ ਤੋਂ ਵੀ ਜਵਾਨ ਸੀ। ਮੇਰੀ ਘਰਆਲ਼ੀ ਜਿੰਦਰ ਤੋਂ ਬਾਅਦ ਜਦੋਂ ਪੰਜ ਸਾਲ ਦੂਜਾ ਬੱਚਾ ਨਾ ਹੋਇਆ, ਉਹ ਚੁੰਨੀ ਦਾ ਲੜ ਮੂੰਹ ਵਿਚ ਲੈ ਅਕਸਰ ਆਖਦੀ, "ਬੱਸ ਇਕ ਮੁੰਡਾ ਦੇ ਦੇ!...ਮੈਂ ਤੈਥੋਂ ਹੋਰ ਕੁਸ਼ ਨੀ ਮੰਗਦੀ...!"

"ਇਕ ਦੀ ਕੀ ਗੱਲ ਕਰਦੀ ਐਂ!...ਮੈਂ ਮੁੰਡਿਆਂ ਦੀ ਲਾਈਨ ਲਾ ਦੂੰ ਗੁਲਾਬ...!" ਮੂੰਹ ਵਿਚੋਂ ਚੁੰਨੀ ਦਾ ਲੜ ਛੁਡਾ ਬਿੰਜਲ ਉਸ ਨੂੰ ਬਾਹਾਂ ਵਿਚ ਘੁੱਟ ਲੈਂਦਾ।

ਉਹ ਸਭ ਦਾ ਭਲਾ ਕਰਨ ਵਾਲਾ ਬੰਦਾ ਸੀ। ਪਿੰਡ ਵਿਚ ਕੋਈ ਉਸਦੀ ਝੂਠੀ ਸਹੁੰ ਨਾ ਖਾਂਦਾ। ਪਰ ਪਿੰਡ ਦੀ ਛਿਪਦੀ ਬਾਹੀ ਵੱਲ ਰਹਿੰਦੀ ਗਾਨੀ ਨੇ ਉਸ ਤੋਂ ਸੱਚੀ ਸਹੁੰ ਖੁਆ ਲਈ। ਉਸਦੇ ਕੋਈ ਬੱਚਾ ਨਹੀਂ ਸੀ ਹੁੰਦਾ। ਉਸਦੇ ਘਰਆਲ਼ਾ ਤ੍ਰਿਲੋਕੀ ਬਚਪਨ ਤੋਂ ਹੀ ਕਮਜ਼ੋਰ ਸੀ। ਕੋਈ ਡਾਕਟਰ ਕੋਈ ਹਸਪਤਾਲ। ਕੋਈ ਹਕੀਮ ਕੋਈ ਸਿਆਣਾ। ਕੋਈ ਵੀ ਉਸ ਅੰਦਰ ਨਵੀਂ ਸ਼ਕਤੀ ਨਾ ਫੂਕ ਸਕਿਆ। ਉਹ ਪਿੰਡ ਵਿਚ ਜੜ ਲਾਉਣ ਲਈ ਸੁੱਖਾਂ ਸੁੱਖਣ ਲੱਗਿਆ। ਗਾਨੀ ਸਭ ਦਾ ਭਲਾ ਕਰਨ ਵਾਲੇ ਬਿੰਜਲ ਤੋਂ ਭਲਾ ਮੰਗਣ ਲੱਗੀ। ਤ੍ਰਿਲੋਕੀ ਦੀ ਸੁੱਖ ਵਰ ਆਈ। ਬਿੰਜਲ ਨੇ ਗਾਨੀ ਦੀ ਕੁੱਖ ਹਰੀ ਕਰ ਦਿੱਤੀ। ਜਿਸ ਦਿਨ ਪੀਰ ਦੀ ਸੁੱਖ ਉਤਾਰਨ ਗਿਆ ਤ੍ਰਿਲੋਕੀ ਮੱਥਾ ਟੇਕਦਾ ਹੀ ਪੂਰਾ ਹੋ ਗਿਆ, ਉਸ ਦਿਨ ਬਿੰਜਲ ਦੀਆਂ ਬਾਹਾਂ ਵਿਚ ਪਈ ਗਾਨੀ ਆਖ ਰਹੀ ਸੀ, "ਤੈਂ ਮੇਰੀ ਖੁਆਈ ਸਹੁੰ ਪੂਰੀ ਕਰ ਦਿੱਤੀ!... ਤੇਰਾ ਭਲਾ ਹੋਵੇ ਜੱਟਾ...!"

ਉਸਦੇ ਢਿੱਡ ਨੂੰ ਕੰਨ ਲਾ ਕੇ ਬੱਚੇ ਦੀ ਆਹਟ ਸੁਣਦੇ ਹੋਏ ਬਿੰਜਲ ਨੇ ਬੁਰਾਈ ਦੀ ਮੋਹੜੀ ਗੱਡ ਦਿੱਤੀ ਸੀ।

ਪਿੰਡ ਵਿਚ ਹੁੰਦੀ ਚਰਚਾ ਵਾਵਰੋਲਾ ਬਣ ਮੋਹੜੀ ਦੁਆਲ਼ੇ ਘੁੰਮਣ ਲੱਗੀ, "ਤ੍ਰਿਲੋਕੀ 'ਚ ਤਾਂ ਤੰਤ ਹੈ ਨੀ ਸੀ ਬਈ!... ਇਹ ਕਰਾਮਾਤ ਕਿਸ ਨੇ ਕਰਤੀ...!"

"ਕਰਾਮਾਤ ਵੀ ਉਹਦੇ ਫੌਤ ਹੋਣ ਪਿੱਛੋਂ ਹੋਈ ਐ!... ਪਤਾ ਕਰੋ ਇਹ ਕਿਹੜਾ ਪੀਰ ਐ...!" ਬਿੰਜਲ ਦੀ ਪੈੜ ਨੱਪਦੀ ਪਿੰਡ ਦੀ ਖੋਜੀ ਨਜ਼ਰ ਗੁਲਾਬ ਕੁਰ ਦੇ ਢਿੱਡ ਵਿਚ ਵੜ ਗਈ। ਗਾਨੀ ਵਾਂਗ ਉਸਦੇ ਵੀ ਬੱਚਾ ਹੋਣ ਵਾਲਾ ਸੀ। ਆਪਣੇ ਢਿੱਡ ਉੱਪਰ ਹੱਥ ਰੱਖ ਉਹ ਸਹੁੰ ਖੁਆਉਣ ਲੱਗੀ, "ਬੱਸ ਇਕ ਵਾਰ ਕਹਿ ਦੇ ਕਿ ਪਿੰਡ ਝੂਠ ਬੋਲਦਾ...!"

"ਮੈਨੂੰ ਤੇਰੀ ਸਹੁੰ ਲੱਗੇ ਬੱਸ....!!" ਪਰ ਬਿੰਜਲ ਦੀ ਝੂਠੀ ਖਾਧੀ ਸਹੁੰ ਹੋਣ ਵਾਲੇ ਬੱਚੇ ਨੂੰ ਜਾ

ਲੱਗੀ ਸੀ।

ਉਹ ਵਿਸ਼ਵਾਸ਼ ਦੀ ਜੰਗ ਹਾਰ ਗਿਆ। ਉਸ ਵਕਤ ਗੁਲਾਬ ਕੁਰ ਜਿੱਤ ਗਈ ਸੀ, ਜਦੋਂ ਇਕ ਦਿਨ ਹੋ ਰਹੀ ਲੜਾਈ ਵਿਚ ਜੀਤੋ ਚੁਗਲ ਨੇ ਗਵਾਹੀ ਆ ਦਿੱਤੀ, "ਕਿਉਂ ਝੂਠ ਬੋਲਦੈਂ ਬਿੰਜਲਾ! ...ਤੈਨੂੰ ਗਾਨੀ ਦੇ ਘਰੇ ਜਾਂਦਾ ਤਾਂ ਮੈਂ ਸੌ ਵਾਰ ਵੇਖਿਆ...!"

ਉਸਦੀ ਗੱਲ ਸੁਣ ਰੋਜ਼ ਦੀ ਲੜਾਈ ਸਿਖਰ ਛੋਹ ਗਈ। ਪੱਟਾਂ 'ਤੇ ਹੱਥ ਮਾਰ ਗੁਲਾਬ ਕੁਰ ਨੇ ਬਿੰਜਲ ਦੇ ਢਿੱਡ ਵਿਚ ਟੱਕਰ ਮਾਰੀ। ਉਹ ਪਹਿਲਾਂ ਤਾਂ ਲੜਖੜਾਇਆ। ਫਿਰ ਸਾਬਤ ਕਦਮੀਂ ਹੋ ਉਸਨੇ ਗੁਲਾਬ ਕੁਰ ਦੇ ਢਿੱਡ ਵਿਚ ਲੱਤ ਮਾਰੀ। ਉਹ ਚੀਕ ਮਾਰ ਹੇਠਾਂ ਡਿੱਗ ਪਈ। ਹਸਪਤਾਲ ਵਿਚ ਡਾਕਟਰੀ ਰਿਪੋਰਟ ਆਈ, "ਸੌਰੀ!... ਬੱਚਾ ਮਰ ਗਿਆ ਏ...!"

ਜਿਸ ਦਿਨ ਗਾਨੀ ਦੇ ਘਰ ਮੁੰਡੇ ਦਾ ਜਨਮ ਹੋਇਆ, ਉਸ ਦਿਨ ਪਹਿਲਾਂ ਹੀ ਪਾਗਲ ਹੋਈ ਗੁਲਾਬ ਕੁਰ ਪੂਰੀ ਤਰ੍ਹਾਂ ਪਾਗਲ ਹੋ ਗਈ ਸੀ।

ਉਹ ਸਾਰਾ ਦਿਨ ਮਿੱਟੀ ਦੀ ਔਰਤ ਵਾਂਗ ਬੈਠੀ ਰਹਿੰਦੀ। ਸਭ ਨੂੰ ਇਕ ਹੀ ਗੱਲ ਪੁੱਛਦੀ ਰਹਿੰਦੀ, "ਗਾਨੀ ਦੇ ਮੁੰਡੇ ਦੀ ਸ਼ਕਲ ਕੀਹਦੇ ਵਰਗੀ ਐ...!"

"ਵੇਖੀਂ ਉਹਦੀ ਸ਼ਕਲ ਕੀਹਦੇ ਵਰਗੀ ਐ...!" ਓਟੇ 'ਤੇ ਬੈਠੀ ਉਹ ਮੈਨੂੰ ਉਹੀ ਗੱਲ ਪੁੱਛ ਰਹੀ ਸੀ।

ਉਸਦਾ ਇਸ਼ਾਰਾ ਸਮਝ ਡੇਕ ਨਾਲ ਪੁੱਠਾ ਲਟਕ ਰਿਹਾ ਅੱਕਰਮਾਸ਼ੀ ਸਿੱਧਾ ਹੋ ਗਿਆ। ਉਸਨੇ ਹੇਠਾਂ ਛਾਲ਼ ਮਾਰੀ। ਹੌਲ਼ੀ ਹੌਲ਼ੀ ਤੁਰਦਾ ਓਟੇ ਵੱਲ ਨੂੰ ਵਧਣ ਲੱਗਾ। ਮੈਂ ਦੱਬੇ ਪੈਰੀਂ ਉਸਦੇ ਪਿੱਛੇ ਤੁਰਨ ਲੱਗਾ। ਉਹ ਓਟੇ ਕੋਲ਼ ਜਾ ਕੇ ਗੁਲਾਬ ਕੁਰ ਦੇ ਪੈਰਾਂ ਕੋਲ਼ ਬੈਠ ਗਿਆ।

"ਮਰੇ ਹੋਇਆ ਨੂੰ ਸ਼ਕਲਾਂ ਨਾਲ ਕੀ ਫਰਕ ਪੈਂਦਾ....!" ਪੈਰਾਂ ਕੋਲ਼ ਝਰੀ ਪਈ ਰਾਖ ਨੂੰ ਹਥੇਲੀ ਉੱਪਰ ਰੱਖ ਉਸਨੇ ਫੂਕ ਮਾਰ ਦਿੱਤੀ।

ਹਵਾ ਵਿਚ ਉਡਦੀ ਰਾਖ ਮੇਰੀਆਂ ਅੱਖਾਂ ਵਿਚ ਪੈ ਗਈ। ਅੰਨ੍ਹਿਆਂ ਵਾਂਗ ਹੱਥ ਮਾਰਦਾ ਮੈਂ ਵਰਾਂਡੇ ਵਿਚ ਘੁੰਮਣ ਲੱਗਾ।

ਮੇਰਾ ਪੈਰ ਮੰਜੇ ਦੇ ਪਾਵੇ ਨਾਲ ਟਕਰਾ ਗਿਆ। ਭੂਤਾਂ ਪ੍ਰੇਤਾਂ ਦੇ ਡਰ ਤੋਂ ਸਿਰਹਾਣੇ ਵਾਲੇ ਪਾਸੇ ਮੰਜੇ ਹੇਠਾਂ ਪਾਣੀ ਦਾ ਗਿਲਾਸ ਰੱਖਿਆ ਹੋਇਆ ਸੀ। ਉਸ ਵਿਚੋਂ ਪਾਣੀ ਲੈ ਮੈਂ ਅੱਖਾਂ ਵਿਚ ਛਿੱਟੇ ਮਾਰੇ। ਪਾਣੀ ਦੀ ਘੁੱਟ ਪੀਣ ਤੋਂ ਬਾਅਦ ਕੁਝ ਸਾਫ ਨਜ਼ਰ ਆਉਣ ਲੱਗਿਆ।

"ਤੂੰ ਨਜ਼ਰ ਦਾ ਨਹੀਂ ਅਕਲ ਦਾ ਅੰਨ੍ਹੈ!.... ਪਹਿਲਾਂ ਲਾਈਟ ਤਾਂ ਲਾ ਲੈ ਖਸਮਾ...!" ਜੀਭ 'ਤੇ ਲੱਗਿਆ ਖ਼ੂਨ ਸਾਫ ਕਰ ਅੱਕਰਮਾਸ਼ੀ ਨੇ ਧਰਤੀ ਵੱਲ ਨੂੰ ਫੂਕ ਮਾਰੀ।

ਉਸਦੀ ਫੂਕ ਪਲਟ ਕੇ ਸਵਿੱਚ ਬੋਰਡ ਨਾਲ ਜਾ ਟਕਰਾਈ। ਬੱਲਬ ਜਗ ਪਿਆ। ਮੈਂ ਆਲ਼ੇ ਦੁਆਲ਼ੇ ਨਜ਼ਰ ਮਾਰੀ। ਸਾਰਾ ਵਰਾਂਡਾ ਖ਼ਾਲੀ ਸੀ।

"ਸ਼ੁਕਰ ਐ ਚਲੇ ਗਏ ਪ੍ਰੇਤ!...ਹੁਣ ਭੋਰਾ ਅੱਖ ਲਾ ਲਵਾਂ...!" ਵਰਾਂਡੇ ਦੀ ਲਾਈਟ ਜਗਦੀ ਹੀ ਛੱਡ ਮੈਂ ਮੰਜੇ 'ਤੇ ਲੰਬਾ ਪੈ ਗਿਆ।

ਮੰਜੇ ਹੇਠਾਂ ਰੱਖਿਆ ਪਾਣੀ ਦਾ ਗਿਲਾਸ ਖ਼ੂਨ ਨਾਲ ਭਰਿਆ ਹੋਇਆ ਸੀ।

**ਰਾਤ 2 ਵਜੇ ਤੋਂ 3 ਵਜੇ ਤਕ**

ਖ....ੜ....ਕ....! ਖ....ੜ....ਕ....!! ਖ....ੜ....ਕ....!!!

ਖੜਾਕਾ ਸੁਣ ਮੇਰੀ ਅੱਖ ਖੁੱਲ੍ਹ ਗਈ। ਕੋਈ ਨਲਕਾ ਗੇੜ ਰਿਹਾ ਸੀ।

ਬਾਲਟੀ ਵਿਚ ਪਾਣੀ ਡਿੱਗ ਰਿਹਾ ਸੀ। ਵਰਾਂਡੇ ਵਿਚ ਬੱਲਬ ਜਗ ਰਿਹਾ ਸੀ। ਰੋਸ਼ਨਦਾਨ ਦੀਆਂ ਗਲ਼ੀਆਂ ਵਿਚ ਦੀ ਚਾਨਣ ਦੀਆਂ ਲਕੀਰਾਂ ਗੁਸਲਖਾਨੇ ਤਕ ਜਾ ਰਹੀਆਂ ਸਨ।

ਵਿਹੜੇ ਦੀ ਸੱਜੀ ਕੰਧ ਨਾਲ ਗੁਸਲਖਾਨਾ ਸੀ। ਉਸਦੀ ਛੱਤ ਖੁੱਲ੍ਹੀ ਸੀ। ਦਰਵਾਜ਼ੇ ਦੀ ਥਾਂ

ਪਰਦਾ ਤਾਣੀਂ ਗੁਲਾਬ ਕੁਰ ਨਹਾਉਣ ਦੀ ਤਿਆਰੀ ਕਰ ਰਹੀ ਸੀ।

ਮੈਂ ਪੈਰੀਂ ਜੁੱਤੀ ਪਾ ਨਲਕੇ ਕੋਲ ਜਾ ਖੜ੍ਹਿਆ। ਉਸਦੀ ਹੱਥੀ 'ਤੇ ਖ਼ੂਨ ਲਿੱਬੜੇ ਹੱਥਾਂ ਦੇ ਨਿਸ਼ਾਨ ਸਨ।

ਪਰਦੇ ਦੇ ਉਸ ਪਾਰ ਲੰਬੇ ਨਹੁੰਆਂ ਵਾਲਾ ਪੰਜਾ ਪਾਣੀ ਦਾ ਮੱਘ ਉੱਪਰ ਨੂੰ ਚੁੱਕ ਰਿਹਾ ਸੀ।

"ਤੇਰਾ ਤਾਂ ਅੰਤਿਮ ਇਸ਼ਨਾਨ ਹੋ ਗਿਆ ਸੀ!...ਫਿਰ ਹੁਣ ਕਿਉਂ ਨਹਾਉਣ ਲੱਗੀ ਐਂ...!" ਉਸ ਵੱਲ ਵੇਖ ਮੈਂ ਨਲਕੇ ਦੀ ਹੱਥੀ ਨੂੰ ਹੱਥ ਪਾ ਲਿਆ। ਹੱਥੀ ਠੱਕ ਦੇਣੀ ਹੇਠਾਂ ਜਾ ਲੱਗੀ। ਪਰਦਾ ਡਿੱਗ ਪਿਆ। ਮੈਂ ਉਸ ਪਾਰ ਵੇਖਿਆ। ਬਾਲਟੀ ਕੋਲ ਪਾਣੀ ਦਾ ਮੱਘ ਚੁੱਕੀਂ ਅੱਕਰਮਾਸ਼ੀ ਖੜ੍ਹਾ ਸੀ, "ਇਹ ਤਾਂ ਮੈਂ ਆਂ!... ਉਹ ਤਾਂ ਨਹਾ ਕੇ ਚਲੀ ਗਈ....!"

ਵਰਾਂਡੇ ਵੱਲ ਜਾਂਦੀਆਂ ਗਿੱਲੀਆਂ ਪੈੜਾਂ ਵੱਲ ਵੇਖ ਉਸਨੇ ਮੂੰਹ ਉੱਪਰ ਚੁੱਕ ਅੱਖਾਂ ਬੰਦ ਕਰ ਲਈਆਂ। ਜੀਭ ਬਾਹਰ ਕੱਢ ਲਈ। ਪਾਣੀ ਦੀ ਧਾਰ ਡਿੱਗਣ ਲੱਗੀ। ਜੀਭ 'ਤੇ ਲੱਗਿਆ ਖ਼ੂਨ ਖੁਰਨ ਲੱਗਾ। ਲਾਲ ਪਾਣੀ ਦੇ ਕਤਰੇ ਹਵਾ ਵਿਚ ਉੱਡਣ ਲੱਗੇ। ਉਹ ਅੱਖਾਂ ਖੋਲ੍ਹ ਮੇਰੇ ਵੱਲ ਤਿਰਛਾ ਜਿਹਾ ਝਾਕਿਆ, ਤੇਰੀ ਸਹੁੰ!.... ਮੈਂ ਕਿਸੇ ਬੱਚੇ ਦਾ ਖ਼ੂਨ ਨਹੀਂ ਕੀਤਾ...!"

"ਸ਼ਾਂਤੀ!...ਸ਼ਾਂਤੀ!...ਸ਼ਾਂਤੀ...!!" ਅੱਖਾਂ ਬੰਦ ਕਰ ਉਹ ਧਾਰ ਬੰਨ੍ਹ ਮੱਥੇ ਵਿੱਚਕਾਰ ਪਾਣੀ ਪਾਉਣ ਲੱਗ ਪਿਆ।

ਮੈਂ ਨਲਕਾ ਗੇੜਨ ਲੱਗ ਪਿਆ। ਹੱਥੀ ਠਾਹ-ਠਾਹ ਉੱਪਰ ਹੇਠਾਂ ਹੋਣ ਲੱਗੀ। ਖਾਲ਼ੀ ਬੋਕੀ ਖੜਕਣ ਲੱਗੀ।

"ਜੇ ਨਲਕਾ ਪਾਣੀ ਨੀ ਚੱਕਦਾ!...ਫਿਰ ਇਹ ਨਹਾ ਕਿਸ ਨਾਲ ਰਿਹਾ!...ਉਹ ਗਿੱਲੀਆਂ ਪੈੜਾਂ ਦੇ ਨਿਸ਼ਾਨ...!" ਹੱਥੀ ਛੱਡ ਮੈਂ ਸੋਚੀਂ ਪੈ ਗਿਆ।

ਉੱਪਰਲਾ ਸਾਹ ਉੱਪਰ। ਮੇਰਾ ਹੇਠਲਾ ਸਾਹ ਹੇਠਾਂ ਰਹਿ ਗਿਆ। ਜਿੱਥੇ ਅੱਕਰਮਾਸ਼ੀ ਬੈਠਾ ਨਹਾ ਰਿਹਾ ਸੀ। ਉਹ ਫਰਸ਼। ਗੁਸਲਖਾਨਾ। ਬਾਲਟੀ। ਪਾਣੀ ਦਾ ਮੱਘ। ਨਲਕਾ। ਸਭ ਕੁਝ ਧਰਤੀ ਵਿਚ ਗਰਕ ਗਿਆ।

ਮੇਰੇ ਸਾਹਮਣੇ ਹਨੇਰਾ ਖੂਹ ਸੀ। ਉਸ ਵਿਚ ਗੁਲਾਬ ਕੁਰ ਬੋਲ ਰਹੀ ਸੀ, "ਵੇ ਉਹ ਤਾਂ ਸ਼ੀਸ਼ੇ ਵਿਚਲਾ ਪਾਣੀ ਮੁੱਕ ਗਿਆ!...ਉਹ ਤਾਂ ਪਾਣੀ 'ਚ ਆਪਣੀ ਸ਼ਕਲ ਵੇਖਦਾ ਸੀ....!"

"ਉਹਦੀ ਸ਼ਕਲ ਬਿੰਜਲ ਵਰਗੀ ਐ...!" ਪਿੰਡ ਵਿਚ ਘੁੰਮਦੀ ਗੱਲ ਮੇਰੇ ਪੈਰਾਂ ਵਿਚ ਘੁੰਮਣ ਲੱਗੀ।

ਮੈਂ ਖੂਹ ਦੁਆਲ਼ੇ ਘੁੰਮਣ ਲੱਗਾ। ਉਸ ਵਿਚ ਤਾੜੀ ਵੱਜਣ ਲੱਗੀ, "ਵੇਖਿਆ!...ਵੇਖਿਆ!... ਮੈਂ ਕਿਹਾ ਸੀ ਨਾ ਇਹ ਬਿੰਜਲ ਦਾ ਬੀਅ ਐ....!"

"ਉਹ ਤਾਂ ਸਾਰੇ ਕਹਿੰਦੇ ਨੇ...!" ਸਾਹਾਂ ਵਾਂਗ ਮੇਰੇ ਦਿਲ ਦੀ ਧੜਕਣ ਤੇਜ਼ ਹੋ ਗਈ।

ਖੂਹ ਵਿਚੋਂ ਤੇਜ਼-ਤੇਜ਼ ਸਾਹਾਂ ਦੀ ਆਵਾਜ਼ ਆਉਣ ਲੱਗੀ, "ਇਸ ਚਿੰ ਚੰਦਰੇ ਦਾ ਇਹਦਾ ਵੀ ਕੀ ਕਸੂਰ ਸੀ!...ਨਪੁੱਤੀ ਮੈਂ ਈ ਨਾ ਸਮਝੀ!...ਮਾੜੇ ਭਾਗਾਂ ਨੂੰ ਤੂੰ ਕਿਹੜਾ ਸਮਝਿਆ ਸੀ...!"

"ਚੱਲ ਮੈਂ ਤੈਨੂੰ ਇਕ ਗੱਲ ਸਮਝਾਉਨੀ ਆਂ...!" ਖੂਹ ਵਿਚੋਂ ਤੇਜ਼ੀ ਨਾਲ ਘੁੰਮਦਾ ਇਕ ਧੁੰਦ ਦਾ ਗੋਲ਼ਾ ਮੇਰੇ ਮੂੰਹ ਵੱਲ ਨੂੰ ਆਇਆ।

ਮੈਂ ਸਿਰ ਪਿਛਾਂਹ ਨੂੰ ਕਰ ਲਿਆ। ਘੁੰਮਦਾ ਹੋਇਆ ਗੋਲ਼ਾ ਵਰਾਂਡੇ ਵਿਚ ਡਹੇ ਮੰਜੇ ਪਿਛਲੇ ਦਰਵਾਜ਼ੇ ਵਿਚ ਜਾ ਵੱਜਿਆ।

ਦਰਵਾਜ਼ਾ ਫੜਾਕ ਦੇਣੀ ਖੁੱਲ੍ਹ ਗਿਆ। ਨਾਲ ਦੀ ਨਾਲ ਬੰਦ ਹੋ ਗਿਆ। ਖੂਹ ਵਿਚੋਂ ਅੱਕਰਮਾਸ਼ੀ ਦੇ ਕਰਾਹੁਣ ਦੀ ਆਵਾਜ਼ ਆਉਣ ਲੱਗੀ, "ਮੈਨੂੰ ਬਾਹਰ ਕੱਢ ਲੋ...!"

"ਖੜ੍ਹ ਜਾ ਮੈਂ ਆਉਨੀ ਆਂ...!" ਦਰਵਾਜ਼ੇ ਪਿੱਛੋਂ ਚਰਖਾ ਡਾਹੁਣ ਦੀ ਆਵਾਜ਼ ਆਈ।

ਉਸਨੇ ਤੱਕਲ਼ਾ ਸਿੱਧਾ ਕੀਤਾ। ਚਰਮਖਾਂ ਠੀਕ ਕੀਤੀਆਂ। ਮੁੰਨੀ ਠੋਕੀ। ਮਾਹਲ ਪਾ ਹੱਥੀ ਘੁੰਮਾ ਦਿੱਤੀ। ਮੈਂ ਖੂਹ ਦੀ ਪਰਿਕਰਮਾ ਛੱਡ ਵਿਰਲਾਂ ਵਿਚ ਦੀ ਅੰਦਰ ਵੇਖਣ ਲੱਗਾ।

ਕਮਰੇ ਵਿਚ ਹਨੇਰਾ ਸੀ। ਪਰ ਚਰਖਾ ਕੱਤਦੀ ਗੁਲਾਬ ਕੁਰ ਚਿੱਟੀ ਰੂੰ ਵਾਂਗ ਚਮਕ ਰਹੀ ਸੀ। ਪੂਣੀ ਨਾਲ ਤੰਦ ਪਾਉਂਦੀ ਉਹ ਚਰਖੇ ਦੀ ਘੂਕਰ ਨਾਲ ਗਾ ਰਹੀ ਸੀ, "ਪੁੱਤ ਖੋਹ ਲਿਆ ਵੇ ਬਿੰਜਲਾ ਤੂੰ ਮੇਰਾ!...ਤੇਰਾ ਪੁੱਤ ਮੈਂ ਪਾਲ਼ਦੀ ਵੇ ਮਰ ਜਾਣਿਆ...!"

"ਆਉਨੀ ਆਂ ਜਿਊਣ ਜੋਗਿਆ!...ਆਈ ਬੱਸ...!" ਤੱਕਲੇ ਤੋਂ ਗਲੋਟਾ ਲਾਹ ਉਸਨੇ ਬੋਹੀਏ ਵਿਚ ਸੇਹ ਦੇ ਤੱਕਲ਼ੇ ਵਾਂਗ ਪੂਣੀ ਗੱਡ ਦਿੱਤੀ।

ਚੀਂ-ਚੀਂ ਕਰਦਾ ਦਰਵਾਜ਼ਾ ਖੁੱਲ੍ਹਿਆ। ਹਵਾ ਵਿਚ ਘੁੰਮਦਾ ਚਰਖਾ ਪਰਛੱਤੀ ਦੇ ਸਮਾਨ ਵਿਚ ਜਾ ਟਿਕਿਆ। ਦਰਵਾਜ਼ਾ ਬੰਦ ਹੋ ਗਿਆ। ਹੱਥ ਵਿਚ ਗਲੋਟਾ ਚੁੱਕੀਂ ਗੁਲਾਬ ਕੁਰ ਖੂਹ ਵੱਲ ਨੂੰ ਵਧਣ ਲੱਗੀ। ਮੈਂ ਉਸਦੇ ਪਿੱਛੇ-ਪਿੱਛੇ ਤੁਰ ਪਿਆ।

"ਕਤਲ ਤਾਂ ਤੈਂ ਕੀਤੇ ਨੇ!...ਪਰ ਤੂੰ ਕਾਤਿਲ ਨਹੀਂ!... ਝੂਠ ਤਾਂ ਤੈਂ ਬੋਲੇ ਨੇ!... ਪਰ ਤੂੰ ਝੂਠਾ ਨਹੀਂ...!" ਹਵਾ ਵਿਚ ਗਲੋਟਾ ਉਛਾਲਦੀ ਹੋਈ ਉਹ ਖੂਹ ਦੀ ਮੌਣ 'ਤੇ ਬੈਠ ਗਈ।

ਅੱਕਰਮਾਸ਼ੀ ਦਾ ਘੰਡ ਬੋਲਣ ਲੱਗਾ, "ਮੈਂ ਸੱਚਾ ਹਾਂ!...ਤੇਰਾ ਬੱਚਾ ਹਾਂ...!"

"ਜੇ ਤੂੰ ਸੱਚਾ ਹੋਇਆ!... ਕੱਚੇ ਧਾਗੇ 'ਤੇ ਚੜ੍ਹ ਕੇ ਬਾਹਰ ਆਜੇਂਗਾ!... ਜੇ ਝੂਠਾ ਹੋਇਆ!... ਧਾਗਾ ਅੱਧ ਵਿਚਕਾਰ ਟੁੱਟ ਜਾਣਾ...!" ਗਲੋਟਾ ਚਰਖੜੀ ਵਾਂਗ ਘੁੰਮਣ ਲੱਗਾ।

ਸੂਤ ਦਾ ਕੱਚਾ ਧਾਗਾ ਲੱਜ ਵਾਂਗ ਹੇਠਾਂ ਜਾਣ ਲੱਗਾ। ਮੂਧੀ ਪਈ ਗੁਲਾਬ ਕੁਰ ਧਾਗਾ ਉੱਪਰ ਨੂੰ ਖਿੱਚਣ ਲੱਗੀ, "ਆ ਜਾ ਪੁੱਤ...!"

"ਲੈ ਵੇਖ ਆ ਗਿਆ...!" ਕੱਚੇ ਧਾਗੇ 'ਤੇ ਚੜ੍ਹ ਬਾਹਰ ਆਇਆ ਅੱਕਰਮਾਸ਼ੀ ਚਾਰੇ ਪੰਜਿਆਂ ਉੱਪਰ ਤੁਰਨ ਲੱਗਾ।

ਉਹ ਵਿਹੜੇ ਵਿਚ ਡੇਕ ਹੇਠਾਂ ਜਾ ਖੜ੍ਹਿਆ। ਮਿੱਟੀ ਨਾਲ ਲਿੱਬੜੇ ਬੱਚੇ ਉਸ ਤੋਂ ਦੂਰ ਜਾ ਖੜ੍ਹੇ। ਉਹਨਾਂ ਵੱਲ ਵੇਖ ਉਸਨੇ ਜੀਭ ਬਾਹਰ ਕੱਢੀ। ਉਸ 'ਤੇ ਦੋ ਟੌਫੀਆਂ ਰੱਖੀਆਂ ਹੋਈਆਂ ਸਨ। ਬੱਚੇ ਇਕ ਦੂਜੇ ਵੱਲ ਵੇਖਣ ਲੱਗੇ। ਅੱਕਰਮਾਸ਼ੀ ਡੇਕ ਉੱਪਰ ਚੜ੍ਹਨ ਲੱਗਾ। ਉਸਨੇ ਕੱਚੇ ਧਾਗੇ ਦੇ ਟੋਟੇ ਨਾਲ ਬੰਨ੍ਹ ਟੌਫੀਆਂ ਹੇਠਾਂ ਲਟਕਾ ਦਿੱਤੀਆਂ। ਬੱਚੇ ਤੋੜਨ ਲਈ ਅੱਗੇ ਵਧਣ ਲੱਗੇ।

"ਖੜ੍ਹ ਜੋ ਥੋਨੂੰ ਮੈਂ ਤੁੜਵਾਉਨੀ ਆਂ ਨਮੋਲੀਆਂ!... ਔਤਾਂ ਨੇ ਸਾਰੀ ਡੇਕ ਰੁੰਡ ਮਰੁੰਡ ਕਰਕੇ ਰੱਖਤੀ...!" ਅੱਕਰਮਾਸ਼ੀ ਤੋਂ ਕੱਚਾ ਧਾਗਾ ਖੋਹ ਗੁਲਾਬ ਕੁਰ ਨੇ ਗਲੋਟਾ ਪਰਛੱਤੀ ਉਪਰ ਵਗਾਹ ਮਾਰਿਆ।

ਉਹ ਡਰੇ ਖੜ੍ਹੇ ਬੱਚਿਆਂ ਨੂੰ ਹਸਾਉਣ ਲੱਗਿਆ, "ਹੱਸ ਪਓ ਯਾਰ!...ਇਹਦੀ ਜ਼ੁਬਾਨ ਈ ਕੌੜੀ ਐ!... ਅੰਦਰੋਂ ਤਾਂ ਇਹ ਪਤਾਸਿਆਂ ਵਰਗੀ ਮਿੱਠੀ ਆ...!"

"ਲੈ ਮਿੱਠੀ ਐ!... ਇਹ ਤਾਂ ਨੀਮ ਚੜ੍ਹੇ ਕਰੇਲੇ ਵਰਗੀ ਐ...!" ਮੈਂ ਘੂਰੀ ਵੱਟੀਂ ਹਵਾ ਵਿਚ ਥੱਪੜ ਉਗਰੀਂ ਖੜ੍ਹੀ ਗੁਲਾਬ ਕੁਰ ਦੇ ਪੁੱਠੇ ਪੈਰਾਂ ਵੱਲ ਝਾਕਿਆ।

ਉਹ ਪੈਰ ਦੇ ਅੰਗੂਠੇ ਨਾਲ ਖੂਹ ਨੂੰ ਗੋਲ਼-ਗੋਲ਼ ਘੁੰਮਾ ਰਹੀ ਸੀ। ਫਰਸ਼, ਗੁਸਲਖਾਨਾ, ਬਾਲਟੀ, ਪਾਣੀ ਦਾ ਮੱਘ, ਨਲਕਾ ਮੁੜ ਧਰਤੀ ਉਪਰ ਟਿਕਦਾ ਜਾ ਰਿਹਾ ਸੀ। ਖੂਹ ਬੰਦ ਹੁੰਦਾ ਜਾ ਰਿਹਾ ਸੀ।

ਉਸਦੀ ਲੀਲ੍ਹਾ ਵੇਖ ਮੇਰਾ ਮੂੰਹ ਸੁੱਕਣ ਲੱਗਾ। ਮੈਂ ਨਲਕਾ ਗੇੜਨ ਲੱਗਾ। ਖੂਹ ਵਾਲੀ ਥਾਂ ਉੱਪਰ ਚੌਂਕੜੀ ਮਾਰੀਂ ਬੈਠੀ ਗੁਲਾਬ ਕੁਰ ਨੇ ਬਾਂਹ ਲੰਬੀ ਕਰ ਮੇਰਾ ਹੱਥ ਫੜ ਲਿਆ, "ਇਸ ਨਲਕੇ ਵਿਚ ਮੈਂ ਗਿੜਦੀ ਆਂ!... ਤੂੰ ਕਿਤੇ ਹੋਰ ਪਾਣੀ ਪੀ ਲੈ ਭਾਗ...!"

ਸੁੱਕੇ ਬੁੱਲ੍ਹਾਂ ਉੱਪਰ ਜੀਭ ਫੇਰ ਮੈਂ ਹੱਥੀ ਤੋਂ ਹੱਥ ਚੁੱਕ ਲਿਆ। ਮੇਰਾ ਹੱਥ ਛੱਡ ਗੁਲਾਬ ਕੁਰ ਨੇ

ਵਰਾਂਡੇ ਵੱਲ ਇਸ਼ਾਰਾ ਕੀਤਾ।

ਉਸ ਵਿਚ ਡਿਹਾ ਮੰਜਾ ਪੁੱਠਾ ਹੋਇਆ ਪਿਆ ਸੀ। ਉਸਦੇ ਚਾਰੇ ਪਾਵਿਆਂ ਉੱਪਰ ਸਫੈਦ ਰੰਗ ਦੇ ਚੂਹੇ ਬੈਠੇ ਸਨ।

ਇਕ ਮਰਿਆ ਹੋਇਆ ਚੂਹਾ ਚੁੱਕੀਂ ਅੱਕਰਮਾਸ਼ੀ ਹਵਾ ਵਿਚ ਉਛਾਲ ਰਿਹਾ ਸੀ।

0 0 0

“ਵੇਖ ਕਿਵੇਂ ਉੱਛਲਦੈ!...ਸਾਲਾ ਅੱਕਰਮਾਸ਼ੀ ਜਿਹਾ...!” ਸੁੱਤਾ ਪਿਆ ਪਿੰਡ ਉਸ ਦੀਆਂ ਗੱਲਾਂ ਕਰਨ ਲੱਗਾ।

ਪੁੱਛ ਦੱਸ ਹੋਣ ਲੱਗੀ, “ਇਹ ਅੱਕਰਮਾਸ਼ੀ ਕੀ ਹੁੰਦੈ ਬਈ...!”

“ਮਰਾਠੀ ਭਾਸ਼ਾ ’ਚ ਨਜਾਇਜ਼ ਔਲਾਦ ਨੂੰ ਅੱਕਰਮਾਸ਼ੀ ਕਹਿੰਦੇ ਨੇ...!” ਚੋਰੀ ਦਾ ਗਿਆਨ ਤਾਸ਼ ਵਾਂਗ ਫੈਂਟਿਆ ਜਾਣ ਲੱਗਾ।

ਸੱਥ ਵਿਚ ਪਿੰਡ ਦੀਆਂ ਬੀਹੀਆਂ ਹੱਸਣ ਲੱਗੀਆਂ, “ਅੱਛਿਆ!...ਤਾਂ ਹੀ ਬਿੰਜਲ ’ਚ ਮਰਾਠਿਆਂ ਵਰਗਾ ਜ਼ੋਰ ਸੀ...!”

“ਮੈਂ ਕਿਹਾ ਸੀ ਨਾ ਮੇਰੇ ਸਾਹਮਣੇ ਬਿੰਜਲ ਦਾ ਨਾਂ ਨਾ ਲਈਂ...!” ਗੁਲਾਬ ਕੁਰ ਨੇ ਮੇਰਾ ਗਲ੍ਹਾਮਾਂ ਫੜ ਲਿਆ।

ਮੈਂ ਉਸਦਾ ਹੱਥ ਪਰ੍ਹਾਂ ਝਟਕ ਦਿੱਤਾ, “ਵਾਹ ਨੀ ਗੁਲਾਬ ਕੁਰੇ!...ਤੂੰ ਤਾਂ ਸੱਸ ਜੁਆਈ ਆਲਾ ਰਿਸ਼ਤਾ ਈ ਭੁੱਲ ਗਈ...!”

“ਇਹ ਤੇਰਾ ਵਹਿਮ ਐ ਭਾਗ!...ਮੈਂ ਕੁਸ਼ ਨੀ ਭੁੱਲੀ!... ਨਾ ਤੇਰੀ ਨਾ ਗਾਨੀ ਦੀ ਕਰਤੂਤ!... ਕੁਸ਼ ਨੀ ਭੁੱਲੀ...!” ਉਸਨੇ ਗਲ਼ ਪਾਈ ਹੱਡੀਆਂ ਦੀ ਮਾਲਾ ਵਿਚੋਂ ਇਕ ਹੱਡੀ ਤੋੜ ਲਈ।

ਉਸ ਨੂੰ ਮੂੰਹ ਵਿਚ ਪਾ ਉਹ ਫਟੀ ਹੋਈ ਆਵਾਜ਼ ਵਿਚ ਬੋਲੀ, “ਤੁਸੀਂ ਦੋਵੇਂ ਮੇਰੇ ਗਲ਼ੇ ਦੀ ਹੱਡੀ ਓਂ...!”

“ਕਿਉਂ ਬਿੰਜਲ ਨੀ...!” ਮੈਨੂੰ ਅੱਗ ਵਿਚ ਹੱਡੀ ਸੜਨ ਦੀ ਗੰਧ ਆਉਣ ਲੱਗੀ।

ਮੇਰੇ ਵੱਲ ਸਿਸਤ ਬੰਨ੍ਹ ਉਸਨੇ ਮੂੰਹ ਵਿਚਲੀ ਰਾਖ ਫੂਕ ਦਿੱਤੀ, “ਸ....ਵਾ....ਹਾ...!!”

ਹਵਾ ਵਿਚ ਰਾਖ ਦਾ ਬੱਦਲ ਫੈਲ ਗਿਆ। ਗੁਲਾਬ ਕੁਰ ਉਸ ਵਿਚ ਸਮਾ ਗਈ। ਮੈਂ ਹਵਾ ਨਾਲ ਗੱਲਾਂ ਕਰਨ ਲੱਗਿਆ, “ਇਹ ਵੀ ਅੰਦਰੋਂ ਸੜ ਕੇ ਸਵਾਹ ਹੋਈ ਪਈ ਸੀ...!”

“ਉਹਦੀ ਬਾਅਦ ’ਚ ਦੱਸੀਂ!...ਪਹਿਲਾਂ ਮੇਰੀ ਸੁਣ ਲੈ...!” ਰਾਖ ਦੇ ਬੱਦਲ ਵਿਚੋਂ ਉੱਭਰਿਆ ਅੱਕਰਮਾਸ਼ੀ ਮੇਰੇ ਸਾਹਮਣੇ ਆ ਖੜ੍ਹਿਆ।

ਉਸਦੇ ਗਲ਼ ਵਿਚ ਗੁਲਾਬ ਕੁਰ ਵਾਲੀ ਹੱਡੀਆਂ ਦੀ ਮਾਲਾ ਪਾਈ ਹੋਈ ਸੀ। ਮਰਿਆ ਹੋਇਆ ਚੂਹਾ ਪਰ੍ਹਾਂ ਸਿੱਟ ਉਹ ਬੱਚਿਆਂ ਵਾਂਗ ਰੋਣ ਲੱਗ ਪਿਆ, “ਮੇਰਾ ਬਾਪ ਮਰਿਆ ਹੋਇਆ ਚੂਹਾ ਸੀ...!”

“ਮਾਂ ਟੁੱਟੀ ਹੋਈ ਗਾਨੀ ਸੀ....!” ਉਸਦਾ ਰੋਣਾ ਸੁਣ ਪੁੱਠਾ ਡਿਹਾ ਮੰਜਾ ਸਿੱਧਾ ਹੋ ਗਿਆ।

ਉਹ ਕੰਧ ਨਾਲ ਢੋਅ ਲਾ ਪਾਵਿਆਂ ਤੋਂ ਉਤਰਦੇ ਚੂਹਿਆਂ ਵੱਲ ਵੇਖਣ ਲੱਗਾ। ਉਹ ਬੱਚਿਆਂ ਵਾਂਗ ਰਿੜ੍ਹ ਰਹੇ ਸਨ।

“ਜਾਓ ਬੱਚਿਓ ਖੇਡੋ!... ਮੈਥੋਂ ਡਰੋ ਨਾ...!” ਡਰਦਾ ਡਰਦਾ ਉਹ ਪਿਛਾਂਹ ਨੂੰ ਹਟਣ ਲੱਗਾ।

ਉਸ ਦੀਆਂ ਅੱਖਾਂ ਵਿਚ ਅੱਗ ਮੱਚਣ ਲੱਗੀ। ਹੱਡੀਆਂ ਦੀ ਮਾਲਾ ਫਿਰਕੀ ਵਾਂਗ ਘੁੰਮਣ ਲੱਗੀ। ਉਸਨੇ ਦੋਵੇਂ ਅੱਖਾਂ ਬੰਦ ਕਰ ਲਈਆਂ। ਕੰਨਾਂ ਵਿਚ ਉਂਗਲਾਂ ਦੇ ਲਈਆਂ। ਮੈਨੂੰ ਪਿੰਡ ਵਿਚ ਮੱਚਿਆ ਸ਼ੋਰ ਸੁਣਾਈ ਦੇਣ ਲੱਗਾ, “ਬਈ ਨਹੀਂ ਰੀਸਾਂ ਤੀਮੀਂ ਦੀਆਂ!...ਆਪਣੇ ਘਰਆਲ਼ਾ ਊਂ ਮਰਵਾ ਦਿੱਤਾ!...ਬਿੰਜਲ ਊਂ ਮਰਵਾ ਦਿੱਤਾ...!”

"ਗਲ਼ 'ਚ ਕਾਲੀ ਗਾਨੀ ਅਜੇ ਵੀ ਕੁਆਰੀਆਂ ਵਾਂਗ ਪਾ ਕੇ ਰੱਖਦੀ ਐ....!" ਸੱਥ ਵਿਚ ਚਰਚਾ ਹੁੰਦੀ।

ਉਸਦੀ ਜਵਾਨੀ ਉੱਪਰ ਘਾਤ ਲਾਈਂ ਬੈਠੀਆਂ ਅੱਖਾਂ ਵਿੱਚ ਅੱਗ ਮੱਚਦੀ, "ਇਕ ਮੁੰਡਾ ਹੋਰ ਚਾਹੀਦੈ ਭਾਬੀ...!"

"ਮੁੰਡਾ ਕਾਹਦਾ ਜੰਮਿਐ!...ਸਹੁਰੀ ਨੇ ਬਿੰਜਲ ਈ ਜੰਮਤਾ...!" ਚਾਰ ਸਾਲ ਤਾਂ ਗਾਨੀ ਮੈਲ਼ੀਆਂ ਅੱਖਾਂ ਦੀ ਮਾਰ ਝੱਲਦੀ ਰਹੀ।

ਪੰਜਵੇਂ ਸਾਲ ਇਕ ਰਾਤ ਉਹ ਪਿੰਡ ਵਿਚੋਂ ਗ਼ਾਇਬ ਹੋ ਗਈ। ਉਸਦੀ ਚੁੰਨੀ ਮਾਹੋਰਾਣੇ ਵਾਲੀ ਨਹਿਰ ਕਿਨਾਰੇ ਮਿਲੀ ਸੀ। ਡੁੱਬ ਮਰਨ ਤੋਂ ਪਹਿਲਾਂ ਉਹ ਮੁੰਡਾ ਸੰਗਰੂਰ ਪਿੰਗਲਵਾੜੇ ਛੱਡ ਗਈ ਸੀ।

ਇਕ ਦਿਨ ਉਸ ਪਿੰਗਲਵਾੜੇ ਵਿਚ ਇਕ ਬੇਔਲਾਦ ਜੋੜੀ ਆਈ। ਉਸਨੇ ਮੁੰਡਾ ਗੋਦ ਲੈ ਲਿਆ। ਘਰ ਵਿਚ ਰੌਣਕ ਹੋ ਗਈ। ਉਸ ਘਰ ਦਾ ਬੰਦਾ ਹਸਪਤਾਲ ਵਿਚ ਨੌਕਰੀ ਕਰਦਾ ਸੀ। ਉਸਦੀ ਡਿਊਟੀ ਮੁਰਦਾ-ਘਰ ਵਿਚ ਹੁੰਦੀ। ਉਹ ਲਾਸ਼ਾਂ ਵਿਚ ਰਹਿੰਦਾ। ਇਕ ਰਾਤ ਇਕ ਲਾਸ਼ ਚੋਰੀ ਹੋ ਗਈ। ਉਹ ਸਾਰੀ ਰਾਤ ਗੁਆਚੀ ਲਾਸ਼ ਲੱਭਦਾ ਰਿਹਾ। ਕਦੀ ਇਸ ਖੂੰਜੇ। ਕਦੀ ਉਸ ਖੂੰਜੇ। ਕਦੀ ਇਕ ਬੈੱਡ ਤੋਂ। ਕਦੀ ਦੂਜੇ ਬੈੱਡ ਤੋਂ ਕੱਪੜਾ ਚੁੱਕ ਕੇ ਵੇਖਦਾ। ਉਹ ਜਿੱਧਰ ਨੂੰ ਵੀ ਜਾਂਦਾ, ਗੁਆਚੀ ਲਾਸ਼ ਉਸਦਾ ਪਿੱਛਾ ਕਰਦੀ। ਜ਼ਰਾ ਜਿੰਨਾ ਵੀ ਖੜਕਾ ਹੁੰਦਾ, ਉਹ ਡਰ ਜਾਂਦਾ। ਸਵੇਰ ਹੋਣ ਤਕ ਉਸਦੀ ਵਧੀ ਹੋਈ ਧੜਕਣ ਬੰਦ ਹੋ ਗਈ। ਉਹ ਮਰ ਗਿਆ। ਉਸਦੀ ਮੌਤ ਤੋਂ ਬਾਅਦ ਉਸਦੀ ਘਰਆਲ਼ੀ ਗਾਨੀ ਦਾ ਮੁੰਡਾ ਪਾਲਣ ਲੱਗੀ। ਜਿਸ ਦਿਨ ਉਹ ਜਵਾਨ ਹੋ ਗਿਆ, ਉਸਨੂੰ ਬਾਪ ਵਾਲੀ ਨੌਕਰੀ ਮਿਲ ਗਈ। ਉਹ ਮੁਰਦਾ-ਘਰ ਵਿਚ ਲਾਸ਼ਾਂ ਦੀ ਚੌਕੀਦਾਰੀ ਕਰਨ ਲੱਗਾ।

"ਹਾਂ!...ਲਾਸ਼ਾਂ ਦੀ ਚੌਕੀਦਾਰੀ...!" ਕੰਨਾਂ ਵਿਚ ਦਿੱਤੀਆਂ ਉਂਗਲਾਂ ਕੱਢ ਅੱਕਰਮਾਸ਼ੀ ਲਾਸ਼ ਵਾਂਗ ਬੋਲਿਆ।

ਮੈਂ ਉਸ ਵੱਲ ਧਿਆਨ ਨਾਲ ਵੇਖਿਆ। ਕੰਧ ਨਾਲ ਢੋਹ ਲਾਈਂ ਉਹ ਚੁੱਪ ਬੈਠਾ ਸੀ। ਮੈਨੂੰ ਉਸਦੀ ਚੁੱਪ ਤੋਂ ਡਰ ਆਇਆ।

"ਜਿਸ ਦਿਨ ਉਸ ਔਰਤ ਦੀ ਲਾਸ਼ ਆਈ!...ਮੈਂ ਵੀ ਆਪਣੀ ਚੁੱਪ ਤੋਂ ਡਰਿਆ ਬੈਠਾ ਸੀ...!" ਉਸਦੀ ਆਵਾਜ਼ ਵਿਚ ਸੰਨਾਟਾ ਛਾ ਗਿਆ।

ਅੱਖਾਂ ਵਿਚ ਨਫਰਤ ਉਭਰਨ ਲੱਗੀ। ਉਹ ਮੁਰਦਾ-ਘਰ ਵਿਚ ਪਈ ਲਾਸ਼ ਵੱਲ ਵੇਖਣ ਲੱਗਾ। ਉਸਦੇ ਢਿੱਡ ਵਿਚ ਨਜਾਇਜ਼ ਬੱਚਾ ਸੀ। ਉਹ ਲੋਕਾਂ ਤੋਂ ਡਰ ਗਈ। ਨਮੋਸ਼ੀ ਵਿਚ ਜ਼ਹਿਰ ਖਾ ਮਰ ਗਈ। ਉਹ ਬਹੁਤ ਸੁਨੱਖੀ ਸੀ। ਉਸ ਵੱਲ ਵੇਖ ਅੱਕਰਮਾਸ਼ੀ ਦੀਆਂ ਨਸਾਂ ਵਿਚ ਜ਼ਹਿਰ ਫੈਲਣ ਲੱਗਾ। ਉਹ ਥੋੜ੍ਹੀ ਦੇਰ ਬਾਅਦ ਮੁਰਦਾ-ਘਰ ਅੰਦਰ ਜਾਂਦਾ। ਕੱਪੜਾ ਚੁੱਕ ਨੰਗੀ ਲਾਸ਼ ਵੇਖਦਾ। ਫਿਰ ਢਕ ਦਿੰਦਾ। ਬਾਹਰ ਆ ਜਾਂਦਾ। ਉਸਦੀ ਆਉਣੀ-ਜਾਣੀ ਤੇਜ਼ ਹੋ ਗਈ। ਪੈਰਾਂ ਹੇਠ ਅੱਗ ਮੱਚਣ ਲੱਗੀ। ਅੱਖਾਂ ਵਿਚੋਂ ਸੇਕ ਨਿਕਲਣ ਲੱਗਾ। ਆਲ਼ੇ-ਦੁਆਲ਼ੇ ਪਈਆਂ ਲਾਸ਼ਾਂ ਵੱਲ ਵੇਖਦਾ ਉਹ ਔਰਤ ਦੀ ਲਾਸ਼ ਵੱਲ ਵਧਣ ਲੱਗਾ। ਉਹ ਠੰਡੀ ਹੋਈ ਪਈ ਸੀ। ਅੱਕਰਮਾਸ਼ੀ ਨੇ ਗਰਮ ਹੱਥਾਂ ਨਾਲ ਉਸ ਤੋਂ ਕੱਪੜਾ ਚੁੱਕਿਆ। ਆਪਣੇ ਕੱਪੜੇ ਉਤਾਰੇ। ਉਹ ਸਾਰੀ ਰਾਤ ਹਮਬਿਸਤਰੀ ਕਰਦਾ ਰਿਹਾ।

ਜਦੋਂ ਹੋਸ਼ ਪਰਤੀ। ਉਸ ਅੰਦਰ ਕੁਝ ਮਰ ਗਿਆ ਸੀ। ਉਸਦੇ ਹੱਥ ਪੈਰ ਠੰਡੇ ਹੋ ਗਏ। ਉਸਨੇ ਕੰਬਦੇ ਹੱਥਾਂ ਨਾਲ ਲਾਸ਼ ਢਕੀ। ਕੱਪੜੇ ਪਾਏ। ਮੁਰਦਿਆਂ ਵਾਂਗ ਤੁਰਦਾ ਬਾਹਰ ਆ ਬੈਂਚ 'ਤੇ ਬੈਠ ਗਿਆ।

ਉਸਦੇ ਨਾਲ ਉਹ ਲਾਸ਼ ਵੀ ਬੈਠ ਗਈ, "ਕੀ ਗੱਲ!... ਕੋਈ ਮਰ ਗਿਆ...!"

"ਚੱਲ ਉੱਠ !...ਅੰਦਰ ਹੋਰ ਵੀ ਸੁਨੱਖੀਆਂ ਲਾਸ਼ਾਂ ਨੇ...!" ਮੁਰਦਾ-ਘਰ ਵਿਚ ਗੂੰਜਦੀ

ਆਵਾਜ਼ ਸੁਣ ਉਸਨੂੰ ਉਲਟੀ ਆ ਗਈ।

ਮੂੰਹ ਸਾਫ ਕਰ ਉਸਨੇ ਪਰ੍ਹਾਂ ਨੂੰ ਥੁੱਕਿਆ। ਥੁੱਕ ਉਸ ਉੱਪਰ ਹੀ ਡਿੱਗ ਪਿਆ। ਉਹ ਆਪਣੇ ਕੱਪੜੇ ਪਾੜਨ ਲੱਗਾ।

ਨੰਗਾ ਹੋ ਜਨਾਨਾ ਵਾਰਡ ਵੱਲ ਨੂੰ ਭੱਜ ਲਿਆ। ਜਿਹਨਾਂ ਔਰਤਾਂ ਦੇ ਬੱਚੇ ਹੋਏ ਸਨ, ਉਹਨਾਂ ਦੇ ਬੈੱਡਾਂ ਕੋਲ਼ ਖੜ੍ਹ ਉਹ ਨਫਰਤ ਨਾਲ ਵੇਖਣ ਲੱਗਾ। ਮਾਵਾਂ ਡਰ ਗਈਆਂ। ਬੱਚੇ ਰੋਣ ਲੱਗੇ। ਉਹ ਤਾੜੀਆਂ ਮਾਰ ਹੱਸਣ ਲੱਗਾ, "ਹਾਂ!...ਮਰਿਆ ਤਾਂ ਕੋਈ ਹੈ...!"

"ਚੱਲ ਫਿਰ!... ਉਹਦਾ ਸਸਕਾਰ ਕਰ ਦੇਈਏ...!" ਹਸਪਤਾਲ ਦੇ ਕਰਮਚਾਰੀਆਂ ਨੇ ਉਸ ਨੂੰ ਬਾਹਾਂ ਵਿਚ ਜਕੜ ਲਿਆ।

ਉਹ ਆਪਣਾ ਆਪ ਪਿੱਛੇ ਨੂੰ ਖਿੱਚਣ ਲੱਗਾ। ਉਸਦੇ ਪੈਰ ਪਾਗਲਖਾਨੇ ਵੱਲ ਨੂੰ ਵਧਣ ਲੱਗੇ। ਝਟਕ-ਦਰ-ਝਟਕਾ ਬਿਜਲੀਆਂ ਲੱਗੀਆਂ।

ਦਿਮਾਗ਼ ਸੈੱਟ ਹੋਣ ਤੋਂ ਬਾਅਦ, ਹਸਪਤਾਲ ਵਿਚੋਂ ਉਸਦੀ ਛੁੱਟੀ ਹੋ ਗਈ ਸੀ।

"ਹਾਂ ਛੁੱਟੀ!...ਮੇਰੀ ਪੱਕੀ ਹੀ ਛੁੱਟੀ ਹੋ ਗਈ ਸੀ...!" ਕੰਧ ਨਾਲ ਢੋਅ ਲਾਈਂ ਬੈਠਾ ਅੱਕਰਮਾਸ਼ੀ ਭੁੱਲੇ ਭੂਤ ਵਾਂਗ ਵੇਖ ਰਿਹਾ ਸੀ।

ਮੈਂ ਉਸਦੇ ਗਲ਼ ਪਾਈ ਹੱਡੀਆਂ ਦੀ ਮਾਲਾ ਵੱਲ ਵੇਖ ਰਿਹਾ ਸੀ, "ਬੜੀ ਮਾੜੀ ਹੋਈ...!"

"ਕੀ ਮਾੜੀ ਹੋਈ!... ਤੈਂ ਕੁਝ ਸੁਣਿਆ ਤਾਂ ਹੈ ਨੀ...!" ਉਸਦੇ ਬੱਲ੍ਹ ਫਰਕੇ।

ਮੈਂ ਉਸ ਵੱਲ ਤਿਰਛਾ ਜਿਹਾ ਝਾਕਿਆ, "ਤੂੰ ਕਿਹੜਾ ਕੁਝ ਬੋਲਿਐਂ...!"

"ਵੇ ਇਹ ਹੁਣ ਕੀ ਬੋਲੂ!...ਗਾਨੀ ਨੇ ਬੋਲਣ ਜੋਗਾ ਕਿੱਥੇ ਛੱਡਿਆ!...ਆਜਾ ਤੈਨੂੰ ਮੈਂ ਦੱਸਦੀ ਆਂ...!" ਵਰਾਂਡੇ ਵਿਚ ਉੱਡਦੀ ਰਾਖ ਵਿਚੋਂ ਗੁਲਾਬ ਕੁਰ ਧੂੜ ਵਾਂਗ ਹੇਠਾਂ ਬੈਠਣ ਲੱਗੀ।

ਅੱਕਰਮਾਸ਼ੀ ਉਸ ਵੱਲ ਨਫਰਤ ਨਾਲ ਵੇਖ ਰਿਹਾ ਸੀ। ਮੇਰੀ ਨਜ਼ਰ ਉਸ ਦੀਆਂ ਅੱਖਾਂ ਉਪਰ ਟਿਕੀ ਹੋਈ ਸੀ।

ਉਸ ਦੀਆਂ ਸੁਰਖ ਅੱਖਾਂ ਵਿਚ ਇਕ ਬੱਚਾ ਰੋ ਰਿਹਾ ਸੀ।

0 0 0

"ਜਿਹੜਾ ਇਸ ਦੀਆਂ ਅੱਖਾਂ ਵਿਚ ਰੋਂਦਾ!...ਉਹ ਮੇਰਾ ਬੱਚਾ ਸੀ...!" ਗੁਲਾਬ ਕੁਰ ਨੇ ਖਾਲੀ ਢਿੱਡ 'ਤੇ ਹੱਥ ਮਾਰਿਆ।

ਉਸਦਾ ਹੱਥ ਖ਼ੂਨ ਨਾਲ ਭਿੱਜ ਗਿਆ। ਹੱਥਾਂ ਪੈਰਾਂ ਉੱਪਰ ਤੁਰਦਾ ਅੱਕਰਮਾਸ਼ੀ ਨਜ਼ਦੀਕ ਆ ਗਿਆ। ਉਹ ਖ਼ੂਨ ਨਾਲ ਭਿੱਜਿਆ ਹੱਥ ਚੱਟਣ ਲੱਗਾ, "ਮਿ...ਆ...ਊਂ...!!"

"ਮਾਂ...ਅ...ਊਂ...!!" ਕੋਠੇ ਉੱਪਰ ਬਿੱਲੀਆਂ ਰੋਣ ਲੱਗੀਆਂ।

ਮੈਂ ਤਾੜੀ ਮਾਰ ਉੱਪਰ ਨੂੰ ਲਲਕਾਰਾ ਮਾਰਿਆ, "ਹਾ....ਅ....ਚ!... ਖੜਜੋ ਤੁਸੀਂ...!!"

"ਤੂੰ ਐਥੀ ਖੜ੍ਹੀਂ ਭਾਗ!...ਮੈਂ ਹੱਥ ਧੋ ਲਵਾਂ...!" ਢਿੱਡ ਉੱਪਰ ਹੱਥ ਰੱਖੀਂ ਗੁਲਾਬ ਕੁਰ ਨਲਕੇ ਵੱਲ ਨੂੰ ਤੁਰ ਪਈ।

ਉਸਨੇ ਹੱਥੀ ਗੇੜੀ। ਨਲਕਾ ਖੜਕਿਆ। ਉਸ ਦੇ ਮੂੰਹ ਵਿਚੋਂ ਪਾਣੀ ਦੀ ਥਾਂ ਸੱਪ ਨਿੱਕਲਿਆ। ਮੈਂ ਉਸਦੀ ਸਿਰੀ ਫੜਨ ਲੱਗਾ। ਬੁੱਲ੍ਹਾਂ ਵਿਚ ਜੀਭ ਫੇਰਦੀ ਗੁਲਾਬ ਕੁਰ ਸੀਟੀਆਂ ਮਾਰਨ ਲੱਗੀ, "ਤੂੰ ਵੀ ਸੱਪ ਐਂ ਭਾਗ!...ਉਹ ਵੀ ਸੱਪ ਸੀ...!"

"ਉਹ ਮੇਰਾ ਬੱਚਾ ਖਾ ਗਿਆ...!" ਨਲਕੇ ਦੀ ਹੱਥੀ ਛੱਡ ਉਹ ਵਰਾਂਡੇ ਵੱਲ ਨੂੰ ਤੁਰ ਪਈ

ਮੈਂ ਉਸਦੇ ਪਿੱਛੇ-ਪਿੱਛੇ ਤੁਰ ਪਿਆ। ਉਹ ਇਕ ਡਿੰਗ੍ਹ ਵਿਚ ਹੀ ਮੰਜੇ ਕੋਲ਼ ਪੁੱਜ ਗਈ। ਮੈਂ ਪੈਰ ਪਿੱਛੇ ਖਿੱਚਣ ਲੱਗਾ। ਉਹ ਮੇਰੇ ਮੰਜੇ ਉੱਪਰ ਪੈ ਗਈ। ਉਸਦੇ ਸਿਰਹਾਣੇ ਇਕ ਬੱਚਾ ਆ ਬੈਠਿਆ। ਉਸਦੇ ਧੜ ਤੋਂ ਸਿਰ ਗ਼ਾਇਬ ਸੀ। ਹਵਾ ਵਿਚ ਹੱਥ ਫੇਰਦੀ ਗੁਲਾਬ ਕੁਰ ਉਸਦਾ ਸਿਰ

ਪਲੋਸਣ ਲੱਗੀ, "ਨੀ ਮੈਂ ਵਾਰੀ ਜਾਵਾਂ!...ਆ ਗਿਆ ਮੇਰਾ ਪੁੱਤ...!"

"ਹਾਂ...ਮੈਂ....ਆ...ਗਿਆ...!" ਪਰਛੱਤੀ ਵਿਚ ਬਿੰਜਲ ਦੀ ਆਵਾਜ਼ ਗੂੰਜੀ।

ਗੁਲਾਬ ਕੁਰ ਉੱਠ ਕੇ ਬੈਠੀ ਹੋ ਗਈ। ਮੈਂ ਥਮਲੇ ਉਹਲੇ ਲੁਕ ਗਿਆ। ਉਹ ਮੰਜੇ ਤੋਂ ਹੇਠਾਂ ਉੱਤਰੀ। ਹਵਾ ਵਿਚ ਪੈਰ ਰੱਖਦੀ ਪਰਛੱਤੀ ਕੋਲ ਜਾ ਖੜ੍ਹੀ। ਪਰਛੱਤੀ ਤੋਂ ਇਕ ਹੱਥ ਹੇਠਾਂ ਲਟਕਿਆ। ਉਸ ਵਿਚ ਰੂੰ ਦਾ ਬਣਿਆ ਗੁੱਡਾ ਸੀ। ਜਦੋਂ ਗੁਲਾਬ ਕੁਰ ਫੜਨ ਲੱਗੀ, ਉਹ ਹੱਥ ਵਿਚੋਂ ਛੁੱਟ ਗਿਆ। ਮੱਖੀ ਬਣ ਭੀਂ ਭੀਂ ਕਰਨ ਲੱਗਾ। ਮੈਂ ਕੰਨਾਂ ਉੱਪਰ ਹੱਥ ਰੱਖ ਲਏ। ਮੱਖੀ ਮੇਰੇ ਸਿਰ ਦੁਆਲ਼ੇ ਘੁੰਮਣ ਲੱਗੀ। ਮੈਂ ਗੁਲਾਬ ਕੁਰ ਵੱਲ ਵੇਖਣ ਲੱਗਾ। ਉਸਦਾ ਸਿਰ ਭੰਬੀਰੀ ਵਾਂਗ ਘੁੰਮ ਰਿਹਾ ਸੀ। ਉਹ ਪੀੜ੍ਹੀ ਉਪਰ ਜਾ ਬੈਠੀ। ਮੱਖੀ ਪੀੜ੍ਹੀ ਹੇਠਾਂ ਵੜ ਗਈ। ਉਸਨੇ ਤਸਲੀ ਵਿਚੋਂ ਕੋਲਾ ਚੁੱਕ ਹਵਾ ਵਿਚ ਕਾਟੀ ਮਾਰੀ। ਮੱਖੀ ਰੂੰ ਦਾ ਗੁੱਡਾ ਬਣ ਗਈ। ਮੈਂ ਥਮਲੇ ਦੀ ਓਟ ਛੱਡ, ਹੌਲ਼ੀ-ਹੌਲ਼ੀ ਤੁਰਦਾ ਮੰਜੇ ਉੱਪਰ ਜਾ ਬੈਠਿਆ। ਗੁਲਾਬ ਕੁਰ ਵਿਹੜੇ ਵੱਲ ਨੂੰ ਤੁਰ ਪਈ। ਰੂੰ ਦਾ ਗੁੱਡਾ ਉਸਦਾ ਪਿੱਛਾ ਕਰਨ ਲੱਗਾ। ਉਹ ਸੱਪ ਵਾਂਗ ਕੁੰਜ ਉਤਾਰਨ ਲੱਗੀ। ਗੁੱਡਾ ਉਸਦੀ ਕੁੜਤੀ ਦਾ ਪੱਲਾ ਫੜ ਰੋਣ ਲੱਗਾ।

"ਕੀਹਨੇ ਮਾਰਿਆ ਮੇਰਾ ਪੁੱਤ...!" ਉਸ ਨੂੰ ਬੁੱਕਲ ਵਿਚ ਲੈ ਉਹ ਆਲ਼ਾ-ਦੁਆਲ਼ਾ ਵੇਖਣ ਲੱਗੀ

ਰੂੰ ਦੇ ਗੁੱਡੇ ਨੇ ਉਪਰ ਨੂੰ ਉਂਗਲ ਕਰ ਦਿੱਤੀ। ਉਹ ਖਾ ਜਾਣ ਵਾਲੀਆਂ ਨਜ਼ਰਾਂ ਨਾਲ ਪਰਛੱਤੀ ਵੱਲ ਨੂੰ ਵੇਖਣ ਲੱਗੀ।

ਉਸ ਦੀਆਂ ਅੱਖਾਂ ਵਿਚ ਉਹ ਰਾਤ ਉੱਤਰਨ ਲੱਗੀ, ਜਿਸ ਵਿਚ ਬਿੰਜਲ ਮੰਜਾ ਡਾਹੀਂ ਪਿਆ ਸੀ। ਉਸ ਕੋਲ਼ ਗੁਲਾਬ ਕੁਰ ਦਾ ਮੰਜਾ ਸੀ। ਉਸ ਤੋਂ ਥੋੜ੍ਹੀ ਵਿੱਥ ਉਪਰ ਛੋਟੀ ਜਿਹੀ ਮੰਜੀ 'ਤੇ ਜਿੰਦਰ ਪਈ ਸੀ। ਜਦੋਂ ਉਸਨੂੰ ਹੌਲ ਪੈਂਦਾ, ਉਹ ਉੱਠਕੇ ਰੋਣ ਲੱਗ ਪੈਂਦੀ, "ਮਾਂ!... ਵੀਰਾ ਕਦੋਂ ਆਊਗਾ....!"

"ਪੈ ਜਾਹ!... ਉਹ ਨੀ ਹੁਣ ਆਉਂਦਾ...!" ਕੁੜੀ ਨੂੰ ਥਾਪੜ ਉਹ ਹਨ੍ਹੇਰੇ ਵਿੱਚ ਤੁਰੇ ਆਉਂਦੇ ਪਰਛਾਵੇਂ ਵੱਲ ਵੇਖਣ ਲੱਗੀ।

ਪਰਛਾਵਾਂ ਨਜ਼ਦੀਕ ਆ ਉਸਦੇ ਮੰਜੇ ਦੀ ਪੈਂਦ ਵੱਲ ਬੈਠ ਗਿਆ। ਪੈਰਾਂ ਉਪਰ ਛੋਟੇ ਛੋਟੇ ਹੱਥਾਂ ਦੀ ਛੋਹ ਮਹਿਸੂਸ ਕਰ ਉਹ ਉੱਠ ਬੈਠੀ। ਉਸਨੇ ਨੰਨ੍ਹੇ ਹੱਥ ਚੁੰਮ ਲਏ, "ਮੇਰਾ ਪੁੱਤ!...ਮੇਰਾ ਬੱਚਾ।"

"ਇਹਨੇ ਮੈਨੂੰ ਮਾਰਿਆ ਸੀ!... ਤੂੰ ਇਹਨੂੰ ਮਾਰ ਦੇ....!" ਹਥੌੜੀ ਨਾਲ ਕਿੱਲ ਫੜਾ ਹੱਥਾਂ ਦੀ ਜੋੜੀ ਮਿੰਨਤ ਕਰਨ ਲੱਗੀ।

ਗੁਲਾਬ ਦਾ ਹਉਂਕਾ ਨਿੱਕਲ ਗਿਆ। ਉਹ ਮੰਜੇ ਤੋਂ ਉੱਠ ਬਿੰਜਲ ਦੇ ਸਿਰਹਾਣੇ ਵਾਲੇ ਪਾਸੇ ਜਾ ਖੜ੍ਹੀ।

ਇਕ ਪਲ ਲਈ ਦਿਲ ਵਿਚ ਚੀਸ ਉੱਠੀ। ਅਗਲੇ ਹੀ ਪਲ ਉਸਨੇ ਲੋਹੇ ਦਾ ਕਿੱਲ ਸਿਰ ਵਿਚਕਾਰ ਰੱਖ ਦਿੱਤਾ।

ਹਥੌੜੀ ਵਾਲਾ ਹੱਥ ਉੱਪਰ ਉੱਠਿਆ। ਠਾਹ ਠਾਹ! ਦੋ ਸੱਟਾਂ ਵੱਜੀਆਂ।

ਕੁਝ ਪਲ ਤੜਫਦਾ ਬਿੰਜਲ ਉਸ ਪਾਰ ਹੋ ਗਿਆ। ਨੰਨ੍ਹੇ ਹੱਥਾਂ ਦੀ ਜੋੜੀ ਤਾੜੀਆਂ ਮਾਰਨ ਲੱਗੀ।

ਸਿਰ ਦੇ ਸਾਈਂ ਦੇ ਸਿਰ ਵਿੱਚੋਂ ਨਿੱਕਲਦਾ ਖ਼ੂਨ ਵੇਖਦੀ ਹੋਈ ਗੁਲਾਬ ਕੁਰ ਮੰਜੇ ਵੱਲ ਨੂੰ ਵਧਣ ਲੱਗੀ, "ਉਹ ਗਿਆ!... ਹੁਣ ਤੂੰ ਵੀ ਜਾਹ...!"

ਉਸ ਤੋਂ ਹਥੌੜੀ ਫੜ ਪਰਛਾਵਾਂ ਹਨੇਰੇ ਵਿਚ ਗ਼ਾਇਬ ਹੋ ਗਿਆ। ਮੰਜੀ 'ਤੇ ਪਈ ਜਿੰਦਰ ਰੋਣ ਲੱਗੀ, "ਮਾਂ!...ਤੂੰ ਕਿੱਥੇ ਚਲੀ ਗਈ ਸੀ...!"

"ਕਿਤੇ ਨੀ!...ਮੈਂ ਤਾਂ ਐਥੀ ਪਈ ਸੀ...!" ਮੰਜੇ ਉੱਪਰ ਪਈ ਗੁਲਾਬ ਕੁਰ ਪਾਸਾ ਪਰਤ ਉਸਨੂੰ ਸੁਲਾਉਣ ਲੱਗੀ।

ਬਿੰਜਲ ਕਿੰਝ ਮਰਿਆ! ਮੈਨੂੰ ਵਿਆਹੀ ਜਾਣ ਤੋਂ ਬਾਅਦ ਵੀ ਜਿੰਦਰ ਨੂੰ ਪਤਾ ਨਹੀਂ ਸੀ। ਮੈਂ ਜਦੋਂ ਵੀ ਪੁੱਛਦਾ, "ਤੇਰਾ ਬਾਪ ਕਿੰਝ ਮਰਿਆ ਸੀ...!"

"ਉਹਨੂੰ ਤਾਂ ਮੇਰੇ ਵੀਰੇ ਦੀ ਆਤਮਾ ਮਾਰ ਗਈ..." ਉਹ ਪਿੰਡ ਦੇ ਲੋਕਾਂ ਵਾਲਾ ਜਵਾਬ ਦੇ ਕੰਮੀਂ ਲੱਗ ਜਾਂਦੀ।

ਉਹ ਆਪ ਵੀ ਧੀਆਂ ਪੁੱਤਾਂ ਵਾਲੀ ਹੋ ਗਈ ਸੀ। ਪਰ ਉਸਦੀ ਸੁਰਤੀ ਘਰ ਵਿਚ ਹੀ ਭਟਕਦੀ ਰਹਿੰਦੀ। ਚੁੱਪ-ਚਾਪ ਕੰਮ ਕਰਦੀ ਫਿਰੀਂ ਜਾਂਦੀ। ਜਦੋਂ ਹੌਲ ਪੈਂਦਾ, ਉਹ ਦਿਲ 'ਤੇ ਹੱਥ ਰੱਖ ਆਖਦੀ, "ਵੇਖੀਂ ਮਾਂ ਇਕੱਲੀ ਹੋਊਗੀ...!"

"ਮੈਂ ਉਸ ਕੋਲ਼ ਚਾਰ ਦਿਨ ਲਾ ਨਾ ਆਵਾਂ...!" ਉਸਦੀ ਗੱਲ ਸੁਣ ਮੈਨੂੰ ਵੀ ਹੌਲ ਪੈਣ ਲੱਗ ਪੈਂਦਾ।

ਚਾਰ ਦਿਨ ਮੈਂ ਚਲਿਆ ਜਾਂਦਾ। ਚਾਰ ਦਿਨ ਉਹ ਲਾ ਆਉਂਦੀ। ਪਰ ਗੁਲਾਬ ਕੁਰ ਦੀ ਰੂਹ ਨੂੰ ਟੇਕ ਨਹੀਂ ਸੀ ਆਉਂਦੀ। ਉਸਦੀ ਰੂਹ ਵਿਚ ਮੋਇਆ ਬੱਚਾ ਭਟਕਦਾ ਰਹਿੰਦਾ। ਉਸਦੀ ਭਟਕਣ ਸ਼ਾਂਤ ਕਰਨ ਲਈ ਇਕ ਦਿਨ ਜਿੰਦਰ ਕਹਿੰਦੀ, "ਹੁਣ ਤਾਂ ਬੱਚੇ ਵੀ ਵਿਆਹੇ ਗਏ ਨੇ!... ਮੈਂ ਕਹਿੰਨੀ ਆਂ ਤੂੰ ਮਾਂ ਕੋਲ਼ ਪੱਕਾ ਈ ਚਲਿਆ ਜਾਹ...!"

ਉਸਦੀ ਗੱਲ ਮੰਨ ਗੁਲਾਬ ਕੁਰ ਦਾ ਘਰ ਮੇਰਾ ਪੱਕਾ ਟਿਕਾਣਾ ਹੋ ਗਿਆ ਸੀ। ਜਦੋਂ ਜਿੰਦਰ ਦੀ ਯਾਦ ਆਉਂਦੀ, ਮੈਂ ਪਿੰਡ ਜਾ ਆਉਂਦਾ। ਉੱਥੋਂ ਵਾਪਸ ਆ ਕਦੇ ਘਰ, ਕਦੇ ਬਜ਼ਾਰ, ਕਦੇ ਖੇਤ ਗੇੜਾ ਮਾਰ ਆਉਂਦਾ। ਮੈਂ ਪੁੱਤਾਂ ਵਾਂਗ ਘਰ-ਖੇਤ ਸੰਭਾਲ ਲਿਆ ਸੀ।

"ਪਰ ਜਿਹੜੀ ਗੱਲ ਸੰਭਾਲਣ ਆਇਆ ਸੀ!...ਤੂੰ ਉਹ ਨਹੀਂ ਸੰਭਾਲ ਸਕਿਆ ਭਾਗ...!" ਗੁਲਾਬ ਕੁਰ ਦਾ ਹਉਂਕਾ ਸੁਣ ਮੈਂ ਅੱਕਰਮਾਸ਼ੀ ਵੱਲ ਝਾਕਿਆ।

ਕੰਧ ਕੋਲੋਂ ਉੱਠ ਉਹ ਥਮਲੇ ਕੋਲ ਬੈਠਾ ਰੋ ਰਿਹਾ ਸੀ, "ਉਹ ਤੇਰਾ ਨਹੀਂ ਮੇਰਾ ਹਉਂਕਾ ਸੀ...!"

"ਤੂੰ ਮੇਰਾ ਹਉਂਕਾ ਸੰਭਾਲ ਕੇ ਰੱਖੀਂ...!" ਰੂੰ ਦਾ ਗੁੱਡਾ ਚੁੱਕੀਂ ਗੁਲਾਬ ਕੁਰ ਪੀੜ੍ਹੀ ਵੱਲ ਨੂੰ ਤੁਰ ਪਈ।

ਉਸ ਦੀਆਂ ਉਨੀਂਦੀਆਂ ਅੱਖਾਂ ਵੱਲ ਵੇਖ ਅੱਕਰਮਾਸ਼ੀ ਨੀਂਦ ਵਿਚ ਘਿਰ ਗਿਆ। ਮੈਨੂੰ ਵੀ ਨੀਂਦ ਆ ਰਹੀ ਸੀ। ਮੈਂ ਜੁੱਤੀ ਲਾਹ ਮੰਜੇ ਉਪਰ ਪੈ ਗਿਆ। ਉਹ ਮੰਜੇ ਦੇ ਹੇਠਾਂ ਪੈ ਗਿਆ।

"ਹੇਠਲੀ ਉੱਪਰ ਤਾਂ ਅਜੇ ਹੋਣੀ ਐ...!" ਚਰਖਾ ਕੱਤਣ ਦੀ ਅਵਾਜ਼ ਸੁਣ ਬੰਦ ਹੋ ਰਹੀਆਂ ਅੱਖਾਂ ਖੁੱਲ੍ਹ ਗਈਆਂ।

ਮੈਂ ਓਟੇ ਕੋਲ਼ ਪਈ ਪੀੜ੍ਹੀ ਵੱਲ ਨਜ਼ਰ ਮਾਰੀ। ਉਸ ਉੱਪਰ ਰੂੰ ਦਾ ਗੁੱਡਾ ਪਿਆ ਸੀ।

ਮੰਜੇ ਹੇਠਾਂ ਪਿਆ ਅੱਕਰਮਾਸ਼ੀ ਉਸ ਵੱਲ ਨੂੰ ਸਰਕ ਰਿਹਾ ਸੀ। ਉਸਦੇ ਹੱਥ ਵਿਚ ਟੌਫੀ ਸੀ।

### ਸਵੇਰ 5 ਵਜੇ ਤੋਂ 6 ਵਜੇ ਤਕ

"ਇਹ ਟੌਫੀ ਨਹੀਂ!... ਕੋਲਾ ਐ...!" ਡੇਕ ਹੇਠਾਂ ਖੜ੍ਹਾ ਇਕ ਬੱਚਾ ਪਰ੍ਹਾਂ ਨੂੰ ਥੁੱਕ ਰਿਹਾ ਸੀ। ਦੂਜਾ ਬੱਚਾ ਮੂੰਹ ਸਾਫ ਕਰ ਰਿਹਾ ਸੀ, "ਇਹ ਕੋਲਾ ਨਹੀਂ!... ਬਿੰਜਲ ਦੇ ਸਿਵੇ ਦੀ ਲੱਕੜੀ ਐ....!"

ਅਵਾਜ਼ਾਂ ਸੁਣ ਮੇਰੀ ਨੀਂਦ ਟੁੱਟ ਗਈ। ਮੈਂ ਮੰਜੇ ਹੇਠਾਂ ਨਜ਼ਰ ਮਾਰੀ। ਅੱਕਰਮਾਸ਼ੀ ਉੱਥੇ ਨਹੀਂ ਸੀ। ਹੱਥ ਵਿਚ ਕੋਲਾ ਫੜੀਂ ਉਹ ਕੰਧ 'ਤੇ ਲਕੀਰਾਂ ਮਾਰ-ਮਾਰ ਕੱਟ ਰਿਹਾ ਸੀ।

"ਕੋਈ ਤਾਂ ਸਾਬਤੀ ਰੱਖ ਲੈ...!" ਪੈਰੀਂ ਜੁੱਤੀ ਪਾ ਮੈਂ ਮੰਜੇ ਤੋਂ ਉੱਠ ਖੜ੍ਹਿਆ।

ਆਖਰੀ ਲਕੀਰ ਕੱਟਦਾ ਹੋਇਆ ਉਹ ਗੁਲਾਬ ਕੁਰ ਵਾਂਗ ਹੱਸਿਆ, "ਕਿਉਂ ਰੱਖ ਲਾਂ!... ਕੋਈ ਹੱਸਿਆ ਤਾਂ ਹੈ ਨੀ...!"

"ਇਕ ਹੱਸਿਆ ਤਾਂ ਹੈਗਾ ਸੀ...!" ਮੈਂ ਤਾੜੀ ਮਾਰ ਹੱਸ ਪਿਆ।

ਉਹ ਘੂਰੀ ਵੱਟ ਰੋਣ ਲੱਗ ਪਿਆ, "ਮੈਂ ਕਿਹੜਾ ਉਹਨੂੰ ਵੇਖਿਆ...!'

ਉਸ ਨੂੰ ਮੈਂ ਵੇਖਿਆ ਸੀ। ਜਿਸ ਵਕਤ ਅੱਕਰਮਾਸ਼ੀ ਦੀ ਚਿਖਾ ਨੂੰ ਅਗਨੀ ਦਿੱਤੀ ਗਈ। ਮੇਰੇ ਪਿੱਛੇ ਖੜ੍ਹਾ ਇਕ ਬੱਚਾ ਹੱਸ ਰਿਹਾ ਸੀ। ਉਸ ਦੀਆਂ ਅੱਖਾਂ ਸਿਵੇ ਦੀ ਅੱਗ ਉਪਰ ਟਿਕੀਆਂ ਹੋਈਆਂ ਸਨ, "ਅੰਕਲ!... ਸਮਾਈਲ ਪਲੀਜ਼...!"

ਜਦੋਂ ਮੈਂ ਪਿੱਛੇ ਮੁੜ ਕੇ ਵੇਖਿਆ। ਉੱਥੇ ਕੋਈ ਨਹੀਂ ਸੀ। ਮੈਂ ਨਾਲ ਖੜ੍ਹੇ ਤੇਜੀ ਨੂੰ ਪੁੱਛਿਆ, "ਐਥੇ ਜਿਹੜਾ ਬੱਚਾ ਖੜ੍ਹਾ ਸੀ!... ਉਹ ਕਿੱਥੇ ਗਿਆ...!"

"ਤੂੰ ਕਮਲ਼ਾ ਤਾਂ ਨੀ ਹੋ ਗਿਆ ਭਾਗ!....ਬੱਚੇ ਤਾਂ ਇਹਨੂੰ ਵੇਖ ਕੇ ਊਈਂ ਦੂਰ ਭੱਜਦੇ ਸੀ....!" ਉਹ ਮੇਰੇ ਵੱਲ ਓਪਰਿਆਂ ਵਾਂਗ ਝਾਕਿਆ।

ਮੈਂ ਕੱਚਾ ਜਿਹਾ ਹੋ ਗਿਆ। ਉਹ ਠੀਕ ਕਹਿੰਦਾ ਸੀ। ਅੱਕਰਮਾਸ਼ੀ ਜਦੋਂ ਵੀ ਕੋਈ ਬੱਚਾ ਵੇਖਦਾ, ਉਸਨੂੰ ਛੇੜਨ ਲੱਗ ਪੈਂਦਾ, "ਹੁਣ ਹੱਸੋ ਪੁੱਤ ਮੇਰੇ 'ਤੇ....!"

ਸਾਰਾ ਪਿੰਡ ਉਸ ਉਪਰ ਹੱਸਦਾ ਸੀ। ਔਰਤਾਂ ਇਕ ਦੂਜੀ ਨੂੰ ਕੂਹਣੀ ਮਾਰ ਹੱਸਦੀਆਂ, "ਨੀ ਇਹ ਤਾਂ ਗੋਰੀ ਗਾਨੀ ਦਾ ਕਾਲਾ ਮਣਕਾ...!"

"ਜਮਾਂ ਈ ਦੂਜਾ ਬਿੰਜਲ ਐ ਪੱਟੂ...!" ਸੱਥ ਵਿਚ ਬੈਠੀ ਢਾਣੀ ਬਿੰਜਲ ਬਿੰਜਲ ਕਰਨ ਲੱਗਦੀ। ਜੱਗਾ ਮਾਸਟਰ ਤਾਂ ਹੱਦ ਹੀ ਮੁਕਾ ਗਿਆ ਸੀ। ਇਕ ਦਿਨ ਕਲਾਸ ਵਿਚ ਕਹਿੰਦਾ, "ਬਿੰਜਲ+ਗਾਨੀ= ਕੀ ਬਣਿਆ ਦੱਸੋ...?"

" ਜੀ !...ਅੱਕਰਮਾਸ਼ੀ...!!" ਸਾਰੀ ਕਲਾਸ ਉਸ ਉਪਰ ਸਵਾਲੀਆ ਨਿਸ਼ਾਨ ਲਾ ਗਈ ਸੀ।

ਉਸ ਦਿਨ ਤੋਂ ਬਾਅਦ ਉਹ ਸਕੂਲ ਨਹੀਂ ਸੀ ਗਿਆ। ਘਰ ਬੈਠਾ ਹੀ ਪੜ੍ਹਦਾ ਰਹਿੰਦਾ। ਗਾਨੀ ਉਸ ਨੂੰ ਪਿਆਰ ਨਾਲ ਪੜ੍ਹਾਉਂਦੀ, "ਪੜ੍ਹ ਲੈ ਪੁੱਤ!... ਲੋਕ ਤਾਂ ਝੂਠ ਮਾਰਦੇ ਨੇ...!"

"ਲੋਕ ਸੱਚ ਕਹਿੰਦੇ ਨੇ ਬੇਟਾ!... ਝੂਠ ਦਾ ਮੁਕਾਬਲਾ ਪੜ੍ਹਕੇ ਹੀ ਕੀਤਾ ਜਾ ਸਕਦੈ!... ਤੂੰ ਪੜ੍ਹ ਲੈ....!" ਉਹ ਪਿੰਗਲਵਾੜੇ ਵਿਚੋਂ ਜਿਸ ਘਰ ਵਿਚ ਗਿਆ, ਉਸ ਘਰ ਵਿਚ ਉਸਦਾ ਜੀਅ ਨਹੀਂ ਸੀ ਲੱਗਦਾ। ਨਵੀਂ ਮਾਂ ਉਸਨੂੰ ਬਾਹਰ ਨਾ ਜਾਣ ਦਿੰਦੀ। ਉਹ ਖਿੜਕੀ ਵਿਚ ਬੈਠਾ ਵੇਖਦਾ ਰਹਿੰਦਾ। ਜਦੋਂ ਕੋਈ ਬੱਚਾ ਬੀਹੀ ਵਿਚ ਦੀ ਲੰਘਦਾ, ਉਹ ਉਸ ਵੱਲ ਨਫਰਤ ਨਾਲ ਵੇਖਦਾ। ਉਹ ਨਵੀਂ ਥਾਂ ਸਕੂਲ ਨਹੀਂ ਜਾਣਾ ਚਾਹੁੰਦਾ ਸੀ। ਪਰ ਉਸਦਾ ਨਾਂ ਦਾਖਲ ਕਰਵਾ ਦਿੱਤਾ। ਉਹ ਉੱਥੇ ਵੀ ਅੱਕਰਮਾਸ਼ੀ ਹੋ ਗਿਆ। ਬੱਚੇ ਉਸਨੂੰ ਛੇੜਦੇ, "ਤੇਰਾ ਨਾਂ ਅੱਕਰਮਾਸ਼ੀ ਕਿਉਂ ਐ...!"

ਜਿਹੜਾ ਬੱਚਾ ਉਸਦਾ ਨਾਂ ਪੁੱਛ ਲੈਂਦਾ। ਉਹ ਉਸਨੂੰ ਬਾਥਰੂਮਾਂ ਵੱਲ ਲੈ ਜਾਂਦਾ। ਪਹਿਲਾਂ ਟੌਫੀਆਂ ਦਿੰਦਾ। ਫਿਰ ਉਸ ਦੀਆਂ ਗੱਲ੍ਹਾਂ ਪੱਟਣ ਲੱਗ ਪੈਂਦਾ। ਕੰਨ ਮਰੋੜਦਾ। ਲੱਤਾਂ ਬਾਹਾਂ ਮਰੋੜਦਾ। ਥੱਪੜ ਮਾਰਦਾ। ਜਦੋਂ ਬੱਚਾ ਰੋਣ ਲੱਗ ਪੈਂਦਾ, ਉਹ ਹੱਸਣ ਲੱਗ ਪੈਂਦਾ, "ਚੱਲ ਹੁਣ ਜਾਹ...!"

ਦਸਵੀਂ ਤਕ ਉਸਦੀ ਇਹ ਆਦਤ ਪੱਕ ਗਈ ਸੀ। ਸਕੂਲ ਤੋਂ ਬਾਅਦ ਉਹ ਬੀਹੀਆਂ ਵਿਚ ਘੁੰਮਣ ਲੱਗਦਾ। ਜਿਸ ਦਿਨ ਕੋਈ ਸ਼ਿਕਾਰ ਨਾ ਲੱਭਦਾ, ਉਹ ਬਸ ਚੜ੍ਹ ਪਿੰਡ ਆ ਜਾਂਦਾ। ਇਕ ਦਿਨ ਰੌਣੀ ਵਾਲਿਆਂ ਦਾ ਮੁੰਡਾ ਜੀਲੂ ਦੀ ਦੁਕਾਨ ਤੋਂ ਟੌਫੀਆਂ ਲੈਣ ਜਾ ਰਿਹਾ ਸੀ। ਰਾਹ ਵਿਚ ਅੱਕਰਮਾਸ਼ੀ ਟੱਕਰ ਗਿਆ। ਕਹਿੰਦਾ, "ਆ ਜਾ ਤੈਨੂੰ ਟੌਫੀਆਂ ਦਿਊਂਗਾ...!"

ਉਹ ਮੁੰਡੇ ਨੂੰ ਖਾਰੇ ਖੂਹ ਵੱਲ ਲੈ ਗਿਆ। ਜਦੋਂ ਮੁੰਡਾ ਟੌਫੀਆਂ ਖਾਣ ਲੱਗਾ, ਜੇਬ ਵਿਚੋਂ ਰੱਸੀ ਕੱਢ ਉਸਨੂੰ ਦਰਖਤ ਨਾਲ ਬੰਨ੍ਹ ਦਿੱਤਾ। ਆਪ ਝਾੜੀਆਂ ਵੱਲ ਨੂੰ ਤੁਰ ਗਿਆ। ਜਦੋਂ ਵਾਪਸ ਪਰਤਿਆ, ਉਸਦੇ ਹੱਥ ਵਿਚ ਚਾਕੂ ਮੂੰਹ ਉਪਰ ਭੂਤ ਦਾ ਮਖੌਟਾ ਸੀ।

ਮੁੰਡਾ ਚੀਕਾਂ ਮਾਰਨ ਲੱਗਾ। ਅੱਕਰਮਾਸ਼ੀ ਉਸਨੂੰ ਡਰਾਉਣ ਲੱਗਾ, "ਅੱਜ ਨੀ ਛੱਡਦਾ!... ਖਾ ਜੂੰ ਗਾ...!"

"ਮੈਨੂੰ ਡਰ ਲੱਗਦਾ ਵੇਖੀਂ..." ਚੀਕਾਂ ਮਾਰਦਾ ਮੁੰਡਾ ਬੇਹੋਸ਼ ਹੋ ਗਿਆ।

ਉਸ ਨੂੰ ਮੁੜ ਹੋਸ਼ ਨਾ ਆਈ। ਉਹ ਮਰ ਗਿਆ। ਉਸਦੀ ਲਾਸ਼ ਕੋਲ ਬੈਠਾ ਅੱਕਰਮਾਸ਼ੀ ਰੋਣ

ਲੱਗ ਪਿਆ, “ਮੈਂ ਤਾਂ ਇਸ ਨੂੰ ਹਸਾ ਰਿਹਾ ਸੀ...!”

“ਜੇ ਹਸਾ ਰਿਹਾ ਸੀ!... ਫਿਰ ਰੋਂਦਾ ਕਿਉਂ ਐਂ!... ਚੱਲ ਹੱਸ ਮੇਰਾ ਪੁੱਤ!.... ਚੱਲ ਹੁਣ ਜਾਹ....!” ਪੁਲਿਸ ਬੁਲਾਉਣ ਦੀ ਥਾਂ ਰੌਣੀ ਵਾਲਿਆਂ ਦੀ ਨੂੰਹ ਨੇ ਉਸਨੂੰ ਛੱਡ ਦਿੱਤਾ।

ਉਸਦਾ ਘਰਆਲ਼ਾ ਮਰ ਚੁੱਕਾ ਸੀ। ਪਿੰਡ ਵਿਚ ਚਰਚਾ ਸੀ, “ਉਹ ਮਰਿਆ ਨਹੀਂ!... ਇਹਨੇ ਆਪਣੇ ਪ੍ਰੇਮੀ ਨਾਲ ਮਿਲ ਕੇ ਉਹਨੂੰ ਮਾਰਿਆ!...ਇਹ ਮੁੰਡਾ ਇਹਨਾਂ ਦੀ ਪ੍ਰੇਮ ਨਿਸ਼ਾਨੀ ਸੀ...!”

“ਨਜਾਇਜ਼ ਰਿਸ਼ਤਿਆਂ ਵਿਚੋਂ ਜਾਇਜ਼ ਔਲਾਦ ਪੈਦਾ ਨਹੀਂ ਹੁੰਦੀ...!” ਉਹ ਦੇਹਲ਼ੀ ਉੱਪਰ ਬੈਠੀ ਹਵਾ ਨਾਲ ਗੱਲਾਂ ਕਰਦੀ ਰਹਿੰਦੀ।

ਪਿਆਰ ਵਿਚ ਧੋਖੇ ਤੋਂ ਬਾਅਦ ਉਸਦਾ ਦਿਮਾਗ਼ ਹਿੱਲ ਗਿਆ ਸੀ। ਉਸਦਾ ਪ੍ਰੇਮੀ ਇਕ ਹੋਰ ਔਰਤ ਦੀ ਕੁੱਖ ਹਰੀ ਕਰਨ ਤੁਰ ਗਿਆ ਸੀ। ਉਸ ਤੋਂ ਡਰ ਕੇ ਅੱਕਰਮਾਸ਼ੀ ਵਾਪਸ ਸ਼ਹਿਰ ਪਰਤ ਗਿਆ ਸੀ।

“ਇੱਥੇ ਹੁਣ ਕੀ ਕਰਨ ਆਇਆਂ!...ਓਥੀ ਰਹਿੰਦਾ...!” ਬੇਗਾਨਾ ਸ਼ਹਿਰ ਮਤਰੇਈ ਮਾਂ ਵਾਂਗ ਆਖਦਾ।

ਪਿੰਡ ਸਕੀ ਮਾਂ ਵਾਂਗ ਸਲਾਹ ਦਿੰਦਾ, “ਤੈਨੂੰ ਕੋਈ ਭੁੱਲ ਲੱਗੀ ਹੋਈ ਐ!...ਕਿਸੇ ਬੱਚੇ ਨੂੰ ਹਸਾ ਲੈ ਕਮਲ਼ਿਆ...!”

ਉਹ ਕਮਲ਼ਿਆਂ ਵਾਂਗ ਪਿੰਡ ਦੀਆਂ ਬੀਹੀਆਂ ਵਿਚ ਘੁੰਮਦਾ ਰਹਿੰਦਾ। ਇਕ ਦਿਨ ਮੈਂ ਪੁੱਛ ਲਿਆ, “ਤੇਰਾ ਕੁਝ ਗੁਆਚ ਗਿਐ...!”

“ਮੇਰਾ ਹਾਸਾ ਗੁਆਚ ਗਿਆ ਤਾਇਆ...!” ਅੱਖਾਂ ਪੂੰਝਦਾ ਉਹ ਫਿਰਨੀ ਵਾਲੀ ਸੜਕ ਵੱਲ ਨੂੰ ਤੁਰ ਗਿਆ।

ਉਹ ਜਿੱਧਰ ਨੂੰ ਵੀ ਜਾਂਦਾ, ਮੈਂ ਉਸ ਉਪਰ ਨਜ਼ਰ ਰੱਖਦਾ। ਕਦੇ ਮੀਲਾਂ ਲੰਬੀ ਦੌੜ ਲਾਉਂਦਾ। ਥੱਕ ਕੇ ਸੜਕ ਕਿਨਾਰੇ ਲੰਬਾ ਪੈ ਜਾਂਦਾ। ਕਦੇ ਦਰਖਤ ਨਾਲ ਪੁੱਠਾ ਲਟਕਦਾ। ਜਦੋਂ ਸਿਰ ਵਿਚ ਖ਼ੂਨ ਉੱਤਰ ਆਉਂਦਾ, ਉਹ ਸਿੱਧਾ ਹੋ ਸਿਰ ਫੜ ਲੈਂਦਾ। ਜਦੋਂ ਘੰਟਿਆਂ ਬੱਧੀ ਅੱਖਾਂ ਬੰਦ ਕਰਕੇ ਵੀ ਟੇਕ ਨਾ ਆਉਂਦੀ, ਉਹ ਜੇਬ ਵਿਚ ਟੌਫੀਆਂ ਪਾ ਬੱਚਿਆਂ ਦੀ ਤਲਾਸ਼ ਵਿਚ ਤੁਰ ਪੈਂਦਾ।

ਪਰ ਕੋਈ ਵੀ ਬੱਚਾ ਉਸ ਤੋਂ ਕੁਝ ਲੈ ਕੇ ਨਾ ਖਾਂਦਾ। ਇਕ ਦਿਨ ਖੂਹ ਵਾਲਿਆਂ ਦੀ ਰਿਸ਼ਤੇਦਾਰੀ ਵਿਚੋਂ ਆਇਆ ਮੁੰਡਾ ਉਸ ਤੋਂ ਟੌਫੀ ਲੈ ਖਾਣ ਲੱਗਾ। ਅੱਕਰਮਾਸ਼ੀ ਕੁਤਕਤਾੜੀਆਂ ਕੱਢਣ ਲੱਗਾ। ਮੁੰਡਾ ਦੂਹਰਾ ਤੀਹਰਾ ਹੋ ਹੱਸਣ ਲੱਗਾ। ਕੁਤਕਤਾੜੀਆਂ ਵਧਣ ਲੱਗੀਆਂ। ਮੁੰਡੇ ਦੇ ਗਲ ਵਿਚ ਟੌਫੀ ਫਸ ਗਈ। ਹੱਥੂ ਛਿੜ ਪਿਆ। ਅੱਖਾਂ ਬਾਹਰ ਨਿੱਕਲ ਆਈਆਂ। ਉਹ ਹੱਸਦਾ ਹੱਸਦਾ ਅੱਕਰਮਾਸ਼ੀ ਦੀਆਂ ਬਾਂਹਾਂ ਵਿਚ ਝੂਲ ਗਿਆ।

“ਅਸੀਂ ਮੁੰਡੇ ਦੇ ਬਰਾਬਰ ਇਹਦੀ ਚਿਖਾ ਬਾਲਣੀ ਐ...!” ਰੌਣੀ ਵਾਲਿਆਂ ਦੀ ਨੂੰਹ ਵਾਂਗ ਖੂਹ ਵਾਲਿਆਂ ਨੇ ਉਸਨੂੰ ਛੱਡਿਆ ਨਹੀਂ।

ਉਹਨਾਂ ਦਾ ਐਲਾਨ ਸੁਣ ਅੱਕਰਮਾਸ਼ੀ ਭੱਜਿਆ ਨਹੀਂ। ਅੱਖਾਂ ਬੰਦ ਕਰ ਸੱਥ ਵਿਚ ਚੌਂਕੜੀ ਮਾਰ ਕੇ ਬੈਠ ਗਿਆ।

ਡਾਂਗ ਪਰੇਡ ਹੋਈ। ਉਹ ਲਹੂ ਲੁਹਾਣ ਹੋ ਡਿੱਗ ਪਿਆ। ਖੂਹ ਵਾਲਿਆਂ ਦੀ ਸਾਕਾਦਾਰੀ ਬੱਚੇ ਦੀ ਲਾਸ਼ ਚੁੱਕ ਪਿੰਡ ਨੂੰ ਹੋ ਤੁਰੀ।

ਜਿਸ ਵਕਤ ਸਮਸ਼ਾਨਘਾਟ ਵਿਚ ਚਿਖਾ ਨੂੰ ਅੱਗ ਲਾਈ ਗਈ, ਭੀੜ ਨੂੰ ਚੀਰਦਾ ਹੋਇਆ ਅੱਕਰਮਾਸ਼ੀ ਸਿਵੇ ਦੇ ਨਜ਼ਦੀਕ ਜਾ ਖੜ੍ਹਿਆ। ਕੁਝ ਪਲ ਖੜ੍ਹਾ ਵੇਖਦਾ ਰਿਹਾ। ਹੌਲ਼ੀ ਹੌਲ਼ੀ ਉਸਦਾ ਹੱਥ ਸਰਕਿਆ। ਉਸਨੇ ਜੇਬ ਵਿਚੋਂ ਟੌਫੀ ਕੱਢ ਮੁੰਡੇ ਦੀ ਚਿਖਾ ਵਿਚ ਛਾਲ ਮਾਰ ਦਿੱਤੀ।

“ਓਏ...ਰੋਕੋ...ਫੜੋ...ਬਾਹਰ ਕੱਢੋ...!” ਬਾਹਰ ਕੱਢਦਿਆਂ ਕੱਢਦਿਆਂ ਉਹ ਬੁਰੀ ਤਰ੍ਹਾਂ

ਝੁਲਸ ਚੁੱਕਾ ਸੀ।

ਜਿਸ ਹਸਪਤਾਲ ਵਿਚ ਉਹ ਬਾਪ ਵਾਲੀ ਨੌਕਰੀ ਕਰਦਾ ਸੀ, ਉਸਦੇ ਮੁਰਦਾ-ਘਰ ਵਿਚ ਉਸ ਦੀ ਲਾਸ਼ ਪਈ ਸੀ।

"ਚੰਗਾ ਹੋਇਆ ਪਿੰਡਾ ਛੁੱਟ ਗਿਆ...!" ਉਸਦੀ ਮੌਤ ਦੀ ਖ਼ਬਰ ਸੁਣ ਹੱਸ ਹੱਸ ਗੁਲਾਬ ਕੁਰ ਦਾ ਢਿੱਡ ਦੁਖਣ ਲੱਗ ਪਿਆ।

ਉਸ ਤੋਂ ਚੋਰੀ ਪੰਚਾਇਤ ਨੂੰ ਆਖ ਮੈਂ ਪਿੰਡ ਵਿਚ ਉਸਦਾ ਸਸਕਾਰ ਕਰਵਾ ਦਿੱਤਾ ਸੀ।

"ਨੀ ਗੁਲਾਬ ਕੁਰੇ!.... ਆਹ ਭਾਗ ਨੇ ਕੀ ਜੱਗੋਂ ਤੇਰ੍ਹਵੀਂ ਕਰਤੀ...!" ਜੀਤੋ ਚੁਗਲ ਦੀ ਗੱਲ ਸੁਣ ਗੁਲਾਬ ਕੁਰ ਭੂਚਾਲ ਆਈ ਧਰਤੀ ਵਾਂਗ ਕੰਬ ਉੱਠੀ।

ਥੂਹ-ਥੂਹ ਕਰਦੀ ਮੈਨੂੰ ਧੱਕੇ ਮਾਰਨ ਲੱਗੀ, "ਜਾਹ ਨਿੱਕਲ ਜਾ ਐਥੋਂ!...ਜੁਆਈ ਐਂ!... ਤੈਨੂੰ ਤਾਂ ਮੈਂ ਮਰਨ ਦੀ ਬਦ ਦੁਆ ਵੀ ਨਹੀਂ ਦੇ ਸਕਦੀ...!"

"ਕੋਈ ਨਾ ਗੁਲਾਬ ਕੁਰੇ!... ਜੇ ਧਰਤੀ ਬੇਗਾਨੀ ਸੀ!...ਬੀਜ ਤਾਂ ਆਪਣਾ ਈ ਸੀ...!" ਢਿੱਲਾ ਹੋਇਆ ਪਰਨਾ ਲਪੇਟਦਾ ਮੈਂ ਬੱਸ ਅੱਡੇ ਤਕ ਜਾ ਰਾਤ ਨੂੰ ਫਿਰ ਘਰ ਪਰਤ ਆਇਆ ਸੀ।

"ਉਹ ਸੱਚੀਂ ਪਰਤ ਆਇਆ ਸੀ...!" ਅੱਖਾਂ ਸਾਫ ਕਰ ਅੱਕਰਮਾਸ਼ੀ ਮੇਰੇ ਵੱਲ ਗਹੁ ਨਾਲ ਝਾਕਿਆ।

ਉਸਦੀ ਝਾਕਣੀ ਵਿਚ ਸਵਾਲ ਸੀ। ਮੈਂ ਆਖਰੀ ਲਕੀਰ ਵੱਲ ਵੇਖ ਜਵਾਬ ਦਿੱਤਾ, "ਹਾਂ....!"

"ਜਦੋਂ ਮੇਰੀ ਚਿਖਾ ਬਲ਼ ਰਹੀ ਸੀ!.... ਤੂੰ ਸੱਚੀਂ ਉਸਨੂੰ ਹੱਸਦਾ ਵੇਖਿਆ ਸੀ...!" ਪੱਕ ਕਰਨ ਲਈ ਉਸਨੇ ਇਕ ਵਾਰ ਫਿਰ ਪੁੱਛਿਆ।

ਮੈਂ ਉਸ ਵੱਲ ਨੂੰ ਤੁਰ ਪਿਆ, "ਹਾਂ!... ਉਹਨੇ ਤੈਨੂੰ ਵੀ ਕਿਹਾ ਸੀ ਅੰਕਲ ਸਮਾਈਲ ਪਲੀਜ਼...!"

"ਤਾਂ ਫਿਰ ਨਾ ਹੱਸਣ ਵਾਲਿਆਂ ਦੀਆਂ ਜਿੰਨੀਆਂ ਲਕੀਰਾਂ ਕੱਟੀਆਂ ਨੇ!... ਉਹਨਾਂ ਕੋਲ਼ ਇਕ ਲਕੀਰ ਮਾਰ ਦੇਵੀਂ...!" ਮੈਨੂੰ ਕੋਲਾ ਫੜਾ ਉਹ ਰਾਖ ਵਾਂਗ ਢੇਰੀ ਹੋ ਗਿਆ।

ਮੈਂ ਉਸਦੀ ਰਾਖ ਦੀ ਢੇਰੀ ਦੇ ਐਨ ਉੱਪਰ ਇਕ ਹੱਸਦੀ ਹੋਈ ਲਕੀਰ ਮਾਰ ਦਿੱਤੀ।

"ਚੱਲ ਹੁਣ ਤੂੰ ਵੀ ਹੱਸ ਪੈ...!" ਗੁਲਾਬ ਕੁਰ ਨੇ ਮੇਰੀ ਪਿੱਠ ਉਪਰ ਕਾਟੀ ਮਾਰ ਦਿੱਤੀ।

ਉਸਦੇ ਹੱਥ ਵਿਚ ਸਿਵੇ ਦੀ ਲੱਕੜੀ ਦਾ ਕੋਲਾ ਸੀ।

0 0 0

"ਜਦੋਂ ਬਿੰਜਲ ਦਾ ਸਿਵਾ ਠੰਡਾ ਹੋਇਆ!... ਮੈਂ ਉਸ ਵਿਚੋਂ ਕੋਲੇ ਚੁਰਾ ਲਿਆਈ ਸੀ...!" ਮੂੰਹ ਵਿਚ ਕੋਲਾ ਪਾਉਂਦੀ ਗੁਲਾਬ ਕੁਰ ਨੇ ਤਸਲੀ ਵੱਲ ਸੈਨਤ ਮਾਰੀ।

ਮੈਂ ਉਸਦੇ ਬੁੱਲ੍ਹਾਂ ਦੀ ਕਾਲਖ ਵੱਲ ਵੇਖਣ ਲੱਗਾ, "ਇਹ ਉਹ ਕੋਲੇ ਤਾਂ ਨੀ!... ਉਹ ਤਾਂ ਕਦੋਂ ਦੇ ਮੁੱਕਗੇ ਹੋਣੇ ਨੇ...!"

"ਉਹ ਤਾਂ ਮੁੱਕਗੇ ਕਦੋਂ ਦੇ!...ਪਰ ਉਹ ਗੱਲ ਨੀ ਮੁੱਕੀ...!" ਉਸਦੀ ਅਵਾਜ਼ ਵਿਚ ਕਿਰਕਲ ਰਲਣ ਲੱਗੀ।

ਮੇਰੀ ਨਜ਼ਰ ਕਾਲ਼ੀ ਦੰਦਰਾਲ ਉਪਰ ਜਾ ਟਿੱਕੀ, "ਫਿਰ ਕਿਵੇਂ ਮੁੱਕੂ ਗੱਲ...!"

"ਹੂੰਅ ਗੱਲ!...ਮੈਂ ਮੁਕਾ ਕੇ ਛੱਡੂ...!" ਉਹ ਹੱਥ ਝਾੜ ਉੱਠ ਕੇ ਖੜ੍ਹੀ ਹੋ ਗਈ।

ਉਸ ਵੱਲ ਵੇਖ ਡੇਕ ਹੇਠਾਂ ਖੜ੍ਹਾ ਬੱਚਾ ਬੈਠ ਗਿਆ। ਗੁਲਾਬ ਕੁਰ ਉੱਚੀ-ਉੱਚੀ ਬੋਲਣ ਲੱਗੀ, "ਵੇ ਕੀਹਦੈਂ ਤੂੰ!.. ਘਰ ਨੂੰ ਚਲਿਆ ਜਾਹ!... ਤੇਰੀ ਮਾਂ ਉਡੀਕਦੀ ਹੋਊ...!"

"ਉਹ ਨਹੀਂ ਉਡੀਕਦੀ!...ਮੈਂ ਤਾਂ ਮਰ ਗਿਆ ਸੀ...!" ਆਹੂਤੀ ਬੱਚਾ ਸਿਸਤ ਬੰਨ੍ਹ ਉਸਦੇ

ਢਿੱਡ ਵੱਲ ਵੇਖਣ ਲੱਗਾ।

ਉਸ ਦੀਆਂ ਅੱਖਾਂ ਮੇਰੇ ਵਾਂਗ ਘਾਤ ਲਾਈਂ ਬੈਠੀਆਂ ਸਨ। ਮੈਨੂੰ ਗੁਲਾਬ ਕੁਰ ਦਾ ਫਿਕਰ ਸੀ। ਉਸਦੀ ਹਾਲਤ ਵੇਖੀ ਨਹੀਂ ਸੀ ਜਾਂਦੀ। ਮੈਂ ਜਦੋਂ ਵੀ ਵੇਖਦਾ, ਉਹ ਬਾਹਰਲੇ ਗੇਟ ਵੱਲ ਵੇਖ ਰਹੀ ਹੁੰਦੀ। ਉਸ ਦੀਆਂ ਅੱਖਾਂ ਵਿਚ ਉਡੀਕ ਹੁੰਦੀ। ਜਿਸ ਪਲ ਕੋਈ ਖੇਡਦਾ ਬੱਚਾ ਅੰਦਰ ਆ ਵੜਦਾ, ਉਹ ਪਹਿਲਾਂ ਤਾਂ ਖੁਸ਼ ਹੁੰਦੀ। ਫਿਰ ਗਾਲ੍ਹਾਂ ਕੱਢਣ ਲੱਗ ਪੈਂਦੀ, “ਵੇ ਤੂੰ ਜਾਨੈਂ ਕਿ ਨਹੀਂ!...ਨਿੱਕਲਦੈਂ ਬਾਹਰ ਕਿ ਮਾਰਾਂ ਗਿੱਟਿਆਂ ’ਤੇ...!”

ਗਾਲ੍ਹਾਂ ਸੁਣ ਖੇਡਦਾ ਬੱਚਾ ਦੌੜ ਜਾਂਦਾ। ਉਹ ਫਿਰ ਉਡੀਕਣ ਲੱਗਦੀ। ਸੂਰਜ ਛਿਪ ਜਾਂਦਾ। ਰਾਤ ਹੋ ਜਾਂਦੀ। ਅੱਧੀ ਕੁ ਰਾਤ ਉਹ ਸੁੱਤੀ ਪਈ ਆਵਾਜ਼ਾਂ ਮਾਰਨ ਲੱਗਦੀ, “ਵੇ ਕੋਈ ਤਾਂ ਆਜੋ...!”

“ਹੁਣ ਨੀ ਮੈਂ ਆਉਂਦਾ...!” ਜਿਸ ਵਕਤ ਉਸਦੀ ਕੁੱਖ ਵਿਚ ਮੋਇਆ ਬੱਚਾ ਬੋਲਣ ਲੱਗਦਾ, ਉਹ ਢਿੱਡ ਫੜ ਦੂਹਰੀ ਹੋ ਜਾਂਦੀ, “ਤੇਰਾ ਕੱਖ ਨਾ ਰਹੇ ਬਿੰਜਲਾ!... ਸੱਤ ਜਨਮਾਂ ਤਕ ਢੋਈ ਨਾ ਮਿਲੇ...!”

“ਬਾਪੂ ਨੇ ਪਤਾ ਨੀ ਕੈਸੀ ਲੱਤ ਮਾਰੀ ਸੀ ਮਾਂ!... ਮੈਨੂੰ ਅਜੇ ਤਕ ਢੋਈ ਨੀ ਮਿਲੀ...!” ਜਿਸ ਪਲ ਮੋਏ ਬੱਚੇ ਦੀ ਰੂਹ ਹਵਾ ਵਿਚ ਭਟਕਣ ਲੱਗਦੀ, ਗੁਲਾਬ ਕੁਰ ਵਾਲ ਖੋਲ੍ਹ ਸਿਰ ਘੁੰਮਾਉਣ ਲੱਗਦੀ। ਅੱਖਾਂ ਸੁਰਖ ਹੋ ਜਾਂਦੀਆਂ। ਮੂੰਹ ਵਿਚੋਂ ਪਾਣੀ ਡਿੱਗਣ ਲੱਗਦਾ। ਉਹ ਬੇਸੁਰਤ ਹੋ ਡਿੱਗ ਪੈਂਦੀ। ਮੈਂ ਸਾਰੀ ਰਾਤ ਉਸਦੀ ਮੁਕਤੀ ਬਾਰੇ ਸੋਚਦਾ ਰਹਿੰਦਾ। ਪਰ ਸਵੇਰ ਹੋਣ ਤਕ ਕੋਈ ਰਾਹ ਨਜ਼ਰ ਨਾ ਆਉਂਦਾ।

“ਰਾਹ ਤਾਂ ਹੈਗਾ!... ਤੂੰ ਕਾਲ਼ੀਆ ਡਕੌਂਤ ਕੋਲ਼ ਜਾਈਂ!... ਤੇਰਾ ਮਸਲਾ ਹੱਲ ਹੋਜੂ...!” ਇਕ ਰਾਤ ਪਿਛਲੀਆਂ ਭੁਲਾ ਮੈਂ ਜੀਤੋ ਚੁਗਲ ਦੀ ਗੱਲ ਮੰਨ, ਪਿੰਡ ਤੋਂ ਬਾਹਰ ਸ਼ਮਸ਼ਾਨਘਾਟ ਵਿਚ ਚਲਾ ਗਿਆ। ਉੱਥੇ ਬਣੇ ਕਮਰੇ ਅੱਗੇ ਮੰਜੀ ’ਤੇ ਕਾਲ਼ੀਆ ਡਕੌਂਤ ਬੈਠਾ ਸੀ। ਉੱਚੀ ਲੰਬੀ ਦੇਹ। ਲੰਬੀ ਕਾਲੀ ਦਾੜ੍ਹੀ। ਸਫੈਦ ਮੁੱਛਾਂ। ਮੱਥੇ ਤਿਲਕ। ਸਿਰ ਤੋਂ ਗੰਜਾ। ਗੇਰੂਆ ਕੁੜਤਾ ਪਜਾਮਾ ਪਾਈਂ ਉਹ ਗਲ਼ ਪਾਈ ਮਾਲਾ ਨਾਲ ਖੇਡ ਰਿਹਾ ਸੀ।

“ਆ ਬਈ ਭਾਗ ਸਿਆਂ...!” ਮੇਰੀ ਪੈੜ-ਚਾਲ ਸੁਣ ਉਸਨੇ ਸੁਰਖ ਅੱਖਾਂ ਖੋਲ੍ਹੀਆਂ।

ਮੈਂ ਉਸਦੇ ਸਾਹਮਣੇ ਪੈਰਾਂ ਭਾਰ ਬੈਠ ਗਿਆ, “ਆਏ ਮਾਹਰਾਜ....!”

“ਕਿਵੇਂ ਆਉਣੇ ਹੋਏ...!” ਸਿੱਧਾ ਸਵਾਲ ਕਰ ਉਹ ਮੇਰਾ ਮੱਥਾ ਪੜ੍ਹਨ ਲੱਗ ਪਿਆ।

ਮੈਂ ਗੁਲਾਬ ਕੁਰ ਦੀਆਂ ਰਾਤਾਂ ਦੀ ਕਹਾਣੀ ਸੁਣਾਉਣ ਲੱਗਾ, “ਉਹਨੂੰ ਮਰੇ ਹੋਏ ਬੱਚੇ ਦੀ ਰੂਹ ਤੰਗ ਕਰਦੀ ਐ!... ਕੋਈ ਉਪਾਅ...!”

“ਉਪਾਅ ਹੋਜੂ ਭਾਗ ਸਿਆਂ!... ਉਹ ਰੂਹ ਆਹੂਤੀ ਮੰਗਦੀ ਐ!...ਇਕ ਬੱਚਾ!... ਕੁਝ ਸਮੱਗਰੀ!... ਜਿਸ ਦਿਨ ਬੰਦੋਬਸਤ ਹੋ ਗਿਆ ਆ ਜਾਈਂ...!” ਆਹੂਤੀ ਦੀ ਗੱਲ ਸੁਣ ਮੈਂ ਧੁਰ ਤੱਕ ਹਿੱਲ ਗਿਆ।

ਪਰ ਗੁਲਾਬ ਕੁਰ ਨੂੰ ਭਟਕਦੀ ਰੂਹ ਤੋਂ ਬਚਾਉਣਾ ਜ਼ਰੂਰੀ ਸੀ। ਕਿੰਝ ਬਚਾਵਾਂ! ਕੀ ਕਰਾਂ। ਦਿਨ ਰਾਤ ਸੋਚਦਾ ਰਹਿੰਦਾ। ਇਕ ਦਿਨ ਦਿਲ ਕਰੜਾ ਕਰ ਮੈਂ ਜੀਤੋ ਚੁਗਲ ਨਾਲ ਗੱਲ ਕੀਤੀ। ਉਹ ਕੰਧਾਂ ਵੱਲ ਵੇਖ ਦੱਸ ਪਾਉਣ ਲੱਗੀ, ‘ਵੇਖੀਂ ਨਾਗੀ ਪੂਰਬੀਏ ਦਾ ਬੱਚਾ ਪਾਗਲ ਈ ਐ!... ਮੈਂ ਉਸ ਨਾਲ ਗੱਲ ਕਰਦੀ ਆਂ!... ਨਾਲੇ ਜਵਾਕ ਦੀ ਮੁਕਤੀ ਹੋਜੂ...!”

“ਨਾਗੀ ਪੰਜਾਹ ਹਜ਼ਾਰ ਮੰਗਦਾ!... ਕਰ ਦਿਆਂ ਗੱਲ ਪੱਕੀ...!” ਉਸ ਨੂੰ ਹਾਂ ਕਰ ਮੈਂ ਕਾਲ਼ੀਆ ਡਕੌਂਤ ਕੋਲ ਜਾ ਪੁੱਜਾ ਸੀ।

ਆਪਣੀ ਫੀਸ ਲੈ ਉਸਨੇ ਆਹੂਤੀ ਦੀ ਰਾਤ ਪੱਕੀ ਕਰ ਦਿੱਤੀ। ਉਹ ਅੱਧੀ ਰਾਤ ਨੂੰ

ਆਇਆ। ਗੁਲਾਬ ਕੁਰ ਸੁੱਤੀ ਪਈ ਸੀ। ਡਕੌਂਤ ਨੇ ਉਸ ਨੂੰ ਇਕ ਭਸਮ ਸੁੰਘਾ ਦਿੱਤੀ, "ਲੈ ਭਾਗ ਸਿਆਂ!... ਇਹ ਨੀ ਉੱਠਦੀ ਸਵੇਰ ਤਕ...!"

ਉਸਦੀ ਗੱਲ ਸੁਣ ਮੈਂ ਡਰ ਮੁਕਤ ਹੋ ਗਿਆ। ਉਹ ਵਿਹੜੇ ਵਿਚਕਾਰ ਮੰਡਪ ਸਜਾਉਣ ਲੱਗਾ। ਮੈਂ ਉਸ ਨੂੰ ਸਮੱਗਰੀ ਫੜਾਉਣ ਲੱਗਾ। ਜਦੋਂ ਉਹ ਦੀਵੇ ਜਗਾ ਰਿਹਾ ਸੀ, ਹੌਲ਼ੀ-ਹੌਲ਼ੀ ਬਾਹਰਲਾ ਗੇਟ ਖੁੱਲ੍ਹਿਆ। ਜੀਤੋ ਚੁਗਲ ਨਾਲ ਨਾਗੀ ਅੰਦਰ ਲੰਘ ਆਇਆ। ਉਸਦੀ ਗੋਦੀ ਚੁੱਕਿਆ ਬੱਚਾ ਸੁੱਤਾ ਪਿਆ ਸੀ। ਉਹ ਮੈਨੂੰ ਫੜਾ ਉਹ ਉਹਨੀਂ ਪੈਰੀਂ ਵਾਪਸ ਪਰਤ ਗਿਆ। ਗੇਟ ਬੰਦ ਹੋਣ ਸਾਰ ਕਾਲ਼ੀਆ ਡਕੌਂਤ ਫੁਰਤੀ ਨਾਲ ਉੱਠਿਆ। ਉਸਨੇ ਪਰਤ ਗਿਆਂ ਦੇ ਪੈਰਾਂ ਦੀ ਮਿੱਟੀ ਚੁੱਕ ਮੰਡਪ ਵਿਚ ਪਾ ਦਿੱਤੀ। ਮੈਨੂੰ ਬੈਠਣ ਦਾ ਇਸ਼ਾਰਾ ਕੀਤਾ। ਮੈਂ ਹੌਲ਼ੀ-ਹੌਲ਼ੀ ਬੈਠ ਗਿਆ। ਉਹ ਇਕ ਰੂੰ ਦੇ ਗੁੱਡੇ ਦੁਆਲ਼ੇ ਸੂਤ ਦਾ ਧਾਗਾ ਲਪੇਟਣ ਲੱਗਾ। ਮੈਂ ਗੋਦੀ ਵਿਚ ਪਿਆ ਬੱਚਾ ਸੰਭਾਲਣ ਲੱਗਾ। ਧਾਗਾ ਲਪੇਟ ਗੁੱਡਾ ਮੇਰੇ ਹੱਥ ਵਿਚ ਫੜਾਉਂਦਾ ਹੋਇਆ ਉਹ ਨਜ਼ਦੀਕ ਆ ਕੇ ਬੈਠ ਗਿਆ, "ਧਿਆਨ ਨਾਲ ਸੁਣ!... ਮੈਂ ਜਦੋਂ ਈ ਬੱਚੇ ਦਾ ਸਿਰ ਕਲਮ ਕੀਤਾ!...ਤੂੰ ਨਾਲ ਦੀ ਨਾਲ ਗੁੱਡੇ ਦੁਆਲੇ ਲਪੇਟਿਆ ਧਾਗਾ ਖੋਲ੍ਹ ਦੇਵੀਂ...!"

"ਅਈ...ਈ...ਈ...ਈ....!!" ਜਿਉਂ ਹੀ ਸਿਰ ਧੜ ਤੋਂ ਅਲੱਗ ਹੋਇਆ, ਧਾਗਾ ਖੋਲ੍ਹਣ ਲੱਗਿਆਂ ਮੇਰੀ ਚੀਕ ਨਿੱਕਲ ਗਈ।

ਕਾਲ਼ੀਆ ਡਕੌਂਤ ਗਰਜਿਆ, "ਖਾਮੋਸ਼!...ਉਸ ਦੀ ਮੁਕਤੀ ਹੋ ਚੁੱਕੀ ਐ...!"

"ਕੀਹਦੀ ਮੁਕਤੀ!.... ਪਹਿਲਾਂ ਇਕ ਭਟਕਦਾ ਸੀ!...ਹੁਣ ਮੇਰੀ ਰੂਹ ਵਿਚ ਦੋ ਬੱਚੇ ਭਟਕ ਰਹੇ ਨੇ...!" ਗੁਲਾਬ ਕੁਰ ਦੀ ਆਵਾਜ਼ ਸੁਣ ਮੰਡਪ ਦੇ ਦੀਵੇ ਬੁਝ ਗਏ।

ਖ਼ੂਨ ਲਿੱਬੜੀ ਛੁਰੀ ਸਿੱਟ ਕਾਲ਼ੀਆ ਡਕੌਂਤ ਰਫ਼ੂ ਚੱਕਰ ਹੋ ਗਿਆ। ਉਸਦੀ ਤਾਂਤਰਿਕ ਵਿੱਦਿਆ ਪੁੱਠੀ ਪੈ ਗਈ ਸੀ। ਕੱਚੇ ਧਾਗੇ ਉੱਪਰ ਚੜ੍ਹ ਆਹੂਤੀ ਬੱਚਾ ਗੁਲਾਬ ਕੁਰ ਕੋਲ ਜਾ ਪੁੱਜਾ ਸੀ।

"ਹਾਂ!... ਹੁਣ ਮੇਰੇ ਐਥੇ ਦੋ ਬੱਚੇ ਦਫਨ ਨੇ...!" ਆਪਣੀ ਛਾਤੀ ਉਪਰ ਹੱਥ ਮਾਰ ਉਸਨੇ ਮੇਰੀ ਛਾਤੀ ਵਿਚ ਦੁਹੱਥੜ ਮਾਰਿਆ।

ਮੈਂ ਪਿੱਛੇ ਨੂੰ ਡਿੱਗਣ ਲੱਗਾ ਸੀ। ਉਸਨੇ ਮੇਰਾ ਗਲ੍ਹਮਾ ਫੜ ਲਿਆ, "ਚੱਲ ਹੁਣ ਜਿਹੜੀ ਹੋਗੀ ਮਿੱਟੀ ਪਾ!... ਫਿਰ ਵੀ ਜੁਆਈ ਭਾਈ ਐਂ...!"

"ਚੱਲ ਆ ਹੁਣ ਇਹਦੀ ਮਿੱਟੀ ਕਿਉਂਟ ਦੀਏ...!" ਮੈਨੂੰ ਨਾਲ ਲਾ ਉਸਨੇ ਰਾਤੋ ਰਾਤ ਸ਼ਮਸ਼ਾਨਘਾਟ ਚਿੰ ਲਾਸ਼ ਨੂੰ ਲਾਂਬੂ ਲਾ ਦਿੱਤਾ।

ਜੀਤੋ ਚੁਗਲ ਦਾ ਮੂੰਹ ਬੰਦ ਕਰ ਦਿੱਤਾ। ਕਾਲ਼ੀਆ ਡਕੌਂਤ ਪਿੰਡ ਛੱਡ ਭੱਜ ਗਿਆ। ਪਰ ਮੈਂ ਨਹੀਂ ਸੀ ਭੱਜ ਸਕਿਆ।

"ਤੈਨੂੰ ਨੀ ਭੱਜਣ ਦਿੰਦੀ ਪ੍ਰਾਹੁਣਿਆ...!" ਗੁਲਾਬ ਕੁਰ ਮੇਰੇ ਪੈਰਾਂ ਦੀਆਂ ਬੇੜੀਆਂ ਬਣ ਗਈ ਸੀ।

ਉਹ ਮੱਖੀ ਬਣ ਕੰਨਾਂ ਕੋਲ ਭੀਂ-ਭੀਂ ਕਰਦੀ ਰਹਿੰਦੀ। ਦਿਨ ਵਿਚ ਉੱਡ ਜਾਂਦੀ। ਰਾਤ ਨੂੰ ਤੰਗ ਕਰਦੀ। ਮੈਂ ਪੂਰੀ ਵਾਹ ਲਾਉਂਦਾ, ਉਹ ਫੜੀ ਨਾ ਜਾਂਦੀ। ਹਾਰ ਕੇ ਅੱਖਾਂ ਬੰਦ ਕਰ ਪੈ ਜਾਂਦਾ। ਗੁਲਾਬ ਕੁਰ ਵੀ ਪੈ ਜਾਂਦੀ। ਉਹ ਸਿਰਹਾਣੇ ਹਥੌੜੀ ਨਾਲ ਕਿੱਲ ਰੱਖ ਕੇ ਪੈਂਦੀ। ਮੈਨੂੰ ਉਸ ਤੋਂ ਡਰ ਆਉਂਦਾ। ਜਦੋਂ ਅੱਖ ਲੱਗਦੀ, ਸਿਰ ਵਿਚ ਕਿੱਲ ਠੋਕਣ ਦੀ ਆਵਾਜ਼ ਸੁਣਾਈ ਦਿੰਦੀ। ਮੇਰੀ ਅੱਖ ਖੁੱਲ੍ਹ ਜਾਂਦੀ। ਚੋਰ ਅੱਖ ਨਾਲ ਗੁਲਾਬ ਕੁਰ ਦੇ ਮੰਜੇ ਵੱਲ ਵੇਖਦਾ। ਉਹ ਘੂਕ ਸੁੱਤੀ ਪਈ ਹੁੰਦੀ। ਕਈ ਵਾਰ ਸੁੱਤੀ ਪਈ ਖੁਦ ਨਾਲ ਹੀ ਗੱਲਾਂ ਕਰਨ ਲੱਗਦੀ, "ਅੱਜ ਭਲਾਂ ਕੀਹਦੀ ਵਾਰੀ ਐ...!"

"ਚੱਲ ਭਾਗ ਸਿਆਂ!...ਅੱਜ ਤੇਰੀ ਵਾਰੀ ਐ...!" ਇਕ ਰਾਤ ਉਸਦੀ ਅਵਾਜ਼ ਸੁਣ ਮੇਰੀ ਅੱਖ ਖੁੱਲ੍ਹ ਗਈ।

ਉਹ ਘੂਕ ਸੁੱਤੀ ਪਈ ਸੀ। ਮੈਂ ਹੌਲ਼ੀ ਹੌਲ਼ੀ ਉੱਠਿਆ। ਹਵਾ ਵਿਚ ਪੈਰ ਰੱਖਦਾ ਗੁਲਾਬ ਕੁਰ ਦੇ ਸਿਰਹਾਣੇ ਵਾਲੇ ਪਾਸੇ ਜਾ ਖੜ੍ਹਿਆ।

ਕੰਬਦੇ ਹੱਥਾਂ ਨਾਲ ਕਿੱਲ ਚੁੱਕਿਆ। ਹਥੌੜੀ ਚੁੱਕੀ। ਸਿਰ ਦੇ ਐਨ ਵਿਚਕਾਰ ਕਿੱਲ ਰੱਖ ਜੋਰ ਦੀ ਸੱਟ ਮਾਰ ਦਿੱਤੀ।

"ਹਾਏ ਵੇ ਮਾਰਤੀ...!" ਚੀਕ ਨਿੱਕਲਣ ਤੋਂ ਪਹਿਲਾਂ ਹੀ ਉਹ ਸਦਾ ਦੀ ਨੀਂਦ ਸੌਂ ਗਈ।

ਮੇਰੇ ਹੱਥ ਚੋਂ ਹਥੌੜੀ ਡਿੱਗ ਪਈ। ਮੈਂ ਉਸਦੀ ਲਾਸ਼ ਕੋਲ਼ ਬੈਠ ਰੋਣ ਲੱਗ ਪਿਆ।

ਮੋਇਆ ਬੱਚਾ ਤਾੜੀਆਂ ਵਜਾਉਣ ਲੱਗ ਪਿਆ। ਉਸਦੀ ਤੜਾਗੀ ਦੇ ਘੁੰਗਰੂ ਛਣਕਣ ਲੱਗ ਪਏ।

ਉਹ ਪੈਰਾਂ ਤੋਂ ਬਗ਼ੈਰ ਬਾਹਰਲੇ ਗੇਟ ਵੱਲ ਨੂੰ ਤੁਰਿਆ ਜਾ ਰਿਹਾ ਸੀ।

0 0 0

"ਪੈਰਾਂ ਦੇ ਨਿਸ਼ਾਨ ਤਾਂ ਕਿਤੇ ਨਹੀਂ!... ਰਾਤ ਇਹ ਟੂਣਾ ਕੌਣ ਕਰ ਗਿਆ...!" ਡਰੀਆਂ ਹੋਈਆਂ ਆਵਾਜ਼ਾਂ ਸੁਣ ਮੇਰੀ ਅੱਖ ਖੁੱਲ੍ਹ ਗਈ।

ਸੁੱਤੀ ਜਾਗਦੀ ਰਾਤ ਦੀ ਸਵੇਰ ਹੋ ਗਈ ਸੀ। ਡੇਕ 'ਤੇ ਬੈਠੀਆਂ ਚਿੜੀਆਂ ਚੀਂ-ਚੀਂ ਕਰ ਰਹੀਆਂ ਸਨ। ਬੀਹੀ ਵਿਚ ਖੜ੍ਹੇ ਲੋਕ ਗੱਲਾਂ ਕਰ ਰਹੇ ਸਨ।

ਮੈਂ ਮੂੰਹ ਉਪਰ ਹੱਥ ਫੇਰਿਆ। ਸਿਰ 'ਤੇ ਪਰਨਾ ਲਪੇਟਿਆ। ਪੈਰੀਂ ਜੁੱਤੀ ਪਾ ਬਾਹਰਲੇ ਗੇਟ ਵੱਲ ਨੂੰ ਤੁਰ ਪਿਆ।

ਵਿਹੜੇ ਵਿਚ ਜਿਸ ਥਾਂ ਕਾਲ਼ੀਆ ਡਕੌਂਤ ਨੇ ਨਾਗੀ ਦਾ ਬੱਚਾ ਵੱਢਿਆ ਸੀ, ਉਸ ਥਾਂ ਜਾ ਮੇਰੀ ਕਾਇਆ ਪਲਟਣ ਲੱਗ ਪਈ।

ਪੈਰਾਂ ਦੀ ਜੁੱਤੀ ਚੱਪਲਾਂ ਵਿਚ ਬਦਲ ਗਈ। ਮੇਰੀ ਤੋਰ ਬਦਲ ਗਈ। ਮੈਂ ਲੱਕ ਮਾਰ-ਮਾਰ ਤੁਰਨ ਲੱਗਾ।

ਸਿਰ ਤੋਂ ਪਰਨਾ ਉੱਤਰ ਗਿਆ। ਮੈਂ ਚੁੰਨੀ ਦੀ ਬੁੱਕਲ ਮਾਰ ਲਈ।

ਗੇਟ ਤੋਂ ਪਾਰ ਕੋਈ ਮੈਨੂੰ ਆਵਾਜ਼ਾਂ ਮਾਰ ਰਿਹਾ ਸੀ, "ਆ....ਜਾ.....ਮਾਂ....!"

"ਆਉਨੀ ਆਂ...!" ਕੁੜਤੀ ਦਾ ਪੱਲਾ ਠੀਕ ਕਰ ਮੈਂ ਗੇਟ ਦਾ ਕੁੰਡਾ ਖੋਲ੍ਹ ਦਿੱਤਾ।

ਮੈਨੂੰ ਵੇਖ ਲੋਕਾਂ ਦੀ ਜ਼ੁਬਾਨ ਠਾਕੀ ਗਈ। ਮੈਂ ਬੀਹੀ ਵਿੱਚ ਰੱਖੀ ਸਮੱਗਰੀ ਵੇਖ ਸੁੰਨ ਹੋ ਗਈ।

ਬੀਹੀ ਦੇ ਐਨ ਵਿੱਚਕਾਰ ਹਲ਼ਦੀ ਸੰਧੂਰ ਦਾ ਘੇਰਾ ਸੀ। ਉਸ ਵਿਚ ਨਾਰੀਅਲ, ਖੰਮਣੀ ਤੇ ਸਿੱਕੇ ਪਏ ਸਨ।

ਜਿਸ ਥਾਂ ਖ਼ੂਨ ਦੇ ਛਿੱਟੇ ਪਏ ਸਨ। ਉਸ ਥਾਂ ਤੋਂ ਰੂੰ ਦਾ ਗੁੱਡਾ ਚੁੱਕ ਮੈਂ ਛਾਤੀ ਨਾਲ ਲਾ ਲਿਆ।

ਮੇਰੀ ਛਾਤੀ ਛਲਕ ਉੱਠੀ। ਲੋਕਾਂ ਵੱਲ ਪਿੱਠ ਕਰ ਮੈਂ ਅੰਦਰ ਨੂੰ ਤੁਰ ਪਈ।

ਜਦੋਂ ਗੇਟ ਦਾ ਕੁੰਡਾ ਲਗਾਉਣ ਲੱਗੀ, ਬੀਹੀ ਵਿਚੋਂ ਇਕ ਸਵਾਲ ਮੇਰੀ ਪਿੱਠ ਵਿਚ ਆ ਵੱਜਿਆ, "ਤੂੰ ਤਾਂ ਉਸ ਰਾਤ ਮਰ ਗਈ ਸੀ...!!"

"ਮਰਿਆ ਤਾਂ ਭਾਗ ਸੀ...!" ਰੂੰ ਦਾ ਗੁੱਡਾ ਚੁੰਮ ਮੈਂ ਕਾਲ਼ੇ ਬੁੱਲ੍ਹਾਂ ਉਪਰ ਜੀਭ ਫੇਰਨ ਲੱਗੀ

ਮੇਰੀ ਨਜ਼ਰ ਪੀੜ੍ਹੀ ਕੋਲ਼ ਪਈ ਕੋਲਿਆਂ ਦੀ ਤਸਲੀ ਉਪਰ ਜਾ ਟਿਕੀ।

ਉਸ ਹੇਠਾਂ ਭਾਗ ਦਾ ਪਰਨਾ ਵਿਛਿਆ ਹੋਇਆ ਸੀ। 000

***(ਸ਼ਾਨ ਵਿਲਾ, ਪਿੰਡ ਤੇ ਡਾਕਖਾਨਾ ਅਮਰਗੜ੍ਹ, ਜ਼ਿਲ੍ਹਾ ਸੰਗਰੂਰ-148 022***
***ਫੋਨ: 98156-59220)***

# ਆਖ਼ਰੀ ਚੀਕ: ਕਹਾਣੀ: ਚਰਨਜੀਤ ਸਿੰਘ ਪੰਨੂ

ਸੈੱਲ ਫ਼ੋਨ ਦਾ ਸਨਸਨੀਖ਼ੇਜ਼ ਸੁਨੇਹਾ, 'ਭਾਰਗੋ ਡੈੱਡ।' ਪੜ੍ਹ ਕੇ ਮੈਨੂੰ ਅਚੰਭਾ ਜਿਹਾ ਹੋਇਆ। ਮੈਂ ਯਾਦ ਕਰਨ ਦੀ ਕੋਸ਼ਿਸ਼ ਕੀਤੀ।

'ਕੌਣ ਭਾਰਗੋ?' ਜਿਵੇਂ ਕਿਸੇ ਪੁਰਾਣੇ ਵੀਰਾਨ ਪਏ ਛੱਡੇ ਹੋਏ ਖ਼ੂਹ ਵਿਚ ਕਿਸੇ ਨੇ ਢੇਮ ਸੁੱਟ ਮਾਰੀ ਹੋਵੇ, ਮੈਂ ਆਪਣੀਆਂ ਪੁਰਾਣੀਆਂ ਯਾਦਾਂ ਦੇ ਪੰਨੇ ਪਲਟਦਾ, ਪੁਰਾਣੇ ਜ਼ਖ਼ਮਾਂ ਦੇ ਭਰ ਚੁੱਕੇ ਅੰਗੂਰ ਸਹਿਲਾਉਂਦਾ, ਕੁੱਝ ਕੁੱਝ ਲੱਭਣ ਦੀ ਕੋਸ਼ਿਸ਼ ਕਰਨ ਲੱਗਾ।

'ਹਾਂ!... ਸੀ...ਯਾਦ ਆਇਆ, ਇਕ ਸੀ.. ਭਾਰਗੋ! ਚਾਲ਼ੀ ਸਾਲ ਪਹਿਲਾਂ! ਉਹੀ ਹੋਵੇਗਾ। ਮੇਰਾ ਕੁਲੀਗ ਸੀ, ਉਸਤਾਦ ਵੀ ਸੀ, ਉਸੇ ਨੇ ਹੀ ਮੈਨੂੰ ਨੌਕਰੀ ਦੇ ਕਾਇਦੇ-ਕਾਨੂੰਨ ਤੇ ਦਾਅ-ਪੇਚ ਸਮਝਾਏ ਸਨ। ਉਹ ਆਪਣੇ ਆਪ ਨੂੰ ਬਹੁਤ ਫੰਨੇ ਖ਼ਾਂ ਸਮਝਦਾ ਸੀ। ਹੈਟ ਪਾਉਂਦਾ ਸੀ, ਬੜੀ ਸੁਹਣੀ ਸੁੰਦਰ ਗੋਰਿਆਂ ਵਰਗੀ ਲਾਲ-ਲੁੱਗੜ੍ਹ ਮਿਕਨਾਤੀਸੀ ਸ਼ਖ਼ਸੀਅਤ ਦਾ ਮਾਲਕ ਸੀ। ਉਸ ਦੀ ਆਕਰਸ਼ਕ ਤੇ ਪ੍ਰਭਾਵਸ਼ਾਲੀ ਦਿੱਖ ਵੇਖ ਕੇ ਡੀ.ਸੀ. ਵੀ ਉਸ ਦਾ ਆਦਰ ਮਾਣ ਕਰਨ ਲਈ ਆਪਣੀ ਸੀਟ ਤੋਂ ਉੱਠ ਖੜ੍ਹਾ ਹੁੰਦਾ ਸੀ, ਪਰ ਜਦੋਂ ਉਹ ਮੂੰਹੋਂ ਬੋਲਦਾ, ਆਪਣਾ ਤੁਆਰਫ਼ ਕਰਾਉਂਦਾ, 'ਆਈ ਹਿਮਸੈਲਫ ਇੰਸਪੈਕਟਰ ਭਾਰਗੋ', ਅੰਗਰੇਜ਼ੀ ਵਿਚੋਂ ਉਸ ਦਾ ਹੱਥ ਤੰਗ ਸੀ, ਤਾਂ 'ਹੈ ਤੇਰੇ ਦੀ...ਜਾਓ ਬਾਹਰ ਬੈਠੋ...ਠਹਿਰ ਕੇ ਆਉਣਾ।' ਸਾਹਿਬ ਦੀ ਮੂੰਹ ਬੋਲੀ ਫਿਟਕਾਰ ਉਸ ਦੇ ਚੌਕੀਦਾਰ ਦਾ ਵੀ ਮੂੰਹ ਥਪੇੜ ਜਾਂਦੀ, ਜਿਸ ਨੇ ਬਿਨਾਂ ਕੁੱਝ ਸੁਣੇ ਪੁੱਛੇ ਉਸ ਨੂੰ ਅੰਦਰ ਲੰਘਣ ਦਿੱਤਾ।

'ਉਹ ਤਾਂ ਕਦੇ ਦਾ ਮਰ ਚੁੱਕਾ ਹੋਵੇਗਾ, ਬੜਾ ਬਿਮਾਰ ਸੀ। ਉਸ ਨੂੰ ਕੋਈ ਅਵੱਲੀ ਕਸਰ ਪੈ ਗਈ ਸੀ। ਮਾਰੂ ਬਿਮਾਰੀ ਹੋ ਗਈ ਸੀ, ਜਿਸ ਨਾਲ ਉਸ ਦਾ ਸਾਰਾ ਸਰੀਰ ਔੜ ਮਾਰੀ ਜ਼ਮੀਨ ਵਾਂਗ ਪਾਟ ਗਿਆ ਸੀ ਤੇ ਡਾਕਟਰਾਂ ਨੇ ਜੁਆਬ ਦੇ ਦਿੱਤਾ ਸੀ।' ਬਹੁਤ ਦੇਰ ਪਹਿਲਾਂ ਮੈਂ ਸੁਣਿਆ ਸੀ।... ਫ਼ੋਨ ਦੀ ਫਿਰ ਘੰਟੀ ਵੱਜੀ।

'ਹਾਂ...ਹਾਂ...ਜੀ...ਹਰਭਾਨ! ਮੈਂ ਪਛਾਣ ਲਿਆ...ਹਾਂ? ਕਿੱਦਾਂ? ਕਿੱਥੋਂ ਬੋਲਦਾਂ? ਬਿਨ ਬਾਦਲ ਬਰਸਾਤ! ਕਿਵੇਂ ਯਾਦ ਆ ਗਿਆ ਏਨੇ ਚਿਰ ਪਿੱਛੋਂ?'

'... ...।'

'ਓ ਹੋ! ਸੌਰੀ, ਮੇਰੇ ਦੋਸਤ, ਮੈਂ ਤਾਂ ਉਹਨੂੰ ਕਦੇ ਦਾ ਜਹੰਨਮ ਵਿਚ ਪਹੁੰਚ ਗਿਆ ਸਮਝਿਆ ਸੀ। ਹੱਛਾ...ਠੀਕ...ਤੂੰ ਵੀ ਉਹਦੇ ਨਾਲ ਹੀ ਰਹਿੰਦਾ ਸੀ? ਰਾਹਦਾਰੀ ਭੇਜੀ ਸੀ, ਚੰਗਾ ਰਿਹਾ ਯਾਰ! ਫੇਰ ਤਾਂ ਤੇਰੀ ਵਫ਼ਾਦਾਰੀ ਦਾ ਮੁੱਲ ਤਾਰ ਦਿੱਤਾ ਉਹਨੇ ਅਮਰੀਕਾ ਬੁਲਾ ਕੇ।'

ਹਰਭਾਨ ਨਾਲ ਮੇਲ ਨੇ ਮੇਰੀ ਕਿਆਸ ਦੀ ਤਸਦੀਕ ਕਰ ਦਿੱਤੀ। ਮੈਂ, ਹਰਭਾਨ ਤੇ ਕਾਲ਼ਾ ਸਿੰਘ ਤਿੰਨੇ ਉਸ ਦੇ ਨਾਲ, ਨਾਲ ਨਹੀਂ ਥੱਲੇ, ਕੰਮ ਕਰਦੇ ਸਾਂ। ਹਰਭਾਨ ਉਸ ਦਾ ਮੋਹਰਾ ਹੱਥ-ਠੋਕਾ ਸੀ। ਦਫ਼ਤਰ ਦੇ ਕੰਮ ਤੋਂ ਇਲਾਵਾ ਉਸ ਦਾ ਬੈਗ ਵੀ ਚੁੱਕਦਾ ਸੀ ਤੇ ਹੈਟ ਵੀ ਫੜਦਾ ਸੀ। ਉਹ ਅਰਦਲ-ਪੁਣਾ ਵੀ ਕਰਦਾ, ਰਾਤ ਦਿਨੇ ਉਸ ਦੇ ਘਰ ਨਿਆਣੇ ਵੀ ਖਿਡਾਉਂਦਾ ਸੀ ਤੇ ਚੌਕੇ ਭਾਂਡੇ ਦਾ ਕੰਮ ਵੀ ਕਰਦਾ ਸੀ। ਉਸ ਦਾ ਪਿਛੋਕੜ ਭਾਰਗੋ ਦੇ ਪਿੰਡ ਦਾ ਹੋਣ ਕਰ ਕੇ ਕੁੱਝ ਜ਼ਿਆਦਾ ਹੀ ਨੇੜਤਾ ਰੱਖਦਾ ਸੀ। ਭਰਜਾਈ ਦਾ ਸਿਰ ਘੁੱਟਣਾ, ਲੱਤਾਂ ਘੁੱਟਣੀਆਂ, ਧਰਨ ਕੱਢਣੀ, ਦਵਾਈ ਦੇਣੀ ਆਦਿ ਦਾ ਵਾਧੂ ਭਾਰ ਆਪਣੇ ਸਿਰੋਂ ਘਟਿਆ ਸਮਝ ਕੇ ਭਾਰਗੋ ਆਪ ਬਹੁਤ ਸੁਰਖ਼ਰੂ ਹੋਇਆ ਸਮਝਦਾ ਸੀ। ਸਕੂਲ ਪੜ੍ਹਦੇ ਦੋਵੇਂ ਲੜਕੇ ਤੇ ਇਕ ਲੜਕੀ ਨੂੰ ਛੱਡਣ ਜਾਣਾ ਤੇ ਫਿਰ ਲੈ ਕੇ ਆਉਣਾ, ਉਨ੍ਹਾਂ ਦੀ ਹਰ ਸਹੂਲਤ ਦਾ ਖ਼ਿਆਲ ਰੱਖਣਾ, ਹਰਭਾਨ ਬੜੀ ਇਮਾਨਦਾਰੀ ਨਾਲ ਕਰਦਾ ਸੀ। ਘਰੇਲੂ ਕੰਮਾਂ ਵਿਚ ਉਸ ਦੀ ਅਹਿਮ ਭੂਮਿਕਾ ਸੀ। ਬਾਜ਼ਾਰੋਂ ਸਾਗ ਸਬਜ਼ੀ ਲਿਆਉਣੀ ਉਹ ਆਪਣੀ ਸ਼ਾਨ ਸਮਝਦਾ ਸੀ ਤੇ ਦਫ਼ਤਰ ਵਿਚ ਹਮੇਸ਼ਾ ਹਿੱਕ ਕੱਢ ਕੇ ਚੱਲਦਾ ਸੀ। ਕਾਲ਼ਾ

ਸਿੰਘ ਇਹ ਸਾਰੇ ਤਾਂ ਨਹੀਂ, ਅੱਧੇ ਕੁ ਕੰਮ ਕਰ ਦਿੰਦਾ ਸੀ। ਪਰ ਮੈਂ? ਮੈਂ ਤਾਂ ਸਿਰਫ਼ ਦਫ਼ਤਰ ਦਾ ਕੰਮ ਹੀ ਕਰਦਾ ਸੀ ਸਰਕਾਰੀ ਨੇਮ ਦੇ ਨਾਲ।

ਹਰਭਾਨ ਮੀਟ ਮੁਰਗ਼ਾ ਮੱਛੀ ਕਬਾਬ ਗੋਸ਼ਤ ਬਣਾਉਣ, ਬਾਰ ਬੀ. ਕਿਊ. ਦਾ ਬੜਾ ਕਾਰੀਗਰ ਸੀ। ਦਫ਼ਤਰ ਵਿਚ ਵੀ ਜਦ ਕਦੇ ਮਹੀਨੇ ਵਿਚ ਇਕ ਅੱਧ ਵਾਰ ਕੋਈ ਜਸ਼ਨ ਹੁੰਦਾ, ਹਰਭਾਨ ਹੀ ਸਭ ਮਸਾਲਾ ਭੁੰਨਦਾ ਤੇ ਉਸ ਦੇ ਹੱਥਾਂ ਦੀ ਬਣੀ ਭਾਜੀ ਤਰਕਾਰੀ ਦਿੱਲੀ ਦਰਬਾਰ ਤਕ ਮਸ਼ਹੂਰ ਹੋ ਗਈ ਸੀ। ਉਹੀ ਇਸ ਸਭ ਪ੍ਰੋਗਰਾਮ ਦਾ ਸੰਚਾਲਕ ਹੁੰਦਾ ਸੀ।

ਭਾਰਗੋ ਦੀ ਗ਼ੈਰਹਾਜ਼ਰੀ ਵਿਚ ਮੈਡਮ ਦੇ ਘਰ ਦੇ ਹਰ ਕੰਮ ਵਿਚ ਹੱਥ ਵਟਾਉਣਾ ਹਰਭਾਨ ਨੇ ਆਪਣੇ ਜ਼ੁੰਮੇ ਲਿਆ ਹੋਇਆ ਸੀ ਜਿਵੇਂ ਉਹ ਆਪ ਕਈ ਵੇਰਾਂ ਬੜੀ ਸ਼ੇਖ਼ੀ ਨਾਲ ਦੱਸਦਾ ਹੁੰਦਾ ਸੀ। ਅੰਦਰਲੀ ਗੁਪਤ ਗੱਲ ਨਾ ਮੈਂ ਕਦੇ ਉਸ ਨੂੰ ਪੁੱਛੀ ਸੀ ਤੇ ਨਾ ਹੀ ਉਸ ਨੇ ਕਦੇ ਦੱਸੀ ਸੀ। ਦਾਰੂ ਦੇ ਸਰੂਰ ਵਿਚ ਕਦੇ ਕਦੇ ਬੜੇ ਸੁਆਦ ਨਾਲ ਏਨਾ ਜ਼ਰੂਰ ਦੱਸ ਦਿੰਦਾ ਸੀ ਕਿ ਉਹ ਮੇਮ ਦਾ ਸਿਰ ਝੱਸਦਾ ਹੈ, ਲੀਖਾਂ ਕੱਢਦਾ ਹੈ, ਮੁੱਠੀਆਂ ਭਰਦਾ ਹੈ ਤੇ ਉਸਤਰੇ ਨਾਲ ਕੱਛਾਂ 'ਚੋਂ ਵਾਲ਼ ਲਾਹੁੰਦਾ ਹੈ। ਪਿਤਾ-ਪੁਰਖੀ ਰਾਜਾ ਹੋਣ ਕਰ ਕੇ ਵੀ ਇਹ ਜ਼ਿੰਮੇਵਾਰੀਆਂ ਉਹ ਚੰਗੀ ਸਮਰੱਥਾ ਤੇ ਸੁਹਿਰਦਤਾ ਨਾਲ ਨਿਭਾਉਂਦਾ ਸੀ। ਉਸ ਦੇ ਦਫ਼ਤਰ ਦੇ ਸਭ ਝਮੇਲੇ ਮੁਆਫ਼ ਸਨ ਤੇ ਫ਼ੁਰਸਤ ਸਮੇਂ ਹੋਵੇ ਚੱਕਰ ਲਾ ਆਏ ਜਾਂ ਨਾ, ਇਹ ਉਸ ਦੀ ਆਪਣੀ ਮਰਜ਼ੀ ਸੀ। ਮੈਡਮ ਇੰਦੂ ਵੀ ਉਸ ਦੀ ਤਾਰੀਫ਼ ਕਰਦੀ ਨਹੀਂ ਸੀ ਥੱਕਦੀ।

ਮੈਨੂੰ ਉਸ ਦੀਆਂ ਉੱਪਰਲੀਆਂ ਚਾਪਲੂਸੀਆਂ ਤੇ ਮੱਖਣ-ਬਾਜ਼ੀ ਵਾਲੀਆਂ ਆਦਤਾਂ ਤੋਂ ਬਹੁਤ ਨਫ਼ਰਤ ਸੀ। ਅੰਦਰੋਂ ਤਾਂ ਕਾਲ਼ਾ ਵੀ ਕੌੜਦਾ ਸੀ ਪਰ ਬਿੱਲੀ ਦੇ ਗਲ਼ ਟੱਲੀ ਕੌਣ ਬੰਨ੍ਹੇ! ਇਹ ਵੱਡੀ ਸਮੱਸਿਆ ਸੀ। ਇਕ ਰਾਤ ਮੇਰੇ ਘਰ ਮੀਟਿੰਗ ਵਿਚ ਅਸਾਂ ਤਿੰਨਾਂ ਨੇ ਫ਼ੈਸਲਾ ਕੀਤਾ ਕਿ ਉਸ ਦਾ ਉੱਪਰਲਾ ਨਿੱਜੀ ਕੰਮ ਤੇ ਵਾਧੂ ਘਰੇਲੂ ਬੁੱਤੀ ਕੋਈ ਨਹੀਂ ਕਰੇਗਾ। ਨਿਯਮ ਅਨੁਸਾਰ ਸਰਕਾਰੀ ਕੰਮ ਹੀ ਕੀਤੇ ਜਾਣਗੇ। ਅਗਲੇ ਦਿਨ ਦਫ਼ਤਰ ਪਹੁੰਚਦੇ ਹੀ ਮੈਨੂੰ ਯਾਦ-ਪੱਤਰ ਮਿਲ ਗਿਆ। ਚੇਤਾ ਨਹੀਂ ਕੀ ਸੀ...ਪਰ ਉਸ ਵਿਚ ਸਾਹਿਬ ਦੀ ਨਾਰਾਜ਼ਗੀ ਤੇ ਗ਼ੁੱਸੇ ਦਾ ਪ੍ਰਗਟਾਵਾ ਜ਼ਰੂਰ ਸੀ ਤੇ ਮੇਰੀ ਕੱਚੀ ਨੌਕਰੀ ਲਈ ਖ਼ਤਰੇ ਦੀ ਘੰਟੀ ਸੀ।

'ਕੀ ਹੋਇਆ ਸਰ? ਮੇਰੇ ਨਾਲ ਨਾਰਾਜ਼ਗੀ?...ਮੈਨੂੰ ਦੱਸੋ ਤਾਂ ਸਹੀਂ...ਕੀ ਕਸੂਰ ਮੇਰਾ?'

'ਤੇਰਾ...ਕਸੂਰ...? ਤੂੰ! ਕੱਲ੍ਹ ਜੰਮੀ ਗਿਦੜੀ ਅੱਜ ਹੋਇਆ ਵਿਆਹ! ਘਰ ਦੀ ਬਿੱਲੀ ਘਰ ਨੂੰ ਮਿਆਊਂ! ਕੱਲ੍ਹ ਦਾ ਛੋਕਰਾ! ਉਨ੍ਹਾਂ ਨੂੰ ਉਕਸਾ ਰਿਹੈਂ ਮੇਰੇ ਖ਼ਿਲਾਫ਼...ਭੜਕਾ ਰਿਹੈਂ!'

'ਨਹੀਂ ਸਾਹਿਬ! ਐਸੀ ਕੋਈ ਗੱਲ ਨਹੀਂ।'

'ਭਾਈ ਬੇਟੇ! ਮੈਨੂੰ ਹਰਭਾਨ ਨੇ ਸਭ ਦੱਸ ਦਿੱਤੀ ਤੇਰੀ ਕਰਤੂਤ! ਤੂੰ ਆਪਣਾ ਬਿਲਾ ਕਰ ਲੈ, ਕੋਈ ਹੋਰ ਨੌਕਰੀ ਲੱਭ ਲੈ ਚੰਗੇਰੀ। ਇਹ ਤੇਰੇ ਮਾਫ਼ਕ ਨਹੀਂ ਆਉਣੀ।'

ਉਸ ਦੀ ਚਿਤਾਵਨੀ ਨੇ ਇਕੇਰਾਂ ਫਿਰ ਮੈਨੂੰ ਰੋਜ਼ਗਾਰ ਦਫ਼ਤਰ ਦੀਆਂ ਪੌੜੀਆਂ ਚੜ੍ਹਾ ਦਿੱਤਾ ਸੀ। ਪਿਛਲੇ ਤਿੰਨ ਸਾਲ ਕਈ ਅਦਾਰੇ ਤੇ ਸਰਕਾਰੀ ਦਫ਼ਤਰਾਂ ਦੇ ਦਰਵਾਜ਼ੇ ਖੜਕਾਉਂਦੇ ਨੌਕਰੀ ਦੀ ਤਲਾਸ਼ ਕਰਦੇ ਮਸਾਂ ਇਹ ਨਸੀਬ ਹੋਈ ਸੀ।

'ਨਹੀਂ ਜਨਾਬ ਅੱਗੇ ਤੋਂ ਐਸੀ ਗ਼ਲਤੀ ਨਹੀਂ ਹੁੰਦੀ।'

ਬੜੀ ਮੁਸ਼ਕਲ ਨਾਲ ਉਸ ਦਾ ਖਿੰਘਰ ਮਨ ਪੰਘਰਾਇਆ ਤੇ ਉਸ ਦੀਆਂ ਮਾਰੂ-ਧਾਰਨਾਵਾਂ 'ਤੇ ਪੂੰਝਣਾ ਫੇਰਿਆ ਸੀ। ਮੇਰਾ ਵੀ ਉਹ ਯਾਰ ਬਣ ਗਿਆ ਸੀ। ਮੈਂ ਚੌਂਕੇ-ਚੁੱਲੇ ਦੀ ਸੇਵਾ ਨਹੀਂ, ਨਕਦ-ਨਾਵੇਂ ਦੀ ਸੇਵਾ ਕਰਨੀ ਸ਼ੁਰੂ ਕਰ ਦਿੱਤੀ ਸੀ। ਉਹ ਚੁਫੇਰ-ਗੜ੍ਹੀਆ ਸਦਾ-ਬਹਾਰ ਇੰਸਪੈਕਟਰ ਸੀ ਹਰਫ਼ਨ-ਮੌਲਾ। ਗੰਗਾ ਗਏ ਗੰਗਾ ਰਾਮ, ਜਮਨਾ ਗਏ ਤਾਂ ਜਮਨਾ ਦਾਸ। ਗੱਡੀ ਚੜ੍ਹੇ ਰੇਲਵੇ ਇੰਸਪੈਕਟਰ, ਬੱਸ ਚੜ੍ਹੇ ਬੱਸ ਇੰਸਪੈਕਟਰ, ਕਾਰਖ਼ਾਨੇ ਜਾਏ ਲੇਬਰ, ਫ਼ੈਕਟਰੀ ਇੰਸਪੈਕਟਰ ਤੇ ਹੋਰ ਹਰ ਥਾਂ ਉਹ ਆਪਣਾ ਮਖੌਟਾ ਬਦਲ ਲੈਂਦਾ। ਗੱਡੀਆਂ ਬੱਸਾਂ ਵਿਚ ਸਵਾਰੀਆਂ

ਦੀਆਂ ਟਿਕਟਾਂ ਚੈੱਕ ਕਰਨ ਲੱਗ ਜਾਂਦਾ ਸੀ।

ਪਹਿਲੀ ਵੇਰਾਂ ਇਕੱਠੇ ਫ਼ਿਰੋਜ਼ਪੁਰ ਸਟੇਸ਼ਨ ਤੋਂ ਬਠਿੰਡੇ ਜਾਣ ਵਾਲੀ ਸ਼ਾਮ ਦੀ ਗੱਡੀ ਬੈਠੇ। ਮੈਂ ਆਪਣੀ ਇਕ ਟਿਕਟ ਲੈ ਆਇਆ, ਇਹ ਸਮਝ ਕੇ ਕਿ ਉਹ ਪੁਰਾਣਾ ਰੋਜ਼ਾਨਾ ਯਾਤਰੂ ਹੈ, ਮਾਸਿਕ ਪਾਸ ਹੋਵੇਗਾ ਉਸ ਕੋਲ਼। ਉਸ ਨੇ ਵੀ ਕੋਈ ਉਜ਼ਰ ਨਾ ਕੀਤਾ। ਕੋਟਕਪੂਰਾ ਗੱਡੀ ਰੁਕਦੇ ਸਾਰ ਪੁਲਿਸ ਦੇ ਸਿਪਾਹੀਆਂ ਤੇ ਚੈੱਕਰਾਂ ਨੇ ਗੱਡੀ ਘੇਰ ਲਈ।

'ਟਿਕਟ ਮੈਨੂੰ ਫੜਾ ਦੇਹ।' ਉਸ ਨੇ ਮੌਕਾ ਭਾਂਪ ਕੇ ਮੈਨੂੰ ਆਦੇਸ਼ ਦਿੱਤਾ।

ਮੈਂ ਵੀ ਸਮਝ ਗਿਆ। ਉਸ ਦੀ ਬਿਨ-ਟਿਕਟੇ ਸਫ਼ਰ ਕਰਨ ਦੀ ਆਦਤ ਬਾਰੇ ਮੈਨੂੰ ਆਪਣੇ ਪੁਰਾਣੇ ਸਾਥੀਆਂ ਕੋਲ਼ੋਂ ਪਤਾ ਲੱਗ ਚੁੱਕਾ ਸੀ।

'ਇਸ ਨੂੰ ਟਿਕਟ ਦੇ ਕੇ ਮੈਂ ਬਿਨ-ਟਿਕਟਾ ਬਣ ਜਾਵਾਂ?' ਮੈਂ ਟਿਕਟ ਦੇਖਦੇ ਟੋਲ਼ਦੇ ਕੁੱਝ ਛਿਣ ਲੰਘਾ ਦਿੱਤੇ।

'ਜਲਦੀ ਥੱਲੇ ਆ ਜਾਹ।' ਥੱਲੇ ਉੱਤਰਦੇ ਪਿੱਛੇ ਨੂੰ ਹੱਥ ਦਾ ਇਸ਼ਾਰਾ ਕਰਦੇ ਉਸ ਨੇ ਚਿਤਾਵਨੀ ਜਿਹੀ ਦਿੱਤੀ। ਮੈਂ ਉਸ ਦੇ ਪਿੱਛੇ ਥੱਲੇ ਉੱਤਰ ਗਿਆ। ਕਿਸੇ ਨੇ ਉਸ ਨੂੰ ਟਿਕਟ ਪੁੱਛਣ ਦੀ ਜੁਰਅਤ ਨਾ ਕੀਤੀ। ਦੋ ਚਾਰ ਡੱਬੇ ਛੱਡ ਕੇ ਇਕ ਵਿਚ ਉਹ ਤੇ ਮੈਂ ਵੀ ਪਿੱਛੇ ਹੀ ਚੜ੍ਹ ਗਏ।

'ਕੌਣ ਹੈ...? ਕੀ ਗੱਲ? ਕਿਹੜਾ ਐ?' ਬੜੀ ਜ਼ੋਰਦਾਰ ਕੜਕਵੀਂ ਦਬਕੇ ਭਰੀ ਆਵਾਜ਼ ਨੇ ਮੇਰੇ ਪੈਰਾਂ ਵਿਚ ਕੰਬਣੀ ਛੇੜ ਦਿੱਤੀ। ਮੈਨੂੰ ਸਮਝਣ ਵਿਚ ਦੇਰ ਨਾ ਲੱਗੀ। ਉਹ ਤਾਂ ਜੀ. ਆਰ. ਪੀ. ਦਾ ਡੱਬਾ ਸੀ।

'ਆਪ ਹੀ ਆਂ ਭਾਈ...ਘਰ ਦੇ ਹੀ ਬੰਦੇ ਹਾਂ। ਏਨੀ ਜਲਦੀ ਪਛਾਣ ਭੁੱਲ ਜਾਂਦੇ ਹੋ?' ਭਾਪੇ ਦੇ ਜੁਆਬ ਨਾਲ ਕੋਈ ਅਧ-ਲੰਮਾ ਪਿਆ ਅਫ਼ਸਰ ਲੱਗਦਾ ਆਦਮੀ ਮੁਸਕਰਾਉਂਦਾ ਹੋਇਆ ਸਿੱਧਾ ਉੱਠ ਕੇ ਬੈਠ ਗਿਆ।

'ਆਓ...ਜੀਅ ਆਇਆਂ ਨੂੰ... ਮੁਆਫ਼ ਕਰਨਾ, ਬਾਹਰ ਰੇਡ ਹੋ ਰਿਹਾ ਹੈ ਨਾ ਗੱਡੀ ਵਿਚ! ਕੋਈ ਮਾਂ ਭੈਣ ਚੋ..., ਛਾਪੇ ਤੋਂ ਡਰਦੇ ਇੱਧਰ ਉੱਧਰ ਦੌੜਨ ਲਗਦੇ ਨੇ। ਬਿਨ ਟਿਕਟੇ ਆਪੇ ਹੀ ਆ ਫਸਦੇ ਨੇ ਇਸ ਸਾਡੀ ਗ੍ਰਿਫ਼ਤ ਵਿਚ।' ਉਸ ਨੇ ਉਬਾਸੀ ਲੈਂਦੇ ਉੱਠ ਕੇ ਹੱਥ ਮਿਲਾਇਆ।

'ਠੀਕ! ਠੀਕ ਹੈ...ਕੋਈ ਗੱਲ ਨੀਂ...ਤੈਨੂੰ ਅਸੀਂ ਉਹ ਲਗਦੇ ਆਂ?'

'ਜਾਨ ਬਚੀ ਸੋ ਲਾਖੋਂ ਪਾਏ।' ਮੈਂ ਟਿਕਟ ਹੁੰਦੇ ਹੋਏ ਵੀ ਆਪਣੇ ਆਪ ਨੂੰ ਬਿਨ-ਟਿਕਟ ਬੜਾ ਵੱਡਾ ਗੁਨਾਹਗਾਰ ਸਮਝਿਆ।

ਰੇਲ ਗੱਡੀ ਵਿਚ ਰੋਜ਼ਾਨਾ ਸਫ਼ਰ ਕਰਨ ਕਰ ਕੇ ਅਤੇ ਉਸ ਦੀ ਸੁੰਦਰ ਸ਼ਖ਼ਸੀਅਤ ਤੇ ਬਹੁਤ ਹੀ ਮਿੱਠੇ ਮਿਲਾਪੜੇ ਸੁਭਾਅ ਕਰ ਕੇ ਗਾਰਡਾਂ, ਡਰਾਈਵਰਾਂ, ਟੀਟੀਆਂ ਤੇ ਹੋਰ ਸਟਾਫ਼ ਨਾਲ ਉਸ ਦੀ ਬੜੀ ਡੂੰਘੀ ਆੜੀ ਪੈ ਗਈ ਸੀ। ਉਹ ਏ. ਸੀ. ਜਾਂ ਅਪਰ ਕਲਾਸ ਵਿਚ ਮੁਫ਼ਤ ਸਫ਼ਰ ਕਰਦਾ ਤੇ ਉਹ ਉਸ ਨਾਲ ਬੈਠ ਕੇ ਚਾਹ ਪੀਣੀ ਪਿਲਾਉਣੀ ਆਪਣੀ ਸ਼ਾਨ ਉੱਚੀ ਸਮਝਦੇ, ਉਸ ਦੀ ਸੇਵਾ ਪਾਣੀ ਵੀ ਕਰਦੇ ਸਨ। ਬਹੁਤੀ ਵੇਰਾਂ ਉਹ ਗਾਰਡ ਦੇ ਡੱਬੇ ਵਿਚ ਹੀ ਜਾ ਬੈਠਦਾ ਤੇ ਸਾਨੂੰ ਨਾਲ ਲਗਦੀ ਕਿਸੇ ਹੋਰ ਬੋਗੀ ਵੱਲ ਇਸ਼ਾਰਾ ਕਰ ਦਿੰਦਾ। ਸਟੇਸ਼ਨਾਂ 'ਤੇ ਵੀ ਉਹ ਟਿਕਟ ਕਲੈਕਟਰਾਂ ਨਾਲ ਖ਼ਾਲੀ ਹੱਥ ਮਿਲਾ ਕੇ ਲੰਘ ਜਾਂਦਾ ਪਰ ਅਸੀਂ ਜੇਬ 'ਚੋਂ ਕੱਢ ਕੇ ਪਹਿਲਾਂ ਹੀ ਹੱਥ 'ਚ ਫੜੀ ਟਿਕਟ ਫੜਾ ਕੇ ਲੰਘਦੇ।

ਇੱਕ ਰਾਤ ਗਿਆਰਾਂ ਬਾਰਾਂ ਵਜੇ ਮੇਰਾ ਕੁੰਡਾ ਖੜਕਿਆ। ਮੈਂ ਅੱਭੜਵਾਹੇ ਉੱਠਿਆ। 'ਕੌਣ ਹੈ?' ਕੌਣ ਹੋ ਸਕਦਾ ਇਸ ਵੇਲੇ?

ਫੇਰ ਖਟਖਟਾਹਟ ਹੋਈ। ਮੈਂ ਦਰਵਾਜ਼ਾ ਖੋਲ੍ਹਿਆ ਡਰਦੇ ਝਕਦੇ। ਉਸ ਦਾ ਘਬਰਾਇਆ ਉੱਖੜਿਆ ਹੋਇਆ ਧਵਾਂਖਿਆ ਜਿਹਾ ਰੋਂਦੂ ਚਿਹਰਾ ਦੇਖ ਕੇ ਮੈਂ ਉਸ ਨੂੰ ਮੋਢਿਆਂ ਤੋਂ ਫੜ ਕੇ ਅੰਦਰ ਮੰਜੇ 'ਤੇ ਬਿਠਾਇਆ। ਜ਼ਿਆਦਾ ਪੀਤੀ ਹੋਈ ਵਿਸਕੀ ਦੀ ਗੰਧ ਉਸ ਦੇ ਮੂੰਹ ਤੇ ਨਾਸਾਂ

'ਚੋਂ ਵਾਵਰੋਲੇ ਵਾਂਗ ਮੇਰੇ ਛੋਟੇ ਜਿਹੇ ਕਮਰੇ ਵਿਚ ਤੂਸ ਮਚਾ ਗਈ। ਮੈਨੂੰ ਪਹਿਲਾਂ ਹੀ ਖਬਰ ਮਿਲ ਚੁੱਕੀ ਸੀ ਕਿ ਜਦ ਉਹ ਜ਼ਿਆਦਾ ਸ਼ਰਾਬੀ ਹੋ ਜਾਂਦਾ, ਇਹੋ ਜਿਹੇ ਡਰਾਮੇ ਅਕਸਰ ਹੀ ਕਰਦਾ ਰਹਿੰਦਾ, ਕਦੇ ਰੋਣ ਲੱਗਦਾ, ਹੱਸਣ ਲੱਗਦਾ ਤੇ ਕਦੇ ਡੰਡ ਬੈਠਕਾਂ ਮਾਰਨ ਲੱਗਦਾ, ਮੱਘੇ ਕੱਢਦਾ ਬੜ੍ਹਕਾਂ ਮਾਰਦਾ, ਪਰ ਨਹੀਂ! ਅੱਜ ਤਾਂ ਉਹ ਸੱਚੀਂ ਮੁੱਚੀਂ ਅੰਦਰੋਂ ਜ਼ਖ਼ਮੀ ਹੋਏ ਸੱਪ ਵਾਂਗ ਵਿੰਗਾ ਟੇਢਾ ਹੋ ਰਿਹਾ ਸੀ।

'ਕੀ ਹੋਇਆ...ਭਾਅ ਜੀ? ਅੱਜ ਏਨੀ? ਇਹ ਕਿਵੇਂ...ਕਿਹੜੀ ਮੁਰਗ਼ੀ ਕਾਬੂ ਆ ਗਈ ਅੱਜ?'

ਮੈਂ ਕਈ ਵੇਰਾਂ ਉਸ ਨੂੰ 'ਭਾਅ ਜੀ' ਕਹਿੰਦਾ ਤਾਂ ਉਹ ਪਿੱਛੇ ਆਪਣੇ ਜ਼ਿਲ੍ਹੇ ਦਾ ਹੋਣ ਕਰ ਕੇ ਮੇਰੇ 'ਭਾਅ ਜੀ' ਵਿਚੋਂ ਨਿੱਘ ਮਾਣਦਾ ਮੈਨੂੰ ਕਲਾਵੇ ਵਿਚ ਭਰ ਲੈਂਦਾ।

'ਕੀ ਦੱਸਾਂ ਭਾਊ? ਇਹ ਪੁੱਛ, ਕੀ ਨਹੀਂ ਹੋਇਆ।' ਉਹ ਰੋਣ ਵਾਲਾ ਹੀ ਸੀ, ਭਾਵੇਂ ਰੋਇਆ ਨਹੀਂ ਸੀ। ਉਹ ਮੱਥਾ ਘੁੱਟੀ ਖੜ੍ਹਾ ਸੀ।

'ਦੱਸੋ ਤਾਂ ਸਹੀਂ।' ਮੈਂ ਉਸ ਨੂੰ ਫੇਰ ਮੋਢੇ ਤੋਂ ਫੜ ਕੇ ਘੁੱਟ ਲਿਆ। ਉਹ ਮੇਰੇ ਮੋਢੇ ਨਾਲ ਲੱਗ ਕੇ ਬੱਚਿਆਂ ਵਾਂਗ ਡੁਸਕਣ ਲੱਗਾ।

'ਆਪਣੇ ਪੈਰੀਂ ਆਪ ਕੁਹਾੜਾ ਮਾਰ ਲਿਆ...ਅੱਜ ਮੈਂ ਆਪਣੇ ਹੱਥੀਂ।' ਮੱਥੇ ਨੂੰ ਹੱਥ ਮਾਰਦਾ ਉਹ ਸਟਪਟਾਇਆ।

'ਮੈਂ ਸਮਝਿਆ ਨਹੀਂ ਸਰ! ਮੈਨੂੰ ਜਲਦੀ ਦੱਸੋ...ਮੈਂ ਤੁਹਾਡੀ ਕੀ ਕਿਵੇਂ ਮਦਦ ਕਰ ਸਕਦਾ ਹਾਂ। ਮੇਰੇ ਕੋਲ਼ੋਂ ਤੁਹਾਡੀ ਅਜੇਹੀ ਸੂਰਤ ਨਹੀਂ ਵੇਖੀ ਜਾਂਦੀ।' ਮੈਂ ਹਮਦਰਦੀ ਦਾ ਪ੍ਰਗਟਾਵਾ ਕੀਤਾ। ਮੈਂ ਘੜੀ ਵੇਖੀ ਤੇ ਬਹੁਤ ਬੇਸਬਰਾ ਜਿਹਾ ਤੇ ਬਹੁਤ ਬੇਆਸਰਾ ਜਿਹਾ ਮਹਿਸੂਸ ਕੀਤਾ। ਜੇ ਇਸ ਵੇਲ਼ੇ ਇਸ ਨਾਲ ਕਿਤੇ ਦੂਰ ਨੇੜੇ ਜਾਣਾ ਪੈ ਗਿਆ ਤਾਂ ਮੇਰੇ ਕੋਲ਼ ਤਾਂ ਸਾਈਕਲ ਵੀ ਨਹੀਂ ਇਸ ਵੇਲ਼ੇ।

'ਚਲੋ ਦੱਸੋ...ਜਿੰਨੀ ਜੋਗਾ। ਮੈਂ ਤੁਹਾਡੇ ਨਾਲ ਹਾਂ। ਮੈਨੂੰ ਦੱਸੋ ਮੈਂ ਤੁਹਾਡਾ ਦੁੱਖ ਦਰਦ ਹਰਨ ਦੀ ਕੋਸ਼ਿਸ਼ ਕਰਾਂਗਾ।' ਮੈਂ ਉਸ ਨਾਲ ਬਾਹਰ ਜਾਣ ਲਈ ਸਿਰ 'ਤੇ ਸਾਫ਼ਾ ਲਪੇਟਣ ਲੱਗਾ।

'ਨਹੀਂ...ਨਹੀਂ...ਨਹੀਂ'। ਉਹ ਮੇਰਾ ਮੋਢਾ ਛੱਡ ਕੇ ਕੰਧ ਨੂੰ ਮੱਥਾ ਮਾਰਨ ਲੱਗਾ ਮੈਂ ਬੜੀ ਮੁਸ਼ਕਲ ਨਾਲ ਥੰਮ੍ਹਿਆਂ।

'ਮੈਂ ਇੰਦੂ ਨੂੰ ਆਪ ਹੀ ਚੜ੍ਹਾ ਆਇਆਂ ਅੱਜ ਗੱਡੀ 'ਤੇ...ਸਹਾਰਨਪੁਰ ਵਾਸਤੇ।'

ਉਸ ਦਾ ਅੰਦਰਲਾ ਬੜੀ ਦਰਦ ਨਾਲ ਮੱਛੀ ਵਾਂਗ ਤੜਫ਼ਦਾ ਬਾਹਰ ਆ ਡਿੱਗਾ।

'ਆ ਜਾਏ ਗੀ ਆਪੇ...ਪੇਕੇ ਹੀ ਤਾਂ ਗਈ ਹੈ। ਏਨਾ ਵੀ ਕੀ ਤੂਫ਼ਾਨ ਆ ਗਿਆ? ਉਹ ਤੁਹਾਡੇ ਬਿਨਾਂ ਪਤਾ ਨਹੀਂ ਕਿੰਨੀਆਂ ਰਾਤਾਂ ਇਕੱਲੀ ਕੱਟਦੀ ਹੈ ਤੇ ਤੁਸੀਂ ਉਸ ਬਿਨਾਂ ਇਕ ਦਿਨ ਵਿਚ ਹੀ ਏਨੇ ਅਵਾਜ਼ਾਰ ਹੋ ਗਏ! ਸਬਰ ਕਰੋ।' ਮੈਨੂੰ ਪਤਾ ਸੀ, ਉਸ ਦੇ ਸਹੁਰੇ ਸਹਾਰਨਪੁਰ ਹਨ।

'ਤੂੰ ਨਹੀਂ ਸਮਝੇਂਗਾ...ਮੈਂ ਨਿਹਾਲੇ ਗਾਰਡ ਦੇ ਨਾਲ ਚੜ੍ਹਾ ਕੇ ਆਇਆਂ...ਮੈਂ ਆਪ ਹੀ ਉਸ ਦੀ ਕੈਬਿਨ ਵਿਚ ਵਾੜ ਕੇ ਆਇਆਂ ਉਸ ਨੂੰ।' ਉਹ ਬਾਰ-ਬਾਰ ਸਿਰ ਨੂੰ ਪਟਕ-ਝਟਕ ਰਿਹਾ ਸੀ।

'ਤੁਹਾਡਾ ਦੋਸਤ ਹੀ ਤਾਂ ਹੈ, ਤੁਹਾਡਾ ਹਮ-ਪਿਆਲਾ। ਫਿਰ ਕੀ ਹੋਇਆ? ਸਗੋਂ ਆਪ ਜਾ ਕੇ ਸਹੀ ਸਲਾਮਤ, ਟਿਕਾਣੇ ਪਹੁੰਚਾ ਦੇਵੇਗਾ। ਲੰਮੇ ਸਫ਼ਰ ਦੇ ਰਿਸਕ ਤੇ ਭੰਨ ਟੁੱਟ ਤੋਂ ਬਚੀ ਰਹੇਗੀ।' ਮੈਂ ਉਸ ਦੇ ਟੁੱਟ ਚੁੱਕੇ ਵਿਸ਼ਵਾਸ ਵਿਚ ਧਰਵਾਸ ਭਰਨ ਦੀ ਕੋਸ਼ਿਸ਼ ਕੀਤੀ।

'ਨਹੀਂ ਮੇਰੇ ਵੀਰ! ਤੂੰ ਬੜਾ ਅਣਭੋਲ ਹੈਂ, ਦੁਨੀਆ ਬੜੀ ਚਾਤਰ ਹੈ, ਖ਼ੁਦਗ਼ਰਜ਼ ਹੈ। ਲੋਕ ਇਸ ਯਾਰੀ ਨੂੰ ਦੁਰ-ਉਪਯੋਗ ਕਰ ਕੇ ਪਤਾ ਨਹੀਂ ਕੀ ਕੀ ਕੁਕਰਮ ਕ੍ਰਿਸ਼ਮੇ ਕਰ ਜਾਂਦੇ ਨੇ। ਉਹ ਮੁਫ਼ਤ ਸੇਫ਼ ਤਾਂ ਪਹੁੰਚ ਜਾਏਗੀ ਪਰ ਰਿਸਕ ਤੇ ਭੱਜ ਟੁੱਟ ਤੋਂ ਤਾਂ ਕਦੰਤ ਵੀ ਨਹੀਂ ਬਚ ਸਕਦੀ। ਮੈਂ ਆਪ ਇਹ ਗੱਲ ਭਲੀ ਭਾਂਤ ਸਮਝਦਾ ਹੋਇਆ ਕਿ ਆਪਣੀ ਜ਼ਨਾਨੀ ਅਤੇ ਗੱਡੀ ਕਿਸੇ ਕੋਲ਼

ਨਹੀਂ ਛੱਡਣੀ ਚਾਹੀਦੀ, ਜਾਣ ਬੁੱਝ ਕੇ ਇਹ ਵਿਵਸਥਾ ਕਰ ਆਇਆ ਹਾਂ। ਹਾਏ ਰੱਬਾ! ਕਿੰਨਾ ਮੂਰਖ ਹਾਂ ਮੈਂ।' ਆਪਣੀਆਂ ਹੀ ਡੰਗੀਆਂ ਹੋਈਆਂ ਭਾਵਨਾਵਾਂ ਨਾਲ ਉਸ ਦਾ ਵਿਸ਼ਵਾਸ ਛਲਨੀ ਛਲਨੀ ਹੋ ਰਿਹਾ ਸੀ।

'ਨਹੀਂ ਭਾਪਾ ਜੀ, ਦਿਆਨਤਦਾਰੀ ਵੀ ਤਾਂ ਕੋਈ ਚੀਜ਼ ਹੈ, ਹੌਸਲਾ ਰੱਖੋ। ਯਕੀਨ ਰੱਖੋ ਆਪਣੀ ਪਤਨੀ ਦੇ ਇਖ਼ਲਾਕ 'ਤੇ, ਇਤਬਾਰ ਕਰੋ ਆਪਣੇ ਦੋਸਤ ਦੀ ਦੋਸਤੀ 'ਤੇ।'

'ਉਸ ਦੇ ਨਾਲ ਤਾਂ ਮੇਰੇ ਵਰਗੇ ਵੰਨ-ਸੁਵੰਨੇ ਬੰਦੇ ਮੁਸ਼ਟੰਡੇ ਰਾਹ ਵਿਚ ਵੀ ਮੀਟ ਮੱਛੀ ਰਾੜ੍ਹਦੇ, ਬੋਤਲਾਂ ਖ਼ਾਲੀ ਕਰਦੇ ਮੈਂ ਵੇਖੇ ਨੇ ਲੰਡਰ ਲਫੌੜ।'

'ਤੁਹਾਡੇ ਵਰਗੇ?'

'ਹਾਂ...ਹਾਂ! ਮੇਰੇ ਵਰਗੇ ਕੁੱਤੇ! ਕੰਜਰ ਲਫੰਡਰ।' ਆਪਣੇ ਸਿਰ ਵਿਚ ਪਟੋਕੀਆਂ ਮਾਰਦਾ, ਢਕੌਂਜ ਜਿਹਾ ਕਰਦਾ ਉਹ ਆਪਣੇ ਆਪ ਨੂੰ ਗਾਲ਼ੀਂ ਉੱਤਰ ਆਇਆ। ਮੈਨੂੰ ਸੰਭਾਲ਼ਨਾ ਔਖਾ ਔਖਾ ਲੱਗਣ ਲੱਗਾ।

'ਉਸ ਨਾਲ ਸਫ਼ਰ ਕਰਦੀਆਂ ਜ਼ਨਾਨੀਆਂ ਕਈ ਵੇਰਾਂ ਮੈਂ ਵੇਖੀਆਂ, ਹੰਢਾਈਆਂ ਨੇ। ਉਹ ਸਾਲ਼ਾ ਸੁੰਦਰ ਔਰਤਾਂ ਦਾ ਬੜਾ ਸ਼ੌਕੀਨ ਹੈ।'

ਉਸ ਦੀ ਆਤਮਾ ਤੜਫ਼ ਰਹੀ ਸੀ। ਉਸ ਦੇ ਸ਼ਬਦ 'ਹੰਢਾਈਆਂ' ਨੇ ਮੇਰੇ ਸਿਰ ਵਦਾਨ ਜਿੰਨਾ ਭਾਰਾ ਵਾਰ ਕੀਤਾ। ਮੇਰੇ ਪੈਰਾਂ ਥੱਲੇ ਜਿਵੇਂ ਕਿਸੇ ਨੇ ਬਲ਼ਦੀ ਬਲ਼ਦੀ ਭੁੱਬਲ਼ ਸੁੱਟ ਦਿੱਤੀ ਹੋਵੇ। ਮੇਰੀ ਸੁਰਤ ਕੁੱਝ ਟਿਕਾਣੇ ਲੱਗੀ, ਉਸ ਦੀ ਚਿੰਤਾ ਦੀ ਗਹਿਰਾਈ ਦਾ ਥਹੁ ਮੇਰੇ ਗਿੱਟੇ ਲੱਗ ਗਿਆ। ਮੈਂ ਸੁੰਨਸਾਨ ਜਿਹਾ ਹੋ ਗਿਆ।

'ਚੋਰ ਦੀ ਦਾੜ੍ਹੀ ਵਿਚ ਤਿਣਕਾ...ਜੇਹਾ ਕਰੇਂ ਹੋਰਾਂ ਨਾਲ ਤੇਹਾ ਹੋਵੇ ਤੇਰੇ ਨਾਲ। ਉਹ ਵੀ ਤਾਂ ਸਾਰੀ ਉਮਰ ਤੇਰੀਆਂ ਕਰਤੂਤਾਂ ਤੇ ਰੋਂਦੀ ਚੀਕਾਂ ਮਾਰਦੀ ਰਹੀ ਹੈ।' ਮੈਂ ਕਹਿਣਾ ਚਾਹਿਆ ਪਰ ਕਸੀਸ ਵੱਟ ਕੇ ਬੁੱਲ੍ਹਾਂ ਦੇ ਅੰਦਰ ਹੀ ਨਪੀੜ ਲਏ ਇਹ ਕੜਵੇ ਅਕਹਿ ਸ਼ਬਦ।

ਮੈਂ ਉੱਠਿਆ, ਬੋਤਲ ਦੀ ਬਾਕੀ ਬਚੀ ਦਾਰੂ ਗਿਲਾਸ ਵਿਚ ਪਾਈ ਤੇ ਥੋੜ੍ਹੇ ਜਿਹੇ ਸੋਢੇ ਨਾਲ ਉਸ ਦੇ ਮੂੰਹ ਨੂੰ ਲਗਾ ਦਿੱਤੀ। ਉਹ ਪਹਿਲਾਂ ਹੀ ਨਿਢਾਲ ਹੋਇਆ ਪਿਆ ਸੀ ਮਾਨਸਿਕ ਪੀੜਾ ਨਾਲ, ਇਸ ਪੈੱਗ ਨੇ ਉਸ 'ਤੇ ਮਾਰਫ਼ੀਏ ਵਰਗਾ ਅਸਰ ਕੀਤਾ। ਮੈਂ ਮੌਰਾਂ ਤੋਂ ਫੜ ਕੇ ਪਿੱਛੇ ਖਿੱਚ ਕੇ ਉਸ ਨੂੰ ਲਿਟਾ ਦਿੱਤਾ। ਥੱਲੇ ਪਲਮਦੀਆਂ ਉਸ ਦੀਆਂ ਲੱਤਾਂ ਉੱਪਰ ਕਰ ਕੇ ਕੰਬਲ਼ ਦੇ ਦਿੱਤਾ।

'ਤੁਸੀਂ ਵੀ ਤਾਂ ਜਾਂਦੇ ਰਹੇ ਹੋ ਉਸ ਦੇ ਨਾਲ।'

'ਹਾਂ...ਹਾਂ...ਇਸੇ ਲਈ ਤਾਂ ਮੈਨੂੰ ਇਹ ਚਿੱਤਮਣੀ ਖਾਈ ਜਾ ਰਹੀ ਹੈ। ਮੇਰੀ ਤਾਂ ਗੱਲ ਕੁੱਝ ਹੋਰ ਸੀ। ਇਹ ਤਾਂ ਜ਼ਨਾਨੀ ਦਾ ਮਾਮਲਾ ਹੈ...ਸੈਕਸ ਦਾ ਮਾਮਲਾ ਹੈ, ਸੈਕਸ ਤਾਂ ਆਪ ਚੋਰ ਹੁੰਦਾ ਹੈ।' ਉਸ ਦੀਆਂ ਵਰਾਛਾਂ ਹਿੱਲੀਆਂ ਤੇ ਭਵਾਂ ਤਣ ਗਈਆਂ।

'ਉਦੋਂ ਤਾਂ ਬੜਾ ਲੁਤਫ਼ ਆਇਆ ਸੀ। ਰਸਤੇ ਦੇ ਮੁਸਾਫ਼ਰ ਤੇ ਸਟਾਫ਼ ਦੇ ਮੈਂਬਰ ਸਾਰਿਆਂ ਰੱਜ ਕੇ ਮਨੋਰੰਜਨ ਕੀਤਾ ਮੇਰਾ, ਗਾਰਡ ਦੇ ਨਾਲ ਉਸ ਦੀ ਕੈਬਿਨ ਵਿਚ। ਮੈਨੂੰ ਜ਼ਰਾ ਜਿੰਨਾ ਵੀ ਮਹਿਸੂਸ ਨਾ ਹੋਇਆ ਕਦੋਂ ਸਹਾਰਨਪੁਰ ਆ ਗਿਆ। ਇਹ ਅਭੁੱਲ ਯਾਦਗਾਰੀ ਸਫ਼ਰ ਸੀ। ਇਹ ਤਾਂ ਪਿਕਨਿਕ ਸੀ...ਫਨ! ਇਸ ਤੋਂ ਵੀ ਵੱਧ।' ਉਸ ਨੇ ਆਪਣੇ ਮੂੰਹ ਦਾ ਸਵਾਦ ਤਾਜ਼ਾ ਤਾਜ਼ਾ ਕਰ ਕੇ ਗੱਲ ਮੁਕਾਈ, ਭਾਵੇਂ ਮੀਟੀਆਂ ਅੱਖਾਂ ਦੀਆਂ ਝਿੰਮਣੀਆਂ ਫਰ-ਫਰਾਂਦੀਆਂ ਰਹੀਆਂ।

'ਹੁਣ ਵੀ ਏਦਾਂ ਹੀ ਸਮਝੋ। ਸੌਂ ਜਾਓ ਬੇਫ਼ਿਕਰੀ ਨੀਂਦ, ਸਹਾਰਨਪੁਰ ਹੁਣ ਵੀ ਆ ਜਾਏਗਾ। ਤੁਹਾਡੇ ਮਨ ਦਾ ਆਪਣਾ ਅੰਦਰਲਾ ਚੋਰ ਹੀ ਤੁਹਾਡੀ ਮਾਨਸਿਕਤਾ ਨੂੰ ਪੱਛ ਰਿਹਾ ਹੈ, ਚਿੰਤਾ ਨਾ ਕਰੋ।' ਮੈਂ ਉਸ ਨੂੰ ਫੇਰ ਥਾਪੜਿਆ।

'ਆਪੇ ਫਾਥੜੀਏ ਤੈਨੂੰ ਕੌਣ ਛੁਡਾਏ?' ਮੈਂ ਕਹਿੰਦਾ ਕਹਿੰਦਾ ਮਨ ਵਿਚ ਜਜ਼ਬ ਕਰ ਗਿਆ। ਉਹ ਫੇਰ ਉਬਾਸੀ ਲੈਂਦਾ, ਅੱਖਾਂ ਮਲ਼ਦਾ ਉੱਠ ਕੇ ਬੈਠ ਗਿਆ।

ਮੈਂ ਆਪਣੇ ਲਈ ਬਣਾਇਆ ਪੈੱਗ ਉਸ ਅੱਗੇ ਕੀਤਾ। ਭਾਵੇਂ ਮੈਨੂੰ ਪਤਾ ਸੀ ਕਿ ਪਹਿਲਾਂ ਹੀ ਲੋੜ ਤੋਂ ਜ਼ਿਆਦਾ ਪੀਤੀ ਹੋਈ ਸੀ ਉਸ ਨੇ, ਆਪਣੇ ਵਿੱਤ ਤੋਂ ਜ਼ਿਆਦਾ ਤੇ ਹੋਰ ਉਸ ਲਈ ਅੱਗ ’ਤੇ ਪਾਣੀ ਸੁੱਟਣ ਵਾਲੀ ਹੀ ਗੱਲ ਸੀ।

‘ਗੱਡੀ ਚੜ੍ਹਨ ਲੱਗੇ ਵੀ ਤਾਂ ਉਸ ਨੇ ਮੈਨੂੰ ਦੋ ਪੈੱਗ ਦੇ ਦਿੱਤੇ ਸਨ ਠੋਕ ਕੇ, ਉਸ ਨਿਹਾਲੇ ਕਮੀਨੇ ਨੇ, ਜੋ ਹੁਣ ਮੇਰੇ ਦਿਲ ਦਿਮਾਗ਼ ’ਤੇ ਗ਼ਲਬਾ ਕਰੀ ਬੈਠੇ ਨੇ। ਜ਼ਖ਼ਮ ਤਾਜ਼ਾ ਨਹੀਂ ਦੁਖਦਾ, ਦੇਰ ਨਾਲ ਦੁਖਣ ਲੱਗਦਾ ਹੈ, ਰਿਸਣ ਲੱਗਦਾ ਹੈ।’ ਇੱਕੋ ਡੀਕੇ ਪੈੱਗ ਚੜ੍ਹਾਉਂਦੇ ਉਸ ਨੇ ਗੱਲ ਜਾਰੀ ਰੱਖੀ। ਉਹ ਫੇਰ ਦੁਹੱਥੜਾਂ ਮਾਰਦਾ ਉੱਚੀ ਉੱਚੀ ਰੋਣ ਲੱਗਾ।

‘ਚੁੱਪ...ਚੁੱਪ।’ ਮੈਂ ਉਸ ਦੇ ਮੂੰਹ ਅੱਗੇ ਹੱਥ ਦੇ ਕੇ ਉਸ ਨੂੰ ਚੁੱਪ ਕਰਾਇਆ। ‘ਮਾਲਕ ਮਕਾਨ, ਜਾਗ ਪਏ ਤਾਂ ਹੋਰ ਪੰਗਾ ਪੈ ਜਾਏਗਾ। ਮੇਰਾ ਬੋਰੀਆ ਬਿਸਤਰਾ ਗੋਲ ਹੋ ਜਾਏਗਾ।’ ਉਸ ਦੀਆਂ ਹਿਚਕੀਆਂ ਵਿੱਚੇ ਵਿਚ ਸੌਂ ਗਈਆਂ।

ਸਵੇਰੇ ਪਿਛਲੇ ਬਾਜ਼ਾਰ ਵਿਚਲੇ ਮੰਦਰ ਦੀਆਂ ਟੱਲੀਆਂ ਨੇ ਮੈਨੂੰ ਜਾਗੋ ਮੀਟੇ ਵਿਚ ਲੈ ਆਂਦਾ, ਮੇਰੀਆਂ ਅੱਖਾਂ ਖੁੱਲ੍ਹੀਆਂ। ਉਹ ਤਿਆਰ ਹੋ ਕੇ ਸ਼ੀਸ਼ੇ ਸਾਹਮਣੇ ਖੜ੍ਹਾ ਮੂੰਹ ਨੂੰ ਕਰੀਮ ਲਗਾ ਰਿਹਾ ਸੀ।

‘ਉੱਠੋ।’ ਉਸ ਦੇ ਮੂੰਹ ਦੀ ਬਣਾਉਟੀ ਤਾਜ਼ੀ ਖਿੜੀ ਮੁਸਕਰਾਹਟ ਵੀ ਮੁਰਦਿਹਾਣੀ ਤੋਂ ਸੱਖਣੀ ਨਹੀਂ ਸੀ।

‘ਨਹਾ ਲਿਆ ਤੁਸੀਂ?’ ਮੈਂ ਕੰਬਲ਼ ਪਾਸੇ ਕਰ ਕੇ ਉੱਠ ਕੇ ਉਸ ਨਾਲ ਜਾ ਖੜ੍ਹਾ ਹੋਇਆ।

‘ਹਾਂ...ਤੁਸੀਂ ਵੀ ਜਲਦੀ ਕਰੋ।’ ਉਸ ਨੇ ਚੁਟਕੀ ਜਿਹੀ ਮਾਰੀ। ’ਮੈਂ ਚਾਹ ਬਣਾਉਂਦਾ ਹਾਂ।’ ਮੈਂ ਰਸੋਈ ਵੱਲ ਨੂੰ ਤੁਰਿਆ।

‘ਨਹੀਂ!...ਚਾਹ ਸਟੇਸ਼ਨ ਤੋਂ ਪੀਵਾਂਗੇ, ਚੱਲ ਸਹਾਰਨਪੁਰ ਚੱਲਦੇ ਹਾਂ। ਤੈਨੂੰ ਆਪਣੇ ਸਹੁਰੇ ਦਿਖਾ ਕੇ ਲਿਆਉਂਦਾ ਹਾਂ।’ ਉਸ ਦੀ ਹਲਾਸ਼ੇਰੀ ਜਿਹੀ ਦਾਅਵਤ! ਮੈਂ ਨਾਂਹ ਨਾ ਕਰ ਸਕਿਆ। ਨਾਲੇ ਸਰਕਾਰੀ ਦੌਰਾ ਮੁਕਤਸਰ ਬਰਨਾਲੇ ਦਾ ਉਲੀਕਿਆ ਹੋਵੇ ਤੇ ਸਫ਼ਰ ਭਾਵੇਂ ਸਹਾਰਨਪੁਰ ਦਾ ਕਰੀਏ, ਮਨਜ਼ੂਰ ਤਾਂ ਉਸੇ ਨੇ ਹੀ ਕਰਨਾ ਸੀ।

‘ਜਲਦੀ ਕਰ! ਗੱਡੀ ਵਿਚ ਸਿਰਫ਼ ਵੀਹ ਮਿੰਟ ਬਾਕੀ ਨੇ।’

ਸਟੇਸ਼ਨ ’ਤੇ ਪਹੁੰਚ ਕੇ ਉਹ ਸਿੱਧਾ ਲੰਮੀ ਟਿਕਟ ਕਤਾਰ ਤੋਂ ਪਾਸੇ ਹੋ ਕੇ ਪਹਿਲਾਂ ਤੋਂ ਉਲਟ ਟਿਕਟ-ਘਰ ਦੇ ਅੰਦਰ ਗਿਆ ਤੇ ਦੋ ਟਿਕਟਾਂ ਲੈ ਆਇਆ। ਮੇਰੇ ਪੁੱਛਣ ਤੋਂ ਬਿਨਾਂ ਹੀ ਬੁੱਲ੍ਹਾਂ ’ਤੇ ਮੁਸਕਾਨ ਫੇਰਦਾ ਕਹਿਣ ਲੱਗਾ, ‘ਬਿਨਾਂ ਟਿਕਟ ਸਫ਼ਰ ਕਰਨਾ ਬੜਾ ਮਹਿੰਗਾ ਪੈਂਦਾ ਹੈ ਯਾਰ। ਤੋਬਾ! ਤੋਬਾ ਮੇਰੇ ਰੱਬ ਦੀ।’ ਆਪਣੇ ਕੰਨ ਫੜਕੇ ਖਿੱਚਦਾ ਝੂਠਾ ਜਿਹਾ ਮੁਸਕਰਾਇਆ।

‘ਦੇਰ ਆਏ ਦਰੁਸਤ ਆਏ, ਸੌ ਕੋਹਾਂ ਦਾ ਘੁੱਸਾ ਯਾਤਰੀ ਸ਼ਾਮ ਨੂੰ ਘਰ ਮੁੜ ਆਏ ਤਾਂ ਉਸ ਨੂੰ ਘੁੱਸਾ ਨਹੀਂ ਸਮਝਦੇ।’ ਮੂੰਹੋਂ ਨਿਕਲਦੇ ਸ਼ਬਦ ਮੇਰੇ ਅੰਦਰ ਹੀ ਅਲੋਪ ਹੋ ਗਏ।

ਇਕ ਸਾਧਾਰਨ ਡੱਬੇ ਵਿਚ ਬੈਠ ਕੇ ਸਹਾਰਨਪੁਰ ਪਹੁੰਚੇ। ਸਾਰੇ ਰਸਤੇ ਉਸ ਨੇ ਅੱਖਾਂ ਮੀਟੀ ਰੱਖੀਆਂ...ਪਰ ਉਹ ਸੁੱਤਾ ਨਹੀਂ ਸੀ। ਟਿਕਟ ਚੈੱਕਰ ਵੀ ਆਇਆ, ਉਸ ਵੱਲ ਵੇਖ ਕੇ ਮੁਸਕਰਾਇਆ ਤੇ ਲੰਘ ਗਿਆ। ਸ਼ਾਇਦ ਉਹ ਸੁੱਤੇ ਹੋਏ ਸਾਹਿਬ ਨੂੰ ਜਗਾ ਕੇ ਬੇਆਰਾਮ ਨਹੀਂ ਸੀ ਕਰਨਾ ਚਾਹੁੰਦਾ। ਉਹ ਵੀ ਸ਼ਾਇਦ ਨੈਤਿਕ ਨਮੋਸ਼ੀ ਕਾਰਨ ਲੋਕਾਂ ਸਾਹਮਣੇ ਅੱਖਾਂ ਉੱਚੀਆਂ ਕਰਨ ਦੇ ਅਸਮਰੱਥ ਹੋਣ ਕਰ ਕੇ ਅੱਖਾਂ ਮੀਟੀ ਪਿਆ ਰਿਹਾ। ਤਿੰਨ ਚਾਰ ਜ਼ਿਲ੍ਹਿਆਂ ਦਾ ਇੰਚਾਰਜ ਮਖੂ, ਜ਼ੀਰਾ, ਫ਼ਿਰੋਜ਼ਪੁਰ ਤੋਂ ਲੈ ਕੇ ਸੰਗਰੂਰ, ਮਾਨਸਾ, ਬੁਢਲਾਡਾ, ਬਰੇਟਾ ਆਦਿ ਤਕ ਉਸ ਦੀ ਜ਼ੈਲ ਸੀ। ਪਿਛਲੇ ਦਸ ਵੀਹ ਸਾਲ ਤੋਂ ਬੱਚਾ ਬੱਚਾ ਵਾਕਫ਼ ਸੀ ਇਸ ਟੋਪ ਵਾਲੇ ਇੰਸਪੈਕਟਰ ਦਾ ਤੇ ਰਾਹ ਗਲ਼ੀ ਜਦ ਲੰਘਦਾ ਮਾਸਟਰਾਂ ਵਾਂਗ ਸੱਤ ਸਲਾਮਾਂ ਨਾਲ ਉਸ ਦੀਆਂ ਝੋਲ਼ੀਆਂ ਭਰਦੀਆਂ ਰਹਿੰਦੀਆਂ ਸਨ।

ਬੋਘੀ ਅੰਦਰ ਸਾਹਮਣੇ ਬੈਂਚ ‘ਤੇ ਬੈਠੀ ਕਾਲਜੀ ਕੁੜੀਆਂ ਦੀ ਟੋਲੀ ਇੱਧਰ ਵੇਖ ਕੇ ਇਕ

ਦੂਸਰੀ ਦੇ ਕੰਨਾਂ 'ਚ ਘੁਸਰ ਮੁਸਰ ਕਰਦੀਆਂ ਮੁਸਕਰਾਉਂਦੀਆਂ ਰਹੀਆਂ। ਬਾਰ ਬਾਰ ਮੇਰੇ ਵੱਲ ਵੇਖ ਕੇ ਕੋਈ ਸੁਨੇਹਾ ਦਿੰਦੀਆਂ ਪ੍ਰਤੀਤ ਹੋਈਆਂ। ਮੈਂ ਸਮਝਿਆ ਕਿ ਉਸ ਦੀਆਂ ਰੋਜ਼ ਦੀਆਂ ਵਾਕਫ਼ ਹੋਣਗੀਆਂ ਪਰ ਉਨ੍ਹਾਂ ਦਾ ਕੇਂਦਰ ਬਿੰਦੂ ਮੇਰੇ ਮੂੰਹ ਵੱਲ ਹੋਣ ਕਰ ਕੇ ਮੈਨੂੰ ਆਪਣੇ ਆਪ 'ਤੇ ਅਭਿਮਾਨ ਹੋਣ ਲੱਗਾ। ਬਣ ਗਿਆ ਕੰਮ ਅੱਜ, ਭਾਪੇ ਨੇ ਮੇਰੀ ਵੀ ਲਾਟਰੀ ਖੋਲ੍ਹ ਦਿੱਤੀ। ਮੈਂ ਆਪਣੇ ਮਾਨਸਿਕ ਵਹਿਣਾਂ ਵਿਚ ਵਹਿ ਤੁਰਿਆ। ਉੱਠ ਕੇ ਬਾਥਰੂਮ ਗਿਆ ਤਾਂ ਜੋ ਮੈਂ ਆਪਣੀ ਸੁਹਣੀ ਸੂਰਤ ਵੇਖ ਵਿਚਾਰ ਲਵਾਂ ਜਿਸ ਨੇ ਉਨ੍ਹਾਂ ਹੁਸੀਨਾਂ ਤਾਈਂ ਖਿੱਚ ਪਾਈ ਹੈ। ਸ਼ੀਸ਼ੇ ਨੇ ਫਿਟਕਾਰਾਂ ਪਾਉਂਦੇ ਮੈਨੂੰ ਪਾਣੀ ਪਾਣੀ ਕਰ ਦਿੱਤਾ। ਮੇਰੀ ਗਲ਼ ਦੀ ਟਾਈ ਕਾਲਰਾਂ ਦੇ ਬਾਹਰ ਨਾ ਹੋ ਕੇ ਧੌਣ ਦੇ ਨਾਲ ਅੰਦਰ ਲਿਪਟੀ ਪਈ ਵੇਖ ਕੇ ਮੈਨੂੰ ਉਨ੍ਹਾਂ ਦੇ ਹੱਸਣ ਦਾ ਕਾਰਨ ਮਿਲ ਗਿਆ। ਉਨ੍ਹਾਂ ਤੋਂ ਸ਼ਰਮਿੰਦਾ ਆਪਣੀ ਸੀਟ 'ਤੇ ਆਇਆ। ਉਨ੍ਹਾਂ ਦਾ ਸਟੇਸ਼ਨ ਨੇੜੇ ਆਉਣ ਕਰ ਕੇ ਉਹ ਉੱਤਰਨ ਵਾਲੀ ਖਿੜਕੀ ਵੱਲ ਜਾਂਦੀਆਂ ਫੇਰ ਮੇਰੇ ਵੱਲ ਵੇਖ ਕੇ ਹੱਸਦੀਆਂ ਟਾਹ ਟਾਹ ਕਰ ਰਹੀਆਂ ਸਨ।

'ਥੈਂਕ ਯੂ।' ਮੇਰੇ ਮੂੰਹੋਂ ਆਪ ਮੁਹਾਰੇ ਨਿਕਲ ਗਿਆ। ਉਹ ਖਿੜਖਿੜਾ ਕੇ ਹੱਸਦੀਆਂ ਥੱਲੇ ਉੱਤਰ ਗਈਆਂ।

ਸਹਾਰਨਪੁਰ ਪਹੁੰਚਣ ਤਕ ਜਿੱਥੇ ਮੈਂ ਚਾਰ ਚੁਫੇਰੇ ਕੁਦਰਤ ਦੀਆਂ ਰੰਗੀਨੀਆਂ ਦੇ ਨਜ਼ਾਰੇ ਲੈਂਦਾ, ਦੇਖਦਾ ਅਨੰਦ ਮਾਣਦਾ ਰਿਹਾ, ਉਹ ਖੁਰਕ ਖਾਧੇ ਕੁੱਤੇ ਵਾਂਗ ਲੇਟਿਆ ਉੱਪਰ ਚਾਦਰ ਦੀ ਬੁੱਕਲ਼ ਜਿਹੀ ਲੈ ਕੇ ਸਿਰ ਮੂੰਹ ਘੁੱਟ ਕੇ ਪਿਆ ਰਿਹਾ। ਅੰਬਾਲੇ ਉੱਤਰ ਕੇ ਉਸ ਨੇ ਉੱਥੇ ਖੜ੍ਹੀ ਉਹੀ ਵਾਪਸੀ ਰੇਲ ਗੱਡੀ ਦੇਖੀ...ਪਰ! ਉਸ ਦੀ ਨਿਰਾਸ਼ਾ ਹੋਰ ਵਧ ਗਈ। ਗਾਰਡ ਜਿਸ ਗੱਡੀ ਵਿਚ ਇੰਦੂ ਨੂੰ ਲੈ ਕੇ ਗਿਆ ਸੀ, ਉਸ ਵਿਚ ਵਾਪਸੀ ਸਮੇਂ ਕੋਈ ਹੋਰ ਗਾਰਡ ਸੀ।

'ਬੜਾ ਕਰੀਬੀ ਦੋਸਤ ਹੈ ਨਾ ਤੁਹਾਡਾ! ਉਹ ਵੀ ਤੁਹਾਡੇ ਸਸੁਰਾਲ ਦਾ ਮਹਿਮਾਨ ਬਣੇਗਾ, ਘੱਟੋ ਘੱਟ ਇਕ ਦਿਨ। ਉਹ ਵੀ ਕਹਿੰਦੇ ਹੋਣਗੇ, 'ਜਵਾਈ ਨੇ ਤਾਂ ਨਿੱਤ ਦਿਨ ਆਉਣਾ ਤੇ ਜਵਾਈ ਦੇ ਭਾਈ ਨੇ ਕਿਹੜਾ ਰੋਜ਼ ਰੋਜ਼ ਆਉਣਾ। ਉਸ ਦੀ ਤਾਂ ਖ਼ੂਬ ਮੁੱਠੀ ਚਾਪੀ ਹੁੰਦੀ ਹੋਵੇਗੀ।' ਉਸ ਦੇ ਚਿਹਰੇ ਦਾ ਬੌਂਦਲ਼ਿਆ ਹੁਲੀਆ ਤੇ ਬਦਲਿਆ ਨਕਸ਼ਾ ਵੇਖ ਕੇ ਮੈਂ ਉਸ ਨੂੰ ਵਰਚਾਉਣ ਦੀ ਕੋਸ਼ਿਸ਼ ਕੀਤੀ। ਉਸ ਦਾ ਮਨ ਪਾਸੇ ਲਗਾਉਣ ਦੀ ਚਾਲ ਚੱਲੀ ਪਰ ਉਸ ਦੇ ਮੱਥੇ ਉੱਤੇ ਤਿਊੜੀਆਂ ਤੇ ਉਦਾਸੀਆਂ ਦੇ ਰੱਸੇ ਹੋਰ ਮੋਟੇ ਉੱਚੇ ਉੱਭਰ ਆਏ।

ਗੱਡੀ ਅਜੇ ਗਤੀ ਵਿਚ ਹੀ ਸੀ ਕਿ ਉਹ ਬਾਹਰ ਤਾਕੀ ਨਾਲ ਲਟਕਦਾ ਮੈਨੂੰ ਇਸ਼ਾਰਾ ਜਿਹਾ ਕਰ ਕੇ ਥੱਲੇ ਉੱਤਰ ਗਿਆ। ਗੱਡੀ ਰੁਕਣ 'ਤੇ ਕਿੰਨੀ ਦੇਰ ਬਾਅਦ ਕੋਈ ਇਕ ਫ਼ਰਲਾਂਗ ਪਿੱਛੇ ਚੱਲ ਕੇ ਮੈਂ ਵਾਪਸ ਮੁੜਿਆ। ਉਹ 'ਰਨਿੰਗ ਸਟਾਫ਼ ਰੈੱਸਟ ਹਾਊਸ' ਦੇ ਮੂਹਰੇ ਖੜ੍ਹਾ ਚੌਕੀਦਾਰ ਨਾਲ ਵਿਚਾਰ ਵਟਾਂਦਰਾ ਕਰ ਰਿਹਾ ਸੀ। ਉਸ ਦੇ ਚਿਹਰੇ 'ਤੇ ਉਵੇਂ ਦੀ ਉਵੇਂ ਵੀਰਾਨਗੀ ਲਟਕ ਰਹੀ ਸੀ।

'ਵੋਹ ਤੋਂ ਬਾਬੂ ਜੀ! ਰਾਤ ਕੋ ਆਏ ਥੇ। ਆਪਣੀ ਮੇਮ ਸਾਹਿਬ ਕੇ ਸਾਥ, ਰਾਤ ਰਹੇ ਔਰ ਸੁਬਹਾ ਟੈਕਸੀ ਮੇਂ ਕਹੀਂ ਚਲੇ ਗਏ। ਸ਼ਾਇਦ ਦੇਹਰਾਦੂਨ ਯਾ ਹਰਿਦੁਆਰ ਰਿਸ਼ੀਕੇਸ਼ ਕੇ ਦਰਸ਼ਨ ਕਰਨੇ ਕੇ ਲਿਏ।' ਚੌਕੀਦਾਰ ਦੀ ਕਹਾਣੀ ਨੇ ਉਸ ਨੂੰ ਹੋਰ ਸੱਤੀਂ ਕੱਪੜੀਂ ਅੱਗ ਲਗਾ ਦਿੱਤੀ। ਟੈਕਸੀ ਵਿਚ ਬੈਠ ਕੇ ਘਰ ਪਹੁੰਚੇ। ਇਹ ਉਸ ਦਾ ਸਹੁਰਾ ਘਰ ਸੀ, ਉਸ ਦੇ ਦੱਸਣ ਤੋਂ ਬਿਨਾਂ ਹੀ ਮੈਂ ਸਮਝ ਗਿਆ। ਇਕ ਬਜ਼ੁਰਗ ਔਰਤ ਕੁੰਡਾ ਖੋਲ੍ਹਦੀ ਹੈਰਾਨ ਜਿਹੀ ਹੋ ਗਈ। ਭਾਪੇ ਨੇ ਪੈਰੀਂ ਹੱਥ ਲਾਇਆ। ਔਰਤ ਨੇ ਸਿਰ ਪਲ਼ੋਸਿਆ।

'ਬੱਚੇ ਠੀਕ ਨੇ ਪੁੱਤ?...ਬਿਨਾਂ ਦੱਸੇ? ਉਨ੍ਹਾਂ ਨੂੰ ਵੀ ਨਾਲ ਲੈ ਆਉਂਦੋਂ।' ਖ਼ੈਰੀਅਤ ਤਾਂ ਹੈ?' ਮਾਤਾ ਦੀ ਹੈਰਾਨੀ ਨੇ ਉਸ ਦੀ ਪਰੇਸ਼ਾਨੀ 'ਚ ਹੋਰ ਤੂਫ਼ਾਨ ਮਚਾ ਦਿੱਤੇ।

'ਇੰਦੂ...?' ਉਸ ਦੀ ਆਵਾਜ਼ ਬਹਿਕੀ ਹੋਈ ਸੀ।

'ਹਾਂ ਪੁੱਤ? ਕੀ ਹੋਇਆ? ਕਿੱਥੇ ਇੰਦੂ? ਕੀ ਹੋਇਆ ਮੇਰੀ ਇੰਦੂ ਨੂੰ?' ਮਾਤਾ ਨੇ ਮੱਥਾ ਘੁੱਟ ਲਿਆ।

ਜੁਆਬ ਦਿੱਤੇ ਬਗ਼ੈਰ ਉਹ ਅੰਦਰ ਬੈਠਕ ਵਿਚ ਜਾ ਵੜਿਆ। ਦੋ ਚਾਰ ਮਿੰਟ ਚਾਰ ਚੁਫੇਰੇ ਝਾਕਿਆ। ਅਗਲੇ ਆਉਣ ਵਾਲੇ ਸਮੇਂ ਦੀ ਰਣ-ਨੀਤੀ ਉਸ ਦੇ ਚਿਹਰੇ 'ਤੇ ਉੱਕਰ ਆਈ। ਮਾਤਾ ਦਾ ਲਿਆਂਦਾ ਪਾਣੀ ਦਾ ਗਿਲਾਸ ਤੇ ਫਿਰ ਕੋਕ ਵਾਰੋ ਵਾਰੀ ਇੱਕੋ ਡੀਕੇ ਉਸ ਨੇ ਅੰਦਰ ਡਕਾਰ ਲਏ। ਕਿੰਨਾ ਚਿਰ ਚੁੱਪ ਪਸਰੀ ਰਹੀ। ਮਾਤਾ ਉਸ ਦੇ ਬੁੱਲ੍ਹਾਂ 'ਚੋਂ ਸ਼ਬਦਾਂ ਦੀ ਉਡੀਕ ਕਰਦੀ ਰਹੀ। ਉਸ ਦੀਆਂ ਨਜ਼ਰਾਂ ਕਦੇ ਮਾਤਾ ਵੱਲ ਤੇ ਕਦੇ ਕੰਧਾਂ 'ਤੇ ਪਾਸੇ ਟੰਗੀਆਂ ਤਸਵੀਰਾਂ ਕਲੰਡਰਾਂ ਦੇ ਨਾਪ ਤੋਲ ਕਰਦੀ ਰਹੀ। ਚੌਕੀਦਾਰ ਦੀ ਹਰਿਦੁਆਰ ਵਾਲੀ ਇਤਲਾਹ ਉਸ ਨੂੰ ਠੀਕ ਵਜ਼ਨਦਾਰ ਜਾਪੀ।

'ਉਹ ਬੜੀ ਧਾਰਮਿਕ ਵਿਚਾਰਾਂ ਵਾਲੀ ਇਸਤਰੀ ਹੈ ਤੇ ਮੈਨੂੰ ਕਈ ਵੇਰਾਂ ਕਹਿ ਚੁੱਕੀ ਹੈ ਹਰਿਦੁਆਰ ਜਾਣ ਲਈ...ਪਰ...ਪਰ...ਮੈਂ ਹੀ ਪਾਪੀ, ਉਸ ਲਈ ਸਮਾਂ ਨਾ ਕੱਢ ਸਕਿਆ। ਚਲੋ! ਚੰਗਾ ਹੋਇਆ। ਆਪੇ ਗਈ, ਆਪੇ ਆ ਜਾਏਗੀ, ਇੱਥੇ ਹੀ ਤਾਂ ਆਏਗੀ।' ਉਸ ਦੀਆਂ ਸੋਚਾਂ ਨੇ ਕੁੱਝ ਕੁੱਝ ਤਸੱਲੀ ਉਸ ਦੀ ਝੋਲ਼ੀ ਪਾ ਦਿੱਤੀ। ਉਸ ਨੇ ਹਉਕਾ ਲਿਆ। ਇੰਦੂ ਤੋਂ ਬਿਨਾਂ ਇਸ ਘਰ ਦਾ ਚੌਗਿਰਦਾ ਉਸ ਨੂੰ ਵੱਢ ਵੱਢ ਖਾ ਰਿਹਾ ਸੀ। ਇੰਦੂ ਦੇ ਨਾਲ ਸਮਾਂ ਰਾਤ ਦਿਨ ਪਤਾ ਨਹੀਂ ਕਿਵੇਂ ਕਦ ਗੁਜ਼ਰ ਜਾਂਦੇ ਸਨ ਪਰ ਇਹ ਕੁੱਝ ਮਿੰਟ ਹੀ ਉਸ ਲਈ ਸਾਲਾਂ ਜਿੰਨੇ ਲੰਮੇ ਲੱਗਣ ਲੱਗੇ।

ਨੌਕਰਾਣੀ ਚਾਹ ਨਾਸ਼ਤਾ ਰੱਖ ਗਈ, ਉਸ ਨੂੰ ਜ਼ਰਾ ਨਾ ਭਾਈ ਪਰ ਪੇਟ ਨੂੰ ਝੁਲਕਾ ਤਾਂ ਦੇਣਾ ਹੀ ਸੀ। ਖੌਰੇ ਮੇਰੀ ਸ਼ਰਮੋ ਕੁ-ਸ਼ਰਮੀ ਉਸ ਨੇ ਕੁੱਝ ਟੁਕੜੇ ਉਠਾਏ, ਮੈਨੂੰ ਇਸ਼ਾਰਾ ਕੀਤਾ ਤੇ ਚਾਹ ਪੀ ਕੇ ਢਹਿੰਦੇ ਅੰਦਰ ਨੂੰ ਢਾਸਣਾ ਦੇਣ ਦੇ ਕੋਸ਼ਿਸ਼ ਕੀਤੀ।

'ਚੱਲ ਸੱਜਣਾਂ! ਤੈਨੂੰ ਰੰਗਲੇ ਸਹਾਰਨਪੁਰ ਦੀ ਸੈਰ ਕਰਾਈਏ...ਤੂੰ ਵੀ ਕੀ ਯਾਦ ਕਰੇਂਗਾ।' ਆਪਣੇ ਅੰਦਰ ਦਾ ਦਰਦ ਸਮੇਟਦੇ ਹੁਣ ਉਹ ਮੇਰੇ ਆਰਾਮ ਵੱਲ ਮੁਹਾਣ ਕਰ ਤੁਰਿਆ। ਉਸ ਦੀਆਂ ਤਣੀਆਂ ਹੋਈਆ ਅੱਖਾਂ ਵਿਚ ਸਮੇਂ ਦੀ ਭਿਆਨਕਤਾ ਲਟਕ ਰਹੀ ਸੀ। ਲੱਗਦਾ ਸੀ ਜਿਵੇਂ ਉਹ ਆਪਣੀ ਦੁਖੀ ਆਤਮਾ ਕਿਸੇ ਹੋਰ ਪਾਸੇ ਉਲਝਾ ਕੇ ਆਪਣੇ ਕੁੱਝ ਪਲ ਰੰਗੀਨ ਕਰਨਾ ਚਾਹੁੰਦਾ ਸੀ।

'ਮੈਂ ਤੁਹਾਡਾ ਹਮਾਇਤੀ ਹਾਂ...ਪਰ...ਮੈਂ ਸੈਰਾਂ-ਸੂਰਾਂ ਦਾ ਬਹੁਤਾ ਸ਼ੌਕੀਨ ਨਹੀਂ, ਤੁਹਾਨੂੰ ਪਤਾ ਹੀ ਹੈ। ਸੈਰ ਤਾਂ ਸਰਕਾਰ ਹੀ ਏਨੇ ਕਰਾ ਦਿੰਦੀ ਹੈ ਕਿ ਹੋਰ ਅਜਿਹੇ ਵਾਧੂ ਭਰਮਣ ਦੀ ਤਮੰਨਾ ਹੀ ਨਹੀਂ ਰਹਿੰਦੀ।'

'ਓ ਨਹੀਂ ਦੋਸਤ! ਅੱਜ ਤੈਨੂੰ ਕੁੱਝ ਹੋਰ ਦਿਖਾਉਂਦੇ ਹਾਂ, ਦੁਰਲੱਭ ਨਜ਼ਾਰੇ।'

ਟੈਕਸੀ ਕਈ ਗ਼ਲੀਆਂ ਸੜਕਾਂ ਮਿੱਧਦੀ, ਕਈ ਚੌਰਾਹੇ ਪਾਰ ਕਰਦੀ ਭੀੜੀਆਂ ਗ਼ਲੀਆਂ ਵਿਚ ਜਾ ਵੜੀ।

'ਲੋ ਸਰ! ਇੱਧਰ ਹੀ ਜਾਉਗੇ ਨਾ? ਇਸ ਸੇ ਆਗੇ ਸਭ ਆਪ ਕੀ ਮੰਜ਼ਿਲੇ-ਮਕਸੂਦ ਹੈ।' ਜਿਵੇਂ ਟੈਕਸੀ ਵਾਲੇ ਨੂੰ ਪਹਿਲਾਂ ਹੀ ਉਸ ਦੀ ਮੰਜ਼ਿਲ ਦਾ ਪਤਾ ਸੀ, ਉਸ ਨੇ ਉੱਥੇ ਉਤਾਰ ਦਿੱਤਾ।

ਅਜਨਬੀ ਸਮਝ ਕੇ ਕੁੱਝ ਦਲਾਲ ਜਾਪਦੇ ਬੁੱਢੇ, ਜਵਾਨ, ਛੋਟੇ ਵੱਡੇ ਅੱਗੇ ਆਏ। 'ਇੱਧਰ ਆਓ ਨਾ ਸਾਹਿਬ ਜੀ। ਏ. ਵੰਨ ਪੀਸ।'

'ਵੋਹ ਦੇਖੋ...ਕਿੰਨਾ ਅੱਛਾ ਮਾਲ! ਜੈਸਾ ਕਹੋਗੇ ਵੈਸਾ ਮਿਲੇਗਾ।'

'ਸਭ ਸੇ ਅੱਛਾ, ਔਰ ਸਭ ਸੇ ਸਸਤਾ।' ਤਰ੍ਹਾਂ ਤਰ੍ਹਾਂ ਦੀਆਂ ਆਵਾਜ਼ਾਂ ਨੇ ਸਵਾਗਤ ਕੀਤਾ।

'ਕਿੱਥੇ ਲੈ ਆਏ ਓ ਭਾਪਾ ਜੀ?' ਮੇਰੇ ਲਈ ਇਹ ਨਵੀਂ ਤੇ ਨਿਵੇਕਲੀ ਮੰਜ਼ਿਲ ਸੀ।

'ਆ ਜਾ! ਤੂੰ ਦੇਖਦਾ ਰਹੁ।' ਉਸ ਨੇ ਆਪਣੇ ਕਾਲਰ ਸਿੱਧੇ ਕੀਤੇ। ਹੈਟ ਨੂੰ ਹਿਲਾਇਆ, ਖਿਸਕਾਇਆ ਤੇ ਫਿੱਟ ਕੀਤਾ।

'ਉੱਧਰ ਦੇਖ! ਉੱਪਰ!' ਉਸ ਦੇ ਬੁੱਲ੍ਹਾਂ 'ਤੇ ਮੁਸਕਾਨ ਫੁੱਟੀ। ਉੱਪਰ ਗਲੀ ਦੇ ਦੋਹੀਂ ਪਾਸੀਂ ਚੁਬਾਰਿਆਂ ਵਿਚ ਰੰਗ ਬਿਰੰਗੇ ਫ਼ੁਲ... ਵੇਖ ਕੇ ਮੈਨੂੰ ਝਰਨਾਹਟ ਜਿਹੀ ਛਿੜ ਗਈ। ਬਾਜ਼ਾਰ ਦੇ ਦੋਵੇਂ ਪਾਸੇ ਵਾਧਰੇ, ਬਾਲਕੋਨੀਆਂ ਵਿਚ ਬਾਹਰ ਨੂੰ ਸਿਰ ਕੱਢੀ ਲਟਕ ਰਹੀਆਂ ਔਰਤਾਂ, ਭੁੱਖੀਆਂ

ਨਜ਼ਰਾਂ! ਯਾਤਰੀਆਂ ਦੇ ਖੀਸੇ ਮਿਣ ਰਹੀਆਂ ਸਨ।

'ਇਹ ਮਰਵਾਏਗਾ ਮੈਨੂੰ ਵੀ ਅੱਜ, ਆਪ ਤਾਂ ਮਰਿਆ ਹੀ ਹੈ।' ਮੈਂ ਚਰਿੱਤਰਹੀਣਤਾ ਦੇ ਠੱਪੇ ਤੋਂ ਬਚਣਾ ਚਾਹੁੰਦਾ ਸੀ।

'ਆ ਜਾ ਬੀਬਾ! ਵੇਖ ਲੈ ਨਜ਼ਾਰੇ।' ਉਹ ਪੌੜੀਆਂ ਚੜ੍ਹ ਗਿਆ ਤੇ ਮੈਂ ਵੀ ਪਿੱਛੇ ਪਿੱਛੇ। ਦੋ ਚਾਰ ਪੰਜ, ਵੱਖ ਵੱਖ ਉਮਰ, ਵੱਖੋ ਵੱਖ ਰੰਗ, ਨਸਲਾਂ ਦੀਆਂ ਔਰਤਾਂ ਇੱਧਰ ਉੱਮਡ ਪਈਆਂ, ਜਿਵੇਂ ਬੋਹੜ ਵਾਲੇ ਚੌਕ ਵਿਚ ਇਮਾਰਤੀ ਮਜ਼ਦੂਰ ਕਿਸੇ ਠੇਕੇਦਾਰ ਨੂੰ ਵੇਖ ਕੇ ਉਮਡਦੇ ਹਨ।

'ਨਹੀਂ...ਨਹੀਂ...ਅਰੇ ਬਈ...ਪਹਿਲੇ ਮੁਝੇ ਅੰਮਾਂ ਕੋ ਮਿਲਾਓ।'

'ਕੰਜਰੀ ਬਣਿਆਂ ਮੇਰਾ ਕੁਛ ਨਾ ਘਟਦਾ ਮੈਨੂੰ ਨੱਚ ਨੱਚ ਯਾਰ ਮਨਾਵਣ ਦੇ। ਉਹ ਮੇਰੀ ਪੌੜੀ ਚੜ੍ਹ ਆਇਆ ਮੈਨੂੰ ਘੁੱਟ ਘੁੱਟ ਗਲ਼ ਨਾਲ ਲਾਵਣ ਦੇ।'

ਪੜਦੇ ਉਹਲੇ ਝਾਂਜਰਾਂ ਦੀ ਛਣਕਾਰ ਤੇ ਮਿੱਠਾ ਮਧੁਰ ਸੰਗੀਤ ਜਿਵੇਂ ਸਾਨੂੰ ਜੀਅ ਆਇਆਂ ਕਹਿ ਰਿਹਾ ਸੀ। ਵਿਭਚਾਰ ਦਾ ਨੰਗਾ ਨਾਚ ਤੇ ਆਰਥਿਕ ਮਜਬੂਰੀਆਂ ਦੀ ਝਲਕ ਜੋ ਅਖ਼ਬਾਰਾਂ ਦੇ ਪੰਨੇ 'ਤੇ ਪੜ੍ਹਦਾ ਸੀ, ਸਾਹਮਣੇ ਵੇਖ ਕੇ ਮੈਂ ਕਿੰਨਾ ਚਿਰ ਸਿਰ ਉਤਾਂਹ ਨਾ ਚੁੱਕ ਸਕਿਆ।

'ਹਾਂ ਬੋਲੀਏ...ਹਜ਼ੂਰ! ਬੈਠੀਏ...ਏਕ ਜਾਂ ਦੋਨੋਂ? ਠਹਿਰੋਗੇ? ਹਮਾਰੇ ਪਾਸ ਇਤਨਾ ਟਾਈਮ ਨਹੀਂ ਹੋਤਾ, ਕਾਮ ਕੀ ਬਾਤ ਕਰੀਏ।' ਅੰਮਾਂ ਨੇ ਇਕ ਦਮ ਲਾਗੇ ਪਈ ਕੂੰਜੀ ਵਿਚ ਪਾਨ ਦੀ ਪਚਕਾਰੀ ਮਾਰਦਿਆਂ ਆਪੇ ਕਈ ਸਵਾਲ ਜਵਾਬ ਕਰ ਦਿੱਤੇ। ਚਿੱਟੀ ਚਤੱਈ ਉੱਪਰ ਪਏ ਢੋਲਕੀ ਛੈਣੇ, ਹਰਮੋਨੀਅਮ, ਸਿਤਾਰ, ਝਾਂਜਰਾਂ ਤੇ ਧੁਖਦੇ ਧੂਫ਼ ਸੁਗੰਧੀਆਂ ਕਿਸੇ ਰੰਗਸ਼ਾਲਾ ਦਾ ਭੁਲੇਖਾ ਪਾਉਂਦੇ ਸਨ।

'ਅਰੇ ਅੰਮਾਂ! ਬੰਦਾ-ਕੁਬੰਦਾ ਤੋਂ ਦੇਖ ਲੀਆ ਕਰ...ਹਮ ਠਹਿਰਨੇ ਕੇ ਲਿਏ ਨਹੀਂ ਆਏ... ਹਮ ਸਰਕਾਰੀ ਅਧਿਕਾਰੀ ਹੈਂ। ਇੰਸਪੈਕਸ਼ਨ ਕਰਨੇ ਆਏ ਹੈਂ।'

'ਧੰਨਭਾਗ ਹਮਾਰੇ! ਆਓ! ਹਮ ਕੌਨ ਸਾ ਗ਼ਲਤ ਕਾਮ ਕਰਤੇ ਹੈਂ? ਮਨੋਰੰਜਨ ਕਰਤੇ ਹੈਂ ਲੋਗੋਂ ਕਾ। ਯਹ ਦੇਖੋ ਸਭ ਸਾਜ਼ ਸਾਮਾਨ! ਗਾਨੇ ਵਜਾਨੇ ਕਾ, ਭੰਗੜੇ ਕਾ, ਗਿੱਧੇ ਕਾ। ਬਾਕੀ ਆਪ ਸੇ ਕਿਆ ਛੁਪਾਨਾ? ਆਪ ਸਭ ਜਾਨਤੇ ਹੈਂ। ਕਾਲ ਗਰਲਜ਼ ਭੀ ਹੈਂ ਹਮਾਰੇ ਪਾਸ, ਆਪ ਜੈਸੇ ਸਾਹਿਬੋਂ ਕੇ ਲਿਏ।' ਅੰਮਾਂ ਨੇ ਉੱਠ ਕੇ ਸਾੜ੍ਹੀ ਦਾ ਪੱਲੂ ਸਿਰ ਉੱਪਰ ਕਰ ਲਿਆ। ਉਸ ਦੀ ਬਲਾਊਜ਼ 'ਚੋਂ ਬਾਹਰ ਲਟਕਦੇ ਉਸ ਦੀ ਵਿੱਤੋਂ ਵੱਧ ਭਾਰੇ ਬੇਮੁਹਾਰੇ ਅੰਗ ਉਸ ਨੇ ਅੰਦਰ ਛੁਪਾਉਣ ਦੀ ਨਿਸਫਲ ਕੋਸ਼ਿਸ਼ ਕੀਤੀ।

'ਹਮ ਮਸਾਜ ਭੀ ਕਰਤੇ ਹੈਂ। ਔਰਤੋਂ ਔਰ ਮਰਦੋਂ ਕੇ ਲਿਯੇ ਹਮਾਰੇ ਅਲੱਗ ਅਲੱਗ ਪ੍ਰਬੀਨ ਔਰ ਉਸਤਾਦ ਕਾਰੀਗਰ ਉਨ ਕੀ ਸੇਵਾ ਕਰਤੇ ਹੈਂ। ਬੀਮਾਰ ਬੇਜਾਨ ਨਸੋਂ ਮੇਂ ਜਾਨ ਭਰਤੇ ਹੈਂ, ਜਾਨਦਾਰ ਤਾਕਤਵਰ ਨਸੋਂ ਕੋ ਤੇਜ਼-ਤਰਾਰ ਕਰਤੇ ਹੈ ਟੰਨ ਕਰਤਾ। ਔਰ ਸੈਕਸ ਸੇ ਡਰਤਾ ਦੂਰ ਭਾਗਤਾ ਆਦਮੀ ਹੋ ਜਾਂ ਔਰਤ, ਆਪਨੇ ਆਪ ਚਲਾ ਆਤਾ ਹੈ ਹਮਾਰੇ ਪਾਸ, ਜ਼ਿੰਦਗੀ ਦਾ ਲੁਤਫ਼ ਉਠਾਮੇ ਕੇ ਲਿਏ।' ਉਹ ਪਾਨ ਚਬਾਉਂਦੀ ਵਿਖਿਆਨ ਕਰਦੀ ਰਹੀ।

'ਹਾਂ ਬੋਲੋ! ਕਿਆ ਖ਼ਿਦਮਤ ਕਰੇਂ? ਪਹਿਲੇ ਕੁੱਝ ਖਾ ਪੀ ਲੋ... ਨਾਸ਼ਤਾ ਕਰ ਲੋ। ਦਾਅਵਤ ਕਰਦਾ ਉਸ ਦਾ ਪੇਸ਼ਾਵਰਾਨਾ ਜੁਆਬ ਕੁੱਝ ਚਾਪਲੂਸਾਂ ਜਿਹਾ ਹੋ ਗਿਆ।

'ਨਹੀਂ, ਹਮੇਂ ਭੀ ਜਲਦੀ ਹੈ।' ਭਾਰਗੋ ਨੇ ਵੀ ਅਵੇਸਲੇ ਜਿਹੇ ਬੇਪਰਵਾਹੀ ਨਾਲ ਅਫ਼ਸਰਾਂ ਵਾਲੀ ਫੁੰਕਾਰ ਮਾਰੀ।

'ਤੋ ਚਲੋ...ਕੈਸੀ ਇੰਸਪੈਕਸ਼ਨ ਕਰੋਗੇ?'

'ਹਮ ਉਨ ਸਭ ਕੀ ਸਿਹਤ ਦੇਖੇਂਗੇ, ਮੁਆਇਨਾ ਕਰੇਂਗੇ।'

'ਕੌਨ ਸੀ ਨਈ ਬਾਤ ਹੈ, ਜੋ ਮਰਜ਼ੀ ਦੇਖੋ, ਜੋ ਮਰਜ਼ੀ ਕਰੋ। ਕਿਸੀ ਕੋ ਕੋਈ ਬਿਮਾਰੀ ਨਹੀਂ ਹੈ, ਤਾਜ਼ਾ ਹੈਂ ਸਭ ਏਕਦਮ।'

ਬਾਲਕੋਨੀ ਵਿਚ ਪ੍ਰਵੇਸ਼ ਕਰਨ ਤਕ ਸਭਨਾਂ ਦੇ ਅੱਧਨੰਗੇ ਬਦਨਾਂ ਦੇ ਬਲਾਊਜ਼ ਉੱਤਰੇ ਦੇਖ ਕੇ ਮੈਂ ਸ਼ਰਮਸਾਰ ਹੋ ਗਿਆ। ਮੈਂ ਇਸ ਬੇਸ਼ਰਮੀ ਨਾਲ ਪਾਣੀ ਪਾਣੀ ਹੋ ਗਿਆ। ਬੜੀ ਬੇਰਹਿਮੀ ਤੇ ਬੜੀ ਬੇਕਿਰਕੀ ਵਹਿਸ਼ੀਪੁਣੇ ਨਾਲ ਉਸ ਨੇ ਉਨ੍ਹਾਂ ਸਭਨਾਂ ਦੇ ਬੇਪਰਦਾ ਹੋਏ ਚੌਖਟੇ ਟੋਹ ਟੋਹ ਕੇ ਖਿੱਚ ਖਿੱਚ ਕੇ ਇਵੇਂ ਮਸਲੇ ਮਰੋੜੇ ਜਿਵੇਂ ਕੱਦੂ ਕਰੇਲੇ ਦੀ ਖ਼ਰੀਦਦਾਰੀ ਸਮੇਂ...। ਜਿਵੇਂ ਘਰ ਦੀ ਉਲਝਣ ਦਾ ਗ਼ੁੱਸਾ ਉਨ੍ਹਾਂ ਦੀਆਂ ਪਿੰਡਲੀਆਂ 'ਚੋਂ ਹੀ ਕੱਢ ਦੇਣਾ ਚਾਹੁੰਦਾ ਹੋਵੇ। ਪਰ ਹਾਂ ਏਨਾ ਜ਼ਰੂਰ ਕਿ ਇੱਥੇ ਉਸ ਦੇ ਮਨੋਰੰਜਨ ਤੇ ਦਿਲ-ਬਹਿਲਾਵੇ ਨੇ ਉਸ ਦਾ ਆਪਣਾ ਅੰਦਰਲਾ ਦੁੱਖ ਭੁਲਾ ਦਿੱਤਾ।

'ਹਾਂ ਬਈ ਬੋਲੋ।' ਉਹ ਮੇਰੀ ਸਲਾਹ ਪੁੱਛਣ ਲੱਗਾ।

'ਨਹੀਂ...ਨਹੀਂ, ਮੈਂ ਨਹੀਂ।' ਮੈਂ ਬਾਰ ਬਾਰ ਨਾਂਹ ਕੀਤੀ।

'ਅਰੇ ਵਾਹ ਛੋਕਰੇ! ਅਭੀ ਨਾਂਹ ਕਰਤੇ ਹੋ ਤੋ ਆਗੇ ਕਿਆ ਕਰੋਗੇ? ਕੌਨ ਸਾ ਸ਼ਤੀਰ ਤੋੜੋਗੇ!' ਪਾਨ ਮਸਲਦੀ ਅੰਮਾ ਮੈਨੂੰ ਮੁਖ਼ਾਤਬ ਹੋਈ।

'ਮੈਂ ਇਹਨਾਂ ਗੱਡੀਆਂ ਵਾਹਨਾਂ ਦਾ ਬੈਲ ਨਹੀਂ।'

'ਤੋ ਯਹਾਂ ਮਾਂ ਚੁਦਾਨੇ ਆਏ, ਹੋ, ਸ਼ਰੀਫ਼ ਅਨਾੜੀ ਕਾ ਇੱਧਰ ਕਿਆ ਕਾਮ!' ਉਸ ਦੇ ਗ਼ੁੱਸੇ ਦੀ ਪਚਕਾਰੀ ਨੇ ਮੇਰੇ ਪੈਰ ਉਖਾੜ ਦਿੱਤੇ।

ਮੈਨੂੰ ਉਂਗਲ ਦਾ ਇਸ਼ਾਰਾ ਕਰਦਾ ਉਹ ਇਕ ਛੋਟੀ ਬਾਲੜੀ ਜਿਹੀ ਨੂੰ ਉਂਗਲ ਲਗਾ ਕੇ ਅੰਮਾਂ ਦੇ ਪਿੱਛੇ ਹੋ ਤੁਰਿਆ।

'ਨੱਥ ਉਤਾਰੋਗੇ ਇਸਕੀ?' ਉਸ ਨੂੰ ਸੰਬੋਧਤ ਅੰਮਾਂ ਦੇ ਮੱਥੇ ਮੁਸਕਰਾਹਟ ਨਿੱਤਰ ਆਈ।

ਮੈਂ ਸਿਰ ਫੇਰ ਕੇ ਕਾਲਖ ਤੋਂ ਆਪਣਾ ਆਪ ਬਚਾ ਕੇ ਬੇਦਾਗ਼ ਚਰਿੱਤਰ ਲੈ ਕੇ ਬਾਹਰ ਨਿਕਲ ਆਇਆ।

ਲੋਕਾਂ ਦੀ ਕਹੀ ਦੱਸੀ ਕਹਾਣੀ ਮੇਰੇ ਸਾਹਮਣੇ ਪ੍ਰਤੱਖ ਹੋ ਗਈ ਕਿ ਉਹ ਜਦ ਵੀ ਕਿਤੇ ਸਰਕਾਰੀ ਦੌਰੇ 'ਤੇ ਗਿਆ, ਦਿੱਲੀ, ਆਗਰਾ, ਲਖਨਊ ਜਾਂ ਹੋਰ ਕਈ ਥਾਂਈਂ ਜਿੱਥੇ ਉਸ ਨੂੰ ਜਾਣ ਦਾ ਮੌਕਾ ਮਿਲਿਆ, ਉਹ ਇਹਨਾਂ ਚੁਬਾਰੇ ਵਾਲੀਆਂ ਪੌੜੀਆਂ ਚੜ੍ਹਨੋਂ ਕਦੇ ਨਹੀਂ ਖੁੰਝਿਆ। ਉੱਥੋਂ ਆਪਣਾ ਖ਼ੂਨ ਪਾਣੀ ਬਦਲ ਲੈਂਦਾ ਤੇ ਨਾਲੇ ਸਪੈਸ਼ਲ ਸਟਾਫ਼ ਦੱਸ ਕੇ ਆਪਣਾ ਚਾਹ ਪਾਣੀ ਦੀ ਸੇਵਾ ਕਰਵਾ ਆਉਂਦਾ। ਜਦ ਕਦੇ ਛੀ ਛਮਾਹੀ ਕਿਸੇ ਹੋਟਲ ਕਲੱਬ ਵਿਚ ਕੈਬਰੇ ਡਾਂਸ ਦੀ ਖ਼ਬਰ ਮਿਲਦੀ ਇਹ ਅਗਾਊਂ ਹੀ ਆਪਣੀ ਬੁਕਿੰਗ ਕਰਵਾ ਲੈਂਦਾ। ਮੈਂ ਥੱਲੇ ਆ ਕੇ ਉਸੇ ਚੌਕ ਵਿਚ ਜਿੱਥੋਂ ਟੈਕਸੀ ਛੱਡ ਕੇ ਗਏ ਸੀ, ਚੋਰ ਦੀ ਮਾਂ ਵਾਂਗ ਉਸ ਦੀ ਇੰਤਜ਼ਾਰ ਕਰਨ ਲੱਗਾ।

ਮੇਰੀ ਹੈਰਾਨੀ ਦੀ ਕੋਈ ਹੱਦ ਨਾ ਰਹੀ ਜਦ ਇਕ ਟੈਕਸੀ 'ਚੋਂ ਹੱਸਦੀ ਖੇਲ੍ਹਦੀ ਚੜ੍ਹਗਿਲ੍ਹੀਆਂ ਮਚਾਉਂਦੀ ਇਕ ਦੂਸਰੇ ਦੇ ਹੱਥ ਫੜੀ ਇਕ ਜੋੜੀ ਥੱਲੇ ਉੱਤਰੀ।

'ਆਉ ਡਾਰਲਿੰਗ ਤੁਹਾਨੂੰ ਅੱਜ ਇਕ ਨਵੀਂ ਅਲੋਕਾਰ ਜ਼ਿੰਦਾ ਫ਼ਿਲਮ ਦਿਖਾਵਾਂ।' ਆਦਮੀ ਨੇ ਚੁਬਾਰਿਆਂ ਵੱਲ ਉਂਗਲ਼ ਕੀਤੀ। ਇਸ ਤੋਂ ਪਹਿਲਾਂ ਕਿ ਉਹ ਕੁੱਝ ਜੁਆਬ ਦਿੰਦੀ, ਮੇਰੀਆਂ ਅੱਖਾਂ ਨਾਲ ਟਕਰਾ ਗਈਆਂ ਅੱਖਾਂ ਬੇਸ਼ਰਮੀ ਵਿਚ ਡੁੱਬ ਗਈਆਂ।

'ਮੈਡਮ ਇੰਦੂ!' ਮੇਰੇ ਜੁੜੇ ਹੋਏ ਬੁੱਲ੍ਹ ਮਸੀਂ ਹਰਕਤ ਵਿਚ ਆਏ।

'ਤੁਸੀਂ ਇੱਥੇ ਕਿੱਦਾਂ?' ਉਸ ਨੇ ਵਾਲ਼ਾਂ ਦੀਆਂ ਲਿਟਾਂ ਨੂੰ ਸੰਵਾਰਦੇ, ਲਾਲ ਸੁਰਖ਼ ਹੋਠਾਂ ਤੋਂ ਮੋਤੀਆਂ ਵਰਗੇ ਦੰਦਾਂ ਦੀ ਮੁਸਕਰਾਹਟ ਖਿਲਾਰਦੇ ਆਪਣੀ ਘਬਰਾਹਟ ਛੁਪਾਉਂਦੇ ਪੁੱਛ ਕੀਤੀ।

'ਭਾਪਾ ਜੀ ਵੀ ਅੰਦਰ ਨੇ।' ਮੇਰੇ ਮੂੰਹੋਂ ਸੁਣ ਕੇ ਉਹ ਸੁੰਗੜ ਕੇ ਬੌਣੀ ਜਿਹੀ ਹੋ ਗਈ। ਉਸ ਦੇ ਮੱਥੇ ਦੀ ਬਿੰਦੀ ਤੇ ਬੁੱਲ੍ਹਾਂ ਦੀ ਲਿਪਸਟਿਕ ਇਕ ਦਮ ਰੰਗ ਬਦਲ ਗਈ।

'ਹਾਏ ਮੈਂ ਮਰਗੀ! ਉਨ੍ਹਾਂ ਨੂੰ ਨਾ ਦੱਸੀਂ।' ਉਸ ਨੇ ਉਂਗਲ਼ ਹਿਲਾਉਂਦੇ ਤਰਲਾ ਜਿਹਾ ਕੀਤਾ ਤੇ ਚੁੱਪ-ਚੁਪੀਤੇ ਗੁੰਮ-ਸੜੁੰਮ ਉਸੇ ਟੈਕਸੀ ਵਿਚ ਵੇਖਦੇ ਵੇਖਦੇ ਮੇਰੀਆਂ ਨਜ਼ਰਾਂ ਤੋਂ ਉਹਲੇ ਹੋ ਗਏ।

ਏਨੇ ਨੂੰ ਭਾਰਗੋ ਜੀ ਵੀ ਕੱਪੜੇ ਝਾੜਦੇ ਟੋਪ ਸੰਵਾਰਦੇ ਆਣ ਪਹੁੰਚੇ, ਇਸ ਯਾਦਗਾਰੀ ਚੌਕ ਵਿਚ। ਮੈਂ ਕੁੱਝ ਨਾ ਬੋਲਿਆ। ਟੈਕਸੀ ਵਿਚ ਬੈਠ ਕੇ ਵਾਪਸ ਘਰ ਦੇ ਰਸਤੇ ਪੈ ਗਏ।

'ਮੈਂ ਵਾਪਸ ਜਾਵਾਂਗਾ।' ਮੇਰਾ ਚਿੱਤ ਉੱਕਾ ਹੀ ਅੱਕ ਗਿਆ ਸੀ ਇਸ ਬੇਲੋੜੀ ਤੇ ਬਿਗਾਨੀ ਸਿਰਦਰਦੀ ਨਾਲ।

'ਅੰਨ੍ਹੇ ਨੂੰ ਕਾਣਾ ਸੌ ਵਲ਼ ਭੰਨ ਕੇ ਮਿਲ ਪੈਂਦਾ ਹੈ, ਮਿਲਦੇ ਰਹਿਣ। ਮੈਂ ਚੰਗਾ ਭਲਾ ਸੁਜਾਖਾ ਹੋ ਕੇ ਇਹਨਾਂ ਅੰਨ੍ਹਿਆਂ ਵਿਚ ਕਿਉਂ ਸ਼ਾਮਲ ਹੋਵਾਂ।' ਮਨ ਹੀ ਮਨ ਵਿਚ ਖ਼ੁਸ਼ਕੀ ਭੋਰਦੇ ਮੈਂ ਨਾ-ਮਿਲਵਰਤਨ ਦਾ ਫ਼ੈਸਲਾ ਕਰ ਲਿਆ।

'ਮੈਨੂੰ ਛੁੱਟੀ ਬਖ਼ਸ਼ੋ ਸਰ! ਬਹੁਤ ਰੱਜ ਹੋ ਗਿਆ। ਤੁਸੀਂ ਸਹੁਰੇ ਘਰ ਐਸ਼ ਆਰਾਮ ਕਰੋ।'

'ਨਹੀਂ, ਚਲੋ ਘਰ ਚੱਲਦੇ ਹਾਂ। ਤੇਰੀ ਭਰਜਾਈ ਵੀ ਆ ਗਈ ਹੋਵੇਗੀ ਹੁਣ ਤਕ। ਸ਼ਾਮ ਨੂੰ ਕਹੇਂ ਤਾਂ ਵਾਪਸ ਮੁੜ ਜਾਵਾਂਗੇ।' ਭਾਪੇ ਨੇ ਆਦਤ ਅਨੁਸਾਰ ਚੁਟਕੀ ਮਾਰੀ।

'ਕੌਣ ਸੀ? ਟੈਕਸੀ ਵਿਚ?' ਉਸ ਦੀ ਅਚਾਨਕ ਪੁੱਛਣੀ 'ਤੇ ਮੇਰਾ ਸਰੀਰ ਪੈਰ ਦੀ ਚੀਚੀ ਤਕ ਕੰਬ ਗਿਆ। ਹੁਣ ਖ਼ੈਰ ਨਹੀਂ, ਝੂਠ ਮਾਰੇ ਵੀ ਮਰੇ ਤੇ ਸੱਚ ਬੋਲੇ ਵੀ ਮਰੇ। ਮੁਖ਼ਬਰੀ ਕਰਨੀ ਮੇਰੀ ਆਦਤ ਵਿਚ ਸ਼ਾਮਲ ਨਹੀਂ ਸੀ।

'ਲਵਰਜ਼ ਸੀ ਵਿਚਾਰੇ...ਅਜਨਬੀ! ਦੋ ਪੰਛੀ।' ਪਤਾ ਨਹੀਂ ਮੇਰੇ ਮੂੰਹੋਂ ਕਿਵੇਂ ਕਹਿ ਹੋ ਗਿਆ।

'ਕੀ ਪੁੱਛਦੇ ਸੀ? ਕੀ ਮੰਗਦੇ ਸੀ? 'ਲਵਰਜ਼ ਲਾਂਜ ਦਾ ਸਿਰਨਾਵਾਂ ਪੁੱਛਦੇ ਸੀ।' ਮੈਂ ਪਿੱਛੇ ਮੁੜ ਕੇ ਅਵੇਸਲੇ ਜਿਹੇ ਜੁਆਬ ਦਿੱਤਾ।

'ਇਹ ਸਾਹਮਣੇ ਹੀ ਤਾਂ ਹੈ, ਤੂੰ ਦੱਸ ਦਿੰਦਾ ਵਿਚਾਰਿਆਂ ਨੂੰ। ਉਹ ਵੀ ਐਸ਼ ਕਰਦੇ।' ਉਸ ਨੇ ਆਪਣੀ ਭਰਪੂਰ ਵਾਕਫ਼ੀ ਦਾ ਇਜ਼ਹਾਰ ਕਰਾਇਆ।

ਕਿੰਨੀ ਬੇਲੋੜੀ ਜਿਹੀ ਪੁੱਛ ਸੀ... ਤੇ ਜੁਆਬ ਵੀ, ਜਦ ਕਿ ਇਕ ਅਨਾੜੀ ਨੂੰ ਵੀ ਪਤਾ ਹੋ ਸਕਦਾ ਕਿ ਜਿਹੜੇ ਪ੍ਰੇਮੀ ਟੈਕਸੀ ਤੇ 'ਲਵਰਜ਼ ਲਾਂਜ' ਲਈ ਆਏ ਹੋਣ, ਉਹ ਮੇਰੇ ਜਿਹੇ ਅਣਜਾਣ ਵਿਅਕਤੀ ਕੋਲੋਂ ਨਾਂਹ ਸੁਣ ਕੇ ਵਾਪਸ ਦੌੜ ਗਏ ਹੋਣ। ਮੈਂ ਰੱਬ ਦਾ ਸੌ ਸੌ ਸ਼ੁਕਰ ਕੀਤਾ। ਇਕੇਰਾਂ ਬਲਾ ਟਲ਼ ਗਈ ਸੀ ਤੇ ਮੈਂ ਝੂਠ ਬੋਲਣ ਦੇ ਪਾਪ ਤੋਂ ਵੀ ਬਚ ਗਿਆ ਸਾਂ।

ਘਰ ਨੇੜੇ ਪਹੁੰਚ ਕੇ ਉਸ ਦੇ ਚਿਹਰੇ ਦਾ ਰੰਗ ਕੁੱਝ ਕੁੱਝ ਮੁੜ ਆਇਆ। ਦੂਰੋਂ ਹੀ ਟੈਕਸੀ 'ਚ ਬੈਠੇ ਉਸ ਨੇ ਘਰ ਦੀ ਛੱਤ 'ਤੇ ਕੋਈ ਇੰਦੂ ਵਰਗੀ ਔਰਤ ਵੇਖ ਲਈ ਸੀ।

'ਆ ਗਈ... ਹਾਂ...ਔਹ ਵੇਖ ਆ ਗਈ ਵਿਚਾਰੀ ਜਿਵੇਂ ਮੇਰਾ ਹੀ ਰਾਹ ਉਡੀਕ ਰਹੀ ਹੈ ਕੋਠੇ ਚੜ੍ਹ ਕੇ।' ਉਹ ਟੈਕਸੀ ਵਿਚੋਂ ਬੁੜ੍ਹਕ ਪਿਆ।

'ਹਾਂ...ਹਾਂ, ਉਹੀ ਹੈ...ਮੈਡਮ...ਇੰਦੂ। ਹਰਿਦੁਆਰ ਦੀ ਸੈਰ ਕਰ ਆਏ ਨੇ। ਉਹ ਗੰਗਾ ਦੀ ਹਰ ਕੀ ਪੌੜੀ ਦਾ ਇਸ਼ਨਾਨ ਵੀ ਕਰ ਆਏ ਹੋਣਗੇ, ਜ਼ਾਹਿਰ ਹੈ।' ਹਾਂ ਨਾਲ ਹਾਂ ਮਿਲਾਉਂਦੇ ਮੈਂ ਉਸ ਦੀ ਖ਼ੁਸ਼ੀ ਵਿਚ ਸ਼ਾਮਲ ਹੋ ਗਿਆ।

ਘਰ ਵੜਦੇ ਨੂੰ ਪਹਿਲਾਂ ਇਕ ਬਾਬੂ ਜੀ ਨੇ ਬੜੀ ਗਰਮ ਜੋਸ਼ੀ ਨਾਲ ਸਵਾਗਤ ਕੀਤਾ ਤੇ ਉਸ ਨੂੰ ਗਲਵੱਕੜੀ ਵਿਚ ਜਕੜ ਲਿਆ, ਜਿਵੇਂ ਉਹੀ ਮੇਜ਼ਬਾਨ ਹੋਵੇ, ਘਰ ਦਾ ਮਾਲਕ ਹੋਵੇ। ਮੇਰਾ ਜਾਣਿਆਂ ਪਛਾਣਿਆਂ, ਉਹੀ ਨਿਰਾਲਾ ਗਾਰਡ! ਜਿਸ ਨੂੰ ਮੈਂ ਕੁੱਝ ਦੇਰ ਪਹਿਲਾਂ ਭਾਬੀ ਇੰਦੂ ਨਾਲ ਲਵਰਜ਼ ਚੌਕ ਵਿਚ ਤੇ ਉਸ ਤੋਂ ਕਈ ਵੇਰਾਂ ਪਹਿਲਾਂ ਰੇਲਾਂ ਗੱਡੀਆਂ ਸਟੇਸ਼ਨਾਂ 'ਤੇ ਵੇਖਿਆ ਸੀ, ਭਾਪੇ ਭਾਰਗੋ ਨਾਲ। ਮੈਡਮ ਇੰਦੂ ਹੱਥ ਵਿਚ ਪਾਣੀ ਦੇ ਗਿਲਾਸ ਤੇ ਪਿੱਛੇ ਨਾਲ ਹੀ ਨੌਕਰਾਣੀ, ਚਾਹ ਦੀ ਟਰੇਅ ਵਿਚ ਭੁਜੀਆ, ਮਠਿਆਈ ਤੇ ਗਰਮ ਗਰਮ ਨਾਸ਼ਤਾ ਨਮਕੀਨ ਪੀਸ ਜੋ ਸ਼ਾਇਦ ਹੁਣੇ ਹੁਣੇ ਤਾਜ਼ਾ ਤਾਜ਼ਾ ਬਾਜ਼ਾਰ ਵਿਚੋਂ ਲੈ ਕੇ ਆਏ ਸਨ, ਮੇਜ਼ 'ਤੇ ਰੱਖ ਗਈ। ਪਾਣੀ ਰੱਖ ਕੇ ਮੈਡਮ ਇੰਦੂ ਬੜੀ ਅਪਣੱਤ ਨਾਲ ਭਾਰਗੋ ਵੱਲ ਵਧੀ। ਉਸ ਨੇ ਘੁੱਟ ਕੇ ਗਲਵੱਕੜੀ 'ਚ ਲਿਆ। ਕਿੰਨਾ ਚਿਰ ਬਾਅਦ ਉਨ੍ਹਾਂ ਦਾ ਇਹ ਬੰਧਨ ਮੁਕਤ ਹੋਇਆ। ਜਦ ਅਲੱਗ ਹੋਏ, ਦੋਹਾਂ ਦੀਆਂ ਅੱਖਾਂ ਵਿਚ

ਅੱਥਰੂ ਸਨ। ਮਗਰਮੱਛ ਵਾਲੇ ਅੱਥਰੂ! ਜੋ ਪਹਿਲਾਂ ਮੈਂ ਕਈ ਵੇਰਾਂ ਭਾਰਗੋ ਦੇ ਦੇਖਦਾ ਸੀ, ਅੱਜ ਇੰਦੂ ਭਾਬੀ ਦੀਆਂ ਅੱਖਾਂ ਵਿਚ ਵੀ ਵੇਖ ਕੇ ਆਪਣੇ ਆਪ ਵਿਚ ਜ਼ਮਾਨੇ ਨੂੰ ਦੁਰ-ਲਾਅਨਤ ਕਿਹਾ। ਭਾਬੀ ਨੇ ਦੁਪੱਟੇ ਨਾਲ ਮੂੰਹ ਗੱਲ੍ਹਾਂ ਸਾਫ਼ ਕੀਤੀਆਂ ਤੇ ਭਾਪੇ ਨੇ ਮੇਜ਼ 'ਤੇ ਪਿਆ ਮੇਜ਼ਪੋਸ਼ ਵਰਤ ਲਿਆ। ਨਿਹਾਲਾ ਗਾਰਡ ਚਾਹ ਦੀਆਂ ਚੁਸਕੀਆਂ ਭਰਨ ਲੱਗਾ। ਅਸੀਂ ਵੀ ਸਾਰੇ ਉਸ ਨਾਲ ਸ਼ਾਮਲ ਹੋ ਗਏ। ਇਕ ਡੂੰਘੀ ਚੁੱਪ ਪਸਰ ਗਈ, ਕਿਸੇ ਨੇ ਕੁੱਝ ਨਾ ਪੁੱਛਿਆ, ਕਿਸੇ ਨੇ ਕੁੱਝ ਨਾ ਦੱਸਿਆ, ਕੋਈ ਕੁੱਝ ਨਾ ਬੋਲਿਆ।

'ਜੋ ਹੋਇਆ ਸੋ ਹੋਇਆ, ਮਿੱਟੀ ਪਾਓ ਇਸ ਚੈਪਟਰ 'ਤੇ।' ਭਾਰਗੋ ਦੀ ਅੰਦਰਲੀ ਆਤਮਾ ਦੀ ਆਵਾਜ਼ ਸੀ।

'ਤੁਸੀਂ ਤਾਂ ਕਿੰਨੀ ਦੇਰ ਟਰਕਾਉਂਦੇ ਰਹੇ, ਮੈਂ ਕਿਹਾ ਚਲੋ ਇਸ ਬਹਾਨੇ ਤੀਰਥਾਂ ਦੇ ਦਰਸ਼ਨ ਕੀਤੇ ਜਾਣ। ਇਹਨਾਂ ਨੂੰ ਵੀ ਤਕਲੀਫ਼ ਦਿੱਤੀ, ਮੈਂ ਹੀ ਇਹਨਾਂ ਦੀ ਛੁੱਟੀ ਕਰਾਈ ਅੱਜ ਦੀ।' ਭਾਬੀ ਇੰਦੂ ਦੇ ਮੂੰਹ 'ਚੋਂ ਜਿਵੇਂ ਫ਼ੁਲ ਕਿਰ ਪਏ।

'ਚੰਗਾ ਕੀਤਾ ਤੁਸਾਂ, ਮੇਰੇ ਪਾਪੀ ਦੇ ਨਾਮ ਦੀ ਵੀ ਟੁੱਭੀ ਲਾ ਆਉਣੀ ਸੀ।' ਭਾਪੇ ਦੀ ਸ਼ਰਮਿੰਦਗੀ ਤੇ ਢੀਠਪੁਣਾ ਉਸ ਦੀ ਜ਼ੁਬਾਨ 'ਤੇ ਆ ਗਏ।

'ਇਕ ਨਹੀਂ ਜੀ! ਮੈਂ ਕਈ ਟੁੱਭੀਆਂ ਲਗਾਈਆਂ ਤੁਹਾਡੇ ਨਾਮ ਦੀਆਂ, ਆਪਣੇ ਨਾਮ ਦੀਆਂ, ਤੇ ਕਈ ਹੋਰ।' ਗਾਰਡ ਨੇ ਉਸ 'ਤੇ ਅਹਿਸਾਨ ਜਤਾਇਆ।

'ਬੱਸ ਜੀ ਬੱਸ, ਏਨਾ ਕਹਿ ਕੇ ਤੁਸੀਂ ਵੀ ਪਾਪ ਦੇ ਭਾਗੀ ਨਾ ਬਣੋ। ਕਿਸੇ ਦੀ ਲਾਈ ਟੁੱਭੀ ਕਿਸੇ ਹੋਰ ਦੇ ਕੰਮ ਨਹੀਂ ਆਉਂਦੀ, ਇਹ ਤੁਹਾਡੇ ਆਪਣੇ ਹੀ ਕਰਮ ਨੇ ਜੋ ਲੇਖੇ ਲਗਦੇ ਨੇ। ਇਹ ਹੁਣ ਆਪ ਜਾਣਗੇ, ਆਪੇ ਗੋਤੇ ਲਾ ਕੇ ਆਪਣੇ ਕਰਮ ਸਫਲੇ ਕਰਨਗੇ। ਆਪਣੇ ਪਾਪ ਧੋਣਗੇ।'

ਇੰਦੂ ਨੇ ਵਡੇਰਿਆਂ ਵਾਲੀ ਸੁਣਾ ਕੇ ਦੋਹਾਂ ਦੀ ਤਸੱਲੀ ਕਰਵਾ ਦਿੱਤੀ ਪਰ ਮੇਰੇ ਮਨ ਵਿਚ ਕਈ ਹੋਰ ਡਰ ਤੌਖਲੇ ਖੜ੍ਹੇ ਕਰ ਦਿੱਤੇ, ਮਤਾਂ ਮੈਨੂੰ ਇਹ ਹੋਰ ਅੱਗੇ ਨਾ ਲੈ ਤੁਰੇ, ਟੁੱਭੀ ਲਗਾਉਣ ਲਈ। ਭਾਪੇ ਨੇ ਮੇਰੇ ਵੱਲ ਕਈ ਸਵਾਲ ਕਰਦੀਆਂ ਅੱਖਾਂ ਘੁੰਮਾਈਆਂ।

'ਨਹੀਂ ਭਾਅ ਜੀ! ਮੈਂ ਤਾਂ ਆਪਣੇ ਘਰ ਹੀ ਚੁੱਭੀ ਲਗਾ ਲੂੰਗਾ, ਅੰਤਰ ਧਿਆਨ ਹੋ ਕੇ।' ਮੈਂ ਇਨਕਾਰਨਾ ਚਾਹਿਆ।

ਮਾਈਕਰੋ-ਉਵਨ ਦੀ ਵਿਸਲ ਜਿਹੀ ਵੱਜੀ! ਚਟਕ-ਪਟੱਕ ਵਿਚ ਮੱਛੀ ਦੀ ਮਹਿਕ ਖਿੱਲਰੀ ਤੇ ਪਲੇਟ ਮੇਜ਼ 'ਤੇ ਆ ਪਹੁੰਚੀ। ਭਾਬੀ ਨੇ ਅੱਖਾਂ ਨਾਲ ਕੁੱਝ ਰਮਜ਼ ਮਾਰੀ। ਭਾਰਗੋ ਨੇ ਉੱਠ ਕੇ ਅਲਮਾਰੀ ਖੋਲ੍ਹੀ। ਬੋਤਲ ਕੱਢ ਕੇ ਹਵਾ ਵਿਚ ਉੱਪਰ ਉਲਾਰ ਕੇ ਨਿਹਾਰੀ ਤੇ ਮੇਜ਼ 'ਤੇ ਟਿਕਾ ਦਿੱਤੀ। ਗਿਲਾਸ ਨਾਲੋ ਨਾਲ ਹੀ ਆਣ ਟਿਕੇ, ਜਿਵੇਂ ਇਹ ਸਾਰੀ ਤਿਆਰੀ ਪਹਿਲਾਂ ਹੀ ਹੋ ਚੁੱਕੀ ਸੀ।

'ਇਹ ਮੱਛੀ! ਬੜੀ ਲਪਟਾਂ ਭਰੀ! ਇਹ ਵੀ ਹਰਿਦੁਆਰ ਤੋਂ ਲੈ ਕੇ ਆਏ ਓ?' ਮੈਂ ਇਸ ਗੁੰਗੇ ਜਿਹੇ ਵਾਤਾਵਰਨ ਵਿਚ ਬੋਲ ਭਰਨ ਦੀ ਕੋਸ਼ਿਸ਼ ਕੀਤੀ।

'ਨਹੀਂ ਇਹ ਤਾਂ ਇੱਥੇ ਦੀ ਹੀ ਹੈ, ਲੋਕਲ।'

'ਇਹ ਵੀ ਤਾਂ ਬੜੀ ਪਵਿੱਤਰ ਹੋਵੇਗੀ ਵਿਚਾਰੀ, ਆਖ਼ਰ ਉਨ੍ਹਾਂ ਹੀ ਪਵਿੱਤਰ ਪਾਣੀਆਂ ਦੀ ਪੈਦਾਇਸ਼ ਹੈ। ਕਿੰਨਾ ਚਿਰ ਨਹਾਉਂਦੀ ਰਹੀ ਹੈ ਇਹ ਪਵਿੱਤਰ ਪਾਣੀਆਂ ਵਿਚ। ਇਹ ਰੱਬ ਦੇ ਬਹੁਤ ਨੇੜੇ ਹੋਵੇਗੀ।' ਇਕ ਹਾਸਾ ਜਿਹਾ ਉੱਭਰਿਆ, ਭਾਵੇਂ ਕਿ ਮੈਂ ਅਜਿਹੀ ਧਾਰਮਿਕ ਚੋਟ ਲਗਾਉਣ ਤੋਂ ਡਰਦਾ ਤੇ ਕਤਰਾਉਂਦਾ ਹਾਂ। ਕੰਨਾਂ ਨੂੰ ਹੱਥ ਲਗਾਉਂਦਾ ਹਾਂ, 'ਮੁਆਫ਼ ਕਰਨਾ' ਭੁੱਲ ਬਖ਼ਸ਼ਾਉਂਦਾ ਹਾਂ।

'ਛਕੋ ਜੀ, ਉਠਾਓ! ਚੀਅਰਜ਼!' ਨਿਹਾਲੇ ਨੇ ਇਕ ਹੱਥ ਗਲਾਸੀ ਉੱਪਰ ਉਠਾਈ ਤੇ ਦੂਸਰੇ ਹੱਥ ਮੱਛੀ ਦਾ ਟੁਕੜਾ ਮੂੰਹ ਵੱਲ ਵਧਾਇਆ।

'ਪੀਓ ਔਰ ਜੀਓ...ਫ਼ਾਰ ਦਾ ਬੈੱਸਟ ਹੈਲਥ ਆਫ਼ ਭਾਰਗੋ।' ਕਹਿ ਕੇ ਨਿਹਾਲੇ ਨੇ ਸ਼ੁੱਭ

ਆਰੰਭ ਕੀਤਾ।

'ਖਾਓ ਪੀਓ, ਜਿਹੜੀ ਕਸਰ ਇਸ਼ਨਾਨ ਕਰਦੇ ਰਹਿ ਗਈ, ਉਹ ਹੁਣ ਇਹ ਮੱਛੀ ਖਾ ਕੇ ਪੂਰੀ ਹੋ ਜਾਏਗੀ, ਤੁਸੀਂ ਸਿੱਧੇ ਹੀ ਸਵਰਗਾਂ ਨੂੰ ਜਾਉਗੇ, ਰਸਤੇ ਵਿਚ ਕੋਈ ਵੀ ਰੁਕਾਵਟ ਨਹੀਂ ਆਏਗੀ।' ਮੈਂ ਵੀ ਉਨ੍ਹਾਂ ਦੀਆਂ ਛਿਲਤਰਾਂ 'ਚ ਸ਼ਾਮਲ ਹੁੰਦਾ, ਪੀਸ ਦਬਾਉਂਦਾ, ਗਲਾਸੀ ਮੂੰਹ ਨੂੰ ਲਾ ਲਈ।

ਪਲੋ ਪਲੀ ਬੋਝਲ ਜਿਹੇ ਬਿਮਾਰ ਵਾਤਾਵਰਨ ਵਿਚ ਪਹਾੜੀ ਚਸ਼ਮਿਆਂ ਜਿਹਾ ਸੰਗੀਤਕ ਮਾਹੌਲ ਪੈਦਾ ਹੋ ਗਿਆ। ਹੁਣ ਨਾ ਭਾਰਗੋ ਸੀ, ਨਾ ਨਿਹਾਲਾ, ਨਾ ਇੰਦੂ...ਸਾਰੇ ਇਕ ਦੂਸਰੇ ਵਿਚ ਡੁੱਬ ਚੁੱਕੇ ਸਨ। ਇੰਦੂ ਨੇ ਸਾਹਮਣੇ ਤਾਂ ਨਹੀਂ ਸੀ ਪੀਤੀ ਪਰ ਉਸ ਦੇ ਪੈਰਾਂ ਦੇ ਹੁਲਾਰਿਆਂ ਤੇ ਅੱਖਾਂ ਦੇ ਝਮਕਾਰਿਆਂ ਵਿਚੋਂ ਸ਼ੈਂਮਪੇਨ ਸਾਫ਼ ਡੁੱਲ੍ਹ ਡੁੱਲ੍ਹ ਪੈ ਰਹੀ ਸੀ।

ਬੱਤੀਆਂ ਜਗ ਪਈਆਂ ਪਰ ਉਨ੍ਹਾਂ ਦੇ ਅੱਜ ਵਾਪਸ ਮੁੜਨ ਦਾ ਕੋਈ ਸੰਕੇਤ ਨਾ ਮਿਲਦਾ ਵੇਖ ਕੇ ਮੈਂ ਹੌਸਲਾ ਹਾਰ ਬੈਠਾ। ਬਹਾਨਾ ਜਿਹਾ ਬਣਾ ਕੇ ਅੱਖਾਂ ਮੀਟ ਕੇ ਦੂਸਰੇ ਪਾਸੇ ਮੂੰਹ ਕਰ ਕੇ ਪੈ ਗਿਆ। ਮੈਨੂੰ ਚੰਗਾ ਸਰੂਰ ਜਿਹਾ ਹੋ ਗਿਆ। ਰਾਤ ਬਾਰਾਂ ਕੁ ਵਜੇ ਪਾਸਾ ਪਰਤਿਆ। ਭਾਰਗੋ ਮੇਰੇ ਨਾਲ ਪਿਆ ਫਰ੍ਹਾਟਿਆਂ ਵਰਗੇ ਘੁਰਾੜੇ ਮਾਰ ਮਾਰ ਮੈਨੂੰ ਆਪਣੀ ਹੋਂਦ ਦਾ ਅਹਿਸਾਸ ਜਤਾ ਰਿਹਾ ਸੀ।

ਵਿਸ਼ਵਾਸਘਾਤੀ ਦੁਨੀਆ ਦੀ ਅਜਿਹੀ ਝਲਕ ਨੇ ਮੈਨੂੰ ਪੀੜ ਪੀੜ ਕਰ ਦਿੱਤਾ। ਇਸ ਫੇਰੀ ਨੇ ਮੇਰੀ ਕਾਇਆਂ ਕਲਪ ਕਰ ਦਿੱਤੀ। ਪਲਕ ਝਲਕ ਵਿਚ ਉੱਪਰੋਥਲੀ ਟੱਕਰੇ ਸੂਹੇ ਹਾਦਸਿਆਂ ਨੇ ਮੇਰੇ ਜੀਵਨ-ਸੋਚ ਵਿਚ ਅਵਾਰਗੀ ਬੇਪ੍ਰਤੀਤੀ ਭਰ ਦਿੱਤੀ।

ਸੁਣਿਆ ਸੀ ਕਿ ਲੋਕ ਆਪਣਾ ਅਧਿਆਤਮਕ ਭਵਿੱਖ ਸੰਵਾਰਨ ਲਈ ਧਰਮ ਦੁਆਰੇ ਜਾਂਦੇ ਹਨ, ਗਿਆਨ ਲੈਣ ਲਈ ਉੱਥੇ ਜਾਂਦੇ ਹਨ, ਨਾਮ ਲੈਣ ਲਈ ਜਾਂਦੇ ਹਨ ਪਰ ਮੈਨੂੰ ਉੱਥੇ ਜਾਣ ਤੋਂ ਬਿਨਾਂ ਹੀ ਇਹ ਸਭ ਕੁੱਝ ਮਿਲ ਗਿਆ ਅਤੇ ਇਸ ਸਭ ਤੋਂ ਉੱਪਰ ਆਪਣੇ ਬਾਸ ਦਾ ਨਜ਼ਰੇ-ਮਨਜ਼ੂਰ ਅਤੇ ਵਿਸ਼ਵਾਸ-ਪਾਤਰ ਬਣਨ ਦਾ ਸਬੱਬ! ਮੇਰੇ ਹੱਥ ਆ ਗਿਆ। ਮੈਂ ਦਫ਼ਤਰ ਆਉਂਦੇ ਆਪਣੇ ਆਪ ਨੂੰ ਥਾਣੇ ਤੋਂ ਮੁੜੀ ਖੋਤੀ ਵਾਂਗ ਉੱਚਾ ਉੱਚਾ ਬਦਲਿਆ ਬਦਲਿਆ ਗਰਦਾਨਿਆਂ।

'ਕਿੱਥੇ ਉਡਾਰੀ ਮਾਰ ਗਿਆ ਸੀ! ਬਿਨਾਂ ਪੁੱਛੇ ਦੱਸੇ?' ਮੈਂ ਵੀਹ ਚੱਕਰ ਲਾਏ ਤੇਰੇ ਘਰ।' ਹਰਭਾਨ ਨੇ ਵਾਜਬ ਜਿਹੇ ਨਿਹੋਰੇ ਨਾਲ ਹਿਰਖ ਜਤਾਇਆ ਸੀ।

'ਮੈਨੂੰ ਵੀ ਭਰਾਵਾ ਆਪਣੀ ਡਿਊਟੀ ਨਾਲ ਜ਼ਿਆਦਾ ਤੇਹ ਜਿਹਾ ਹੋਣ ਲੱਗਾ ਹੈ ਹੁਣ ਤੇਰੇ ਵਾਂਗ।' ਮੈਂ ਚੋਟ ਮਾਰ ਕੇ ਭਾਨ ਤੋਂ ਕੰਨੀਂ ਕਤਰਾਉਣ ਦੀ ਠਾਣੀ।

'ਮੁਬਾਰਕ ਤੈਨੂੰ, ਮੁਬਾਰਕ ਭਈ! ਪਾਰਟੀ ਹੋ ਗੀ।' ਹਰਭਾਨ ਨੇ ਲੰਬਾ ਹੱਥ ਵਧਾਇਆ। ਉਸ ਦੀ ਮੁਬਾਰਕ ਨਾਲ ਮੈਂ ਸਮਝ ਗਿਆ। ਮੈਨੂੰ ਉਡੀਕ ਸੀ, ਉਮੀਦ ਸੀ, ਕਿਸੇ ਖ਼ਾਸ ਖ਼ਬਰ ਦੀ।

'ਬਦਲੀ ਹੋ ਗੀ ਤੇਰੀ ਤੇਰੇ ਘਰ, ਤੇਰੇ ਸ਼ਹਿਰ ਵਿਚ।'

ਸੱਚ ਮੁਚ ਹੀ ਮੇਰੀ ਇਹ ਤੀਰਥ ਯਾਤਰਾ ਬੜੀ ਸਫਲ ਰਹੀ। ਮੈਂ ਮਨ ਹੀ ਮਨ ਵਿਚ ਗੱਦ ਗੱਦ ਹੋ ਉੱਠਿਆ। ਮੈਂ ਭਾਰਗੋ ਨਾਲ ਅਜਿਹੀ ਦੋਸਤਾਨਾ ਸਾਂਝ ਰੱਖਣ ਲਈ ਮਜਬੂਰ ਸਾਂ ਹਾਲਾਂਕਿ ਮੈਨੂੰ ਉਸ ਦੀਆਂ ਇਹ ਲੇਂਝ ਹਰਕਤਾਂ ਕਤਈ ਪਸੰਦ ਨਹੀਂ ਸਨ। ਇਹ ਉਸ ਨੂੰ ਵੀ ਪਤਾ ਸੀ ਕਿ ਮੈਂ ਅੰਦਰਖਾਤੇ ਦਿੱਲੀ ਦਫ਼ਤਰ ਵਿਚ ਉੱਚਤਮ ਅਧਿਕਾਰੀਆਂ ਕੋਲ਼ ਉਸ ਦੀ ਸ਼ਿਕਾਇਤ ਵੀ ਲਗਾ ਰੱਖੀ ਸੀ ਉੱਪਰ।

'ਇਕ ਹੋਰ ਮੁਬਾਰਕ।'

'ਅਰੇ ਯਾਰ ਦੱਸ ਤਾਂ ਸਹੀ।...ਦਿਖਾ ਆਰਡਰ।' ਮੈਂ ਉਤਾਵਲਾ ਬੇਸਬਰਾ ਜਿਹਾ ਹੋ ਗਿਆ।

'ਚੁੱਪ ਕਰ, ਦੱਸੀਂ ਨਾ ਕਿਸੇ ਨੂੰ, ਮੈਂ ਲਿਫ਼ਾਫ਼ਾ ਖੋਲ੍ਹ ਕੇ ਫਿਰ ਬੰਦ ਕਰ ਦਿੱਤਾ, ਆਪੇ ਆ ਕੇ ਖੋਹਲੂ। ਉਸ ਵਿਚ ਉਸ ਲਈ ਇਕ ਸੀਲ-ਬੰਦ ਲਿਫ਼ਾਫ਼ਾ ਵੀ ਹੈ, ਜ਼ਰੂਰ ਠੋਕੂ ਹੋਊ ਕੋਈ।' ਹਰਭਾਨ ਨੇ ਮੇਰਾ ਦਿਲ ਜਿੱਤਣ ਲਈ ਫੀਲਰ ਸੁੱਟਿਆ। ਮੈਨੂੰ ਪਤਾ ਸੀ! ਉਹ ਦਿਮਾਗ਼ੀ ਤੌਰ 'ਤੇ ਕੁੱਝ ਡਰੂ ਹੋਣ ਕਰ ਕੇ ਉਸ ਦੀ ਚਾਕਰੀ ਕਰਦਾ ਸੀ ਪਰ ਨਾਲ ਹੀ ਮੇਰਾ ਵੀ ਪੂਰਾ ਇੱਜ਼ਤ ਮਾਣ

ਰੱਖਦਾ ਸੀ ਤੇ ਦਫ਼ਤਰ ਦੀ ਐਰੀ-ਗ਼ੈਰੀ ਗੁਪਤ ਖ਼ਬਰ ਮੇਰੇ ਤਕ ਪਹੁੰਚਾਉਂਦਾ ਰਹਿੰਦਾ ਸੀ।

'ਮੁਹਰ-ਬੰਦ ਲਿਫ਼ਾਫ਼ਾ ਵੀ ਤਾਂ ਖੋਲ੍ਹਿਆ ਹੋਊ ਤੂੰ?' ਮੈਂ ਉਸ ਨੂੰ ਹੋਰ ਨੇੜੇ ਹੋ ਕੇ ਮੋਢੇ ਤੇ ਹੱਥ ਧਰਦਿਆਂ ਭਰੋਸੇ ਵਿਚ ਲੈ ਕੇ ਪੁੱਛਿਆ।

'ਦੱਸੀਂ ਨਾ ਯਾਰ! ਮੇਰਾ ਮੱਕੂ ਨਾ ਬੰਨ੍ਹਾ ਦੇਵੀ। ਉਸ ਦੀ ਚਾਰਜ-ਸ਼ੀਟ ਹੈ ਇਸ ਵਿਚ ਕਿ ਉਸ ਨੇ ਗ਼ਲਤ ਦਸਤਾਵੇਜ਼ ਪੇਸ਼ ਕਰ ਕੇ ਨੌਕਰੀ ਹਾਸਲ ਕੀਤੀ। ਹੋਰ ਵੀ ਕਈ ਅਨੁਸ਼ਾਸਨ-ਹੀਣਤਾ ਦੇ ਇਲਜ਼ਾਮ ਨੇ।'

'ਚਲੋ ਹੁਸ਼ਿਆਰ ਆਦਮੀ ਹੈ ਚੱਲਦਾ ਪੁਰਜ਼ਾ, ਬੜਾ ਜੁਗਤੂ ਹੈ, ਕੁੱਝ ਨਹੀਂ ਵਿਗੜਨ ਲੱਗਾ ਉਸ ਦਾ।' ਮੈਂ ਸਪਸ਼ਟ ਕਹਿ ਦਿੱਤਾ ਜਿਵੇਂ ਉਸ ਦੇ ਕੁੱਝ ਵਿਗੜਨ ਦਾ ਮੈਨੂੰ ਕੋਈ ਚਾਅ ਨਹੀਂ ਸੀ।

ਦੋ ਚਾਰ ਦਿਨ ਦਫ਼ਤਰ ਵਿਚ ਹੁੰਮ੍ਹਸ ਜਿਹੀ ਰਹੀ। ਉਹ ਉਪਰਾਮ ਹੋਇਆ ਆਪਣੇ ਕਾਗ਼ਜ਼ ਪੱਤਰਾਂ ਮਿਸਲਾਂ ਦੀ ਫੋਲਾ ਫਾਲੀ ਕਰਦਾ ਰਿਹਾ। ਕਿਸੇ ਹੋਰ ਦਾ ਸਰਟੀਫਿਕੇਟ ਲੈ ਕੇ, ਨਾਮ ਦੀ ਜਗ੍ਹਾ ਚੇਪੀ ਲਗਾ ਕੇ, ਉਸ ਦੀ ਫ਼ੋਟੋ ਕਾਪੀ ਕਰਵਾ ਕੇ, ਆਪਣਾ ਨਾਮ ਟਾਈਪ ਕਰਵਾ ਕੇ ਆਪ ਦਸਤੀ ਉੱਪਰ ਦਿੱਲੀ ਲੈ ਕੇ ਚਲਾ ਗਿਆ। ਜਿਵੇਂ ਤਵੱਕੋ ਸੀ, ਉੱਪਰਲਿਆਂ ਨਾਲ ਹੱਥ ਮਿਲਾ ਕੇ ਉਸ ਦੇ ਸਾਰੇ ਗੁਨਾਹ ਗ਼ਬਨ ਮੁਆਫ਼ ਹੋ ਗਏ।

'ਸ਼ੁਕਰ ਹੈ ਤੇਰੀ ਹਰਿਦੁਆਰ ਦੀ ਲਾਈ ਟੁੱਭੀ ਨਾਲ ਮੇਰਾ ਪਾਰ-ਉਤਾਰਾ ਹੋ ਗਿਆ। ਤੀਰਥ-ਅਸਥਾਨ ਦੇ ਇਸ ਛੋਟੇ ਜਿਹੇ ਭਰਮਣ ਨੇ ਮੇਰੇ ਕਈ ਗੁੰਝਲਦਾਰ ਤੇ ਗੰਭੀਰ ਮਸਲੇ ਹੱਲ ਕਰ ਦਿੱਤੇ।'

ਬੜੀ ਭਾਵੁਕਤਾ ਨਾਲ ਉਸ ਨੇ ਆਪਣੀ ਘਰਵਾਲੀ ਦਾ ਧੰਨਵਾਦ ਕਰਦਿਆਂ ਉਸ ਦੇ ਮੱਥੇ 'ਤੇ ਪਿਆਰਾ ਜਿਹਾ ਬੋਸਾ ਲਾ ਦਿੱਤਾ। ਉਹ ਆਪ ਵੀ ਬਹੁਤ ਖ਼ੁਸ਼ ਤੇ ਉਸ ਦੀ ਘਰ ਵਾਲੀ ਉਸ ਤੋਂ ਵੀ ਵੱਧ ਪ੍ਰਸੰਨ ਸੀ।

ਮੈਂ ਕਈ ਦਿਨ ਉਡੀਕਦਾ ਰਿਹਾ, ਮੇਰੇ ਆਰਡਰ ਆ ਚੁੱਕੇ ਨੇ, ਮੈਨੂੰ ਫ਼ਾਰਗ ਕਰੇਗਾ ਅੱਜ ਹੀ ਜਾਂ ਕੱਲ੍ਹ ਪਰ ਉਹ ਆਪਣੇ ਮਾਨਸਿਕ ਜਾਂ ਘਰੇਲੂ ਭੰਬਲਭੂਸੇ 'ਚ ਫਸਿਆ ਇੱਧਰ ਉੱਧਰ ਘੁੰਮਦਾ ਰਿਹਾ। ਦਿੱਲੀ ਤੋਂ ਵਾਪਸ ਆਇਆ ਉਹ ਅਤਿਅੰਤ ਬਾਗੋ-ਬਾਗ਼ ਸੀ।

'ਆ ਭਈ! ਲੈ ਤੇਰੇ ਲਈ ਇਹ ਉੱਪਰਲੇ ਹੁਕਮ।' ਮੈਂ ਬਹੁਤ ਖ਼ੁਸ਼ੀ-ਖ਼ੁਸ਼ੀ ਹੁਕਮਨਾਮਾ ਪੜ੍ਹਿਆ। ਪੜ੍ਹ ਕੇ ਮੈਨੂੰ ਅਸਮਾਨ ਥੱਲੇ ਡਿਗਦਾ ਜਾਪਿਆ।

'ਅਗਲੇ ਆਦੇਸ਼ਾਂ ਤਕ --- ਦੀ ਬਦਲੀ ਰੋਕ ਦਿੱਤੀ ਗਈ ਹੈ।'

ਮੇਰੇ ਮੱਥੇ ਦਾ ਉਤਰਾਅ ਚੜ੍ਹਾਅ ਰੰਗੋਂ ਬਦਰੰਗ ਹੋਇਆ ਵੇਖ ਕੇ ਉਹ ਕੱਛਾਂ ਮਾਰਦਾ ਹੱਸਦਾ ਰਿਹਾ, ਮਾਨੋਂ ਉਸ ਦੀ ਚੜ੍ਹ ਮੱਚ ਗਈ ਹੋਵੇ।

'ਲੈ ਇਹ ਵੀ।' ਮੈਂ ਕੰਬਦੇ ਹੱਥਾਂ ਨਾਲ ਖੋਲ੍ਹਿਆ, ਪਤਾ ਨਹੀਂ ਇਸ ਵਿਚ ਹੋਰ ਕੀ ਸੱਪ ਠੂੰਹੇਂ ਹੋਣਗੇ।

ਉਸ ਤੋਂ ਪਹਿਲੀਆਂ ਤਰੀਕਾਂ ਦੇ ਹੁਕਮ ਸਨ ਉਹ ... ਮੇਰੇ ਤਬਾਦਲੇ ਦੇ।

'ਵੇਖਿਆ!...ਬਿੱਲੀ ਸ਼ੀਂਹ ਪੜ੍ਹਾਇਆ, ਉਹ ਬਿੱਲੀ ਨੂੰ ਖਾਵਣ ਆਇਆ। ਬਿੱਲੀ ਨੁਕਤੇ ਪੜ੍ਹਾਉਂਦੇ ਸਮੇਂ ਕੁੱਝ ਆਪਣੇ ਕੋਲ ਵੀ ਰੱਖ ਲੈਂਦੀ ਹੈ ਦਾਅ ਪੇਚ। ਮੈਂ ਤੁਹਾਨੂੰ ਖੁੱਲ੍ਹ-ਦਿਲੀ ਦਿੰਦਾ ਰਿਹਾ, ਜੋ ਮਰਜ਼ੀ ਕਰੋ, ਜਦ ਮਰਜ਼ੀ ਕਰੋ, ਮੇਰੇ ਸਿਰ 'ਤੇ ਮੌਜਾਂ ਕਰੋ ਪਰ ਇਕ ਗੱਲ ਯਾਦ ਰੱਖੋ, ਜਦ ਪੈਰ ਸੜਨ ਲਗਦੇ ਨੇ ਤਾਂ ਮਾਂ ਵੀ ਪੁੱਤਰ ਨੂੰ ਸੁੱਟ ਕੇ ਛਾਂ ਵੱਲ ਮਹਿਫ਼ੂਜ਼ ਟਿਕਾਣੇ ਵੱਲ ਦੌੜਦੀ ਹੈ।'

'ਜ਼ੋਰਾਵਰਾਂ ਦਾ ਸੱਤੀਂ ਵੀਹੀਂ ਸੌ। ਭਲਮਾਣਸੀ ਦਾ ਕੋਈ ਜ਼ਮਾਨਾ ਨਹੀਂ।' ਅੱਖਾਂ ਹੀ ਅੱਖਾਂ ਵਿਚ ਮੈਂ ਨਾਰਾਜ਼ਗੀ ਦੀ ਕੁੜੱਤਣ ਅੰਦਰ ਫੱਕ ਲਈ।

'ਜਿਹੜੀ ਗੱਲ ਦਾ ਤੂੰ ਮੈਥੋਂ ਓਹਲਾ ਰੱਖਿਆ, ਮੈਨੂੰ ਉਹ ਇੰਦੂ ਨੇ ਆਪੇ ਹੀ ਦੱਸ ਦਿੱਤੀ, ਉਹ

ਮੈਥੋਂ ਕੁਛ ਨੀਂ ਛੁਪਾਉਂਦੀ। ਤੂੰ ਉਸ ਦਿਨ ਉਸ ਕੋਲ਼ ਮੇਰੀ ਲੂਤੀ ਲਗਾਈ ਸੀ ਨਾ? ਕਿ ਮੈਂ ਚੁਬਾਰੇ ਚੜ੍ਹਿਆ ਸੀ! ਦਿਲ ਵਿਚ ਗੰਢ ਨਹੀਂ ਰੱਖੀ ਦੀ। ਇਹ ਕਈ ਪੇਚੇ ਪੰਗੇ ਪਾ ਦਿੰਦੀ ਹੈ।'

ਮੈਂ ਸਮਝ ਗਿਆ ਕਿ ਭਾਬੀ ਨੇ ਮੇਰੇ ਵੱਤਰ 'ਤੇ ਆਪਣਾ ਸਿਆੜ ਵਾਹ ਲਿਆ ਹੈ ਪਰ ਰਾਣੀ ਨੂੰ ਕੌਣ ਕਹੇ ਅੱਗਾ ਢਕ। ਮੇਰੇ ਵੱਲ ਉਸ ਦੀ ਅੰਦਰਲੀ ਰੰਜਸ਼ ਤੇ ਖੁੰਧਕ ਪ੍ਰਤੱਖ ਬਾਹਰ ਉਜਾਗਰ ਹੋ ਗਈ। ਬਿੱਲੀ ਥੈਲੇ ਤੋਂ ਬਾਹਰ ਨਿਕਲ ਆਈ ਤੇ ਉਸ ਨੇ ਆਖ਼ਰ ਆਪਣੀ ਕਿੜ ਕੱਢ ਹੀ ਲਈ। ਇੱਥੇ ਹੀ ਬੱਸ ਨਹੀਂ! ਪਤਾ ਨਹੀਂ ਇਹਨੇ ਦਿੱਲੀ ਜਾ ਕੇ ਕੀ ਕੂੜ ਤੂਫ਼ਾਨ ਇਲਜ਼ਾਮ ਲਗਾ ਦਿੱਤੇ ਜੋ ਇਸ ਦੀਆਂ ਟਿੱਪਣੀਆਂ ਨਾਲ ਮੇਰੀ ਬਦਲੀ ਰੁਕ ਗਈ। ਮੈਂ ਅੰਦਰੋਂ ਅੰਦਰ ਬਹੁਤ ਘਬਰਾ ਗਿਆ।

'ਤੁਮ ਹੀ ਨੇ ਦਰਦ ਦੀਆ ਹੈ ਤੁਮ ਹੀ ਦਵਾ ਦੇਨਾ।' ਅੰਦਰਲੀ ਪੀੜ ਅੰਦਰੇ ਹੀ ਸਮਾ ਕੇ ਮੈਂ ਉਸ ਨੂੰ ਫਲਾਉਣੀ ਜਿਹੀ ਦਿੱਤੀ। ਮੈਂ ਬੇਪ੍ਰਤੀਤੀ ਨਾਲ ਭਿੱਜਾ ਹਉਕਾ ਲਿਆ ਪਰ ਉਸ ਸਾਹਮਣੇ ਨਿਰਾਸਤਾ ਦਾ ਪ੍ਰਗਟਾਵਾ ਨਾ ਕੀਤਾ। ਮੈਂ ਅਜੇ ਉਸ ਦੀ ਫੋਕੀ ਹਮਦਰਦੀ ਵੀ ਨਹੀਂ ਸੀ ਗਵਾਉਣੀ ਚਾਹੁੰਦਾ। ਇਹ ਧੱਬੇ ਧੋਣ ਲਈ ਫੇਰ ਉਸੇ ਦੀਆਂ ਟਿੱਪਣੀਆਂ ਦੀ ਲੋੜ ਪੈਣੀ ਸੀ।

ਕੁੱਝ ਦਿਨਾਂ ਬਾਅਦ ਧੂੜ ਧੁੰਮਾਉਂਦੀਆਂ ਦਿੱਲੀ ਦੀਆਂ ਜੀਪਾਂ ਦਫ਼ਤਰ ਆ ਪੁੱਜੀਆਂ। ਵੱਡੇ ਪ੍ਰਸ਼ਾਸਨਕ ਅਧਿਕਾਰੀ! ਕਿੰਨੀ ਦੇਰ ਬਰੀਕੀ ਨਾਲ ਦਫ਼ਤਰ ਦੀ ਪੁਣ-ਛਾਣ ਤੇ ਪੜਤਾਲ ਕਰਦੇ ਸਾਰਿਆਂ ਕੋਲ਼ੋਂ ਵਿੰਗੇ-ਟੇਢੇ ਆਪ-ਵਿਰੋਧੀ ਸਵਾਲ ਪੁੱਛਦੇ ਰਹੇ। ਕੁੱਝ ਮਿਸਲਾਂ ਸੀਲਬੰਦ ਕਰ ਕੇ ਲੈ ਗਏ। ਜਾਂਦੇ ਹੀ ਸਾਰੇ ਸਟਾਫ਼ ਮੈਂਬਰਾਂ ਦੇ ਬਦਲੀ-ਹੁਕਮ! ਸਾਰਾ ਤਾਣਾ ਬਾਣਾ ਹੀ ਹਿਲਾ ਦਿੱਤਾ ਗਿਆ। ਮੇਰੀ ਆਪਣੀ ਇੱਛਾ ਅਨੁਸਾਰ ਹੋਈ ਘਰ ਦੀ ਬਦਲੀ ਰੱਦ ਕਰ ਕੇ ਹਿਸਾਰ, ਹਰਭਾਨ ਜੈਪੁਰ, ਤੇ ਕਾਲ਼ਾ ਫ਼ਰੀਦਾਬਾਦ। ਆਪ ਤੇ ਮਰੀ ਜਜਮਾਨ ਨੂੰ ਵੀ ਡੋਬਿਆ। ਉਹ ਮਰਦਾ ਡੁੱਬਦਾ, ਜਾਂਦਾ ਜਾਂਦਾ ਹੋਰਾਂ ਦੀਆਂ ਬੇੜੀਆਂ ਵਿਚ ਵੀ ਵੱਟੇ ਰੱਖ ਗਿਆ। ਉਸ ਦੀ ਬਦਲੀ ਦਿੱਲੀ ਦੀ ਹੋ ਗਈ ਸੀ, ਵੱਡੇ ਦਫ਼ਤਰ ਹੈੱਡ ਕੁਆਰਟਰ ਵਿਖੇ।

ਉਸ ਦਿਨ ਤੋਂ ਬਾਅਦ ਉਸ ਨਾਲ ਮੇਰੀ ਮੂੰਹ-ਜ਼ੋਰੀ ਆਹਮਣੋ-ਸਾਹਮਣੀ ਦੌੜ ਸ਼ੁਰੂ ਹੋ ਗਈ। ਮਾਨਸਿਕ ਪਾੜਾ ਵਧਦਾ ਗਿਆ। ਉਸ ਦੇ ਮਨ ਦਾ ਚੋਰ ਉਸ ਨੂੰ ਅੰਦਰੋਂ ਖਾਣ ਲੱਗਾ। ਉਸ ਨੇ ਮਹਿਕਮੇ ਨੂੰ ਲਿਖ ਕੇ ਦੇ ਦਿੱਤਾ ਕਿ ਉਸ ਨੂੰ ਮੇਰੇ ਤੋਂ ਖ਼ਤਰਾ ਹੈ ਤੇ ਇਕ ਰੁੱਕਾ ਲਿਖ ਕੇ ਉਸ ਨੇ ਹਮੇਸ਼ਾ ਲਈ ਆਪਣੀ ਜੇਬ ਵਿਚ ਰੱਖ ਲਿਆ ਕਿ ਜੇ ਉਸ ਦੀ ਅਚਨਚੇਤ ਮੌਤ ਹੋ ਜਾਵੇ ਜਾਂ ਕੋਈ ਹਾਦਸਾ ਵਾਪਰੇ, ਤਾਂ ਇਸ ਦਾ ਜ਼ਿੰਮੇਵਾਰ --- ਹੀ ਹੋਵੇਗਾ।

ਹਰਭਾਨ ਦੇ ਫ਼ੋਨ ਨੇ ਪਿਛਲੀਆਂ ਯਾਦਾਂ ਦੀ ਅਜਿਹੀ ਪੰਡੋਕਲ਼ੀ ਖੋਲ੍ਹ ਮਾਰੀ ਹੈ, ਮੈਂ ਬੇਆਰਾਮ ਹੁੰਦਾ ਹੋਇਆ ਵੀ ਆਨੰਦਤ ਹੋ ਰਿਹਾ ਸਾਂ। ਚਲੋ ਏਸੇ ਬਹਾਨੇ ਹਰਭਾਨ ਦੇ ਦਰਸ਼ਨ ਹੋਣਗੇ, ਹੋਰ ਪੁਰਾਣੇ ਸਾਥੀਆਂ ਦੇ ਦਰਸ਼ਨ ਹੋਣਗੇ ਜੋ ਉਸ ਦੀ ਕਿਰਪਾ ਸਦਕਾ ਅਮਰੀਕਾ ਪਹੁੰਚ ਗਏ ਸੁਣੇ ਹਨ। ਮੈਂ ਕਾਰ ਕੱਢ ਕੇ ਭੁੱਲੀਆਂ-ਭੁਲਾਈਆਂ ਛੱਡੀਆਂ-ਛੁਡਾਈਆਂ ਯਾਦਾਂ ਨੂੰ ਕੰਧਾੜੇ ਚੁੱਕ ਕੇ ਚੱਲ ਪਿਆ। ਜੀ.ਪੀ.ਐੱਸ. ਨੈਵੀਗੇਟਰ ਨੂੰ ਦੱਸੇ ਥਾਂ ਟਿਕਾਣੇ ਸੈੱਟ ਕਰ ਲਿਆ ਜੋ ਨਾਲ ਨਾਲ ਮੈਨੂੰ ਰਸਤਾ ਦੱਸਦਾ ਮੇਰੀ ਅਗਵਾਈ ਕਰਦਾ ਰਿਹਾ। ਮੈਨੂੰ ਯਾਦ ਆਇਆ, ਉਹ ਤਾਂ ਸਰਕਾਰ ਨੂੰ ਵੀ ਜਾਂਦਾ ਜਾਂਦਾ ਕਿਵੇਂ ਕਿੰਨਾ ਸਾਰਾ ਚੂਨਾ ਲਗਾ ਗਿਆ ਸੀ। ਤਿੰਨ ਸਾਲ ਨੌਕਰੀ ਵੱਧ ਕਰ ਗਿਆ, ਆਪਣੀ ਸੇਵਾ-ਮੁਕਤੀ ਦੀ ਉਮਰ ਤੋਂ ਬਾਅਦ। ਇਸ ਚਾਰਜ ਸੀਟ ਤੋਂ ਬਾਅਦ ਦੇ ਦਿੱਤੇ ਨਵੇਂ ਸਰਟੀਫਿਕੇਟ 'ਤੇ ਤਿੰਨ ਸਾਲ ਉਮਰ ਘੱਟ ਬਣਾ ਲਈ। ਉਸ ਨੇ ਅਫ਼ਸਰਾਂ ਦੀਆਂ ਅੱਖਾਂ ਵਿਚ ਅਜਿਹੀਆਂ ਮਿਰਚਾਂ ਪਾਈਆਂ ਕਿ ਉਨ੍ਹਾਂ ਇਹ ਕਾਗ਼ਜ਼ ਲੋੜੀਂਦੀ ਪੁਣਛਾਣ ਤੇ ਪੜਤਾਲ ਦੀ ਸਰਸਰੀ ਜਾਂ ਰਵਾਇਤੀ ਟੀਕਾ-ਟਿੱਪਣੀ ਤੋਂ ਬਿਨਾਂ ਹੀ ਨੁੱਕਰੇ ਲਗਾ ਦਿੱਤੇ ਮਿਸਲਾਂ ਵਿਚ। ਜਦ ਉਸ ਦੇ ਅਖੀਰਲੇ ਸਾਲ ਪੈਨਸ਼ਨ ਦਸਤਾਵੇਜ਼ ਤਿਆਰ ਕਰਨ ਲੱਗੇ, ਫਾਈਲਾਂ ਵਿਚੋਂ ਉਸ ਦਾ ਪਹਿਲਾ ਸਨਦ ਵੀ ਮਿਲ ਗਿਆ। ਦੋ ਢਾਈ ਸਾਲ ਬੀਤ ਗਏ, ਅਫ਼ਸਰਾਂ ਨੂੰ ਹੋਸ਼ ਆਈ। ਪੁਰਾਣੇ

ਬਦਲ ਗਏ ਜਾਂ ਮਰ ਖਪ ਗਏ, ਸੇਵਾ-ਮੁਕਤ ਹੋ ਗਏ।

'ਤੇਰੇ 'ਤੇ ਕੇਸ ਕਰਨ ਲੱਗੇ ਹਾਂ, ਤੂੰ ਇਸ ਵਾਧੂ ਸਮੇਂ ਦੀ ਤਨਖ਼ਾਹ ਵਾਪਸ ਜਮ੍ਹਾਂ ਕਰਵਾ।' ਉਸ ਨੂੰ ਉੱਪਰਲਿਆਂ ਦੀ ਧਮਕੀ ਭਰੀ ਚਿੱਠੀ ਮਿਲੀ।

'ਮੈਨੂੰ ਜੋ ਮਰਜ਼ੀ ਕਰ ਲਿਓ ਪਰ ਪਹਿਲਾਂ ਉਨ੍ਹਾਂ ਸੰਬੰਧਤ ਕਲਰਕਾਂ ਤੇ ਅਧਿਕਾਰੀਆਂ ਨੂੰ ਦੋਸ਼-ਪੱਤਰ ਦੇ ਕੇ ਮੁਕੱਦਮੇ ਚਲਾਓ, ਜਿਹੜੇ ਇਤਨੀ ਦੇਰ ਸੁੱਤੇ ਰਹੇ, ਮੈਥੋਂ ਮਾਲ ਖਾਂਦੇ ਰਹੇ ਤੇ ਸਰਕਾਰ ਤੋਂ ਅਸਲੀਅਤ ਛੁਪਾ ਕੇ ਗ਼ੱਦਾਰੀ ਕਰਦੇ ਰਹੇ।' ਉਹ ਹੱਸ ਕੇ ਕਹਿਣ ਲੱਗਾ।

ਅਫ਼ਸਰਾਂ ਨੇ ਆਪਣੀ ਗ਼ਲਤੀ ਛੁਪਾਉਣ ਖ਼ਾਤਰ ਉਸ ਨੂੰ ਬਾਇੱਜ਼ਤ ਸੇਵਾ-ਮੁਕਤ ਕਰ ਕੇ ਭਰੇ ਲਿਫ਼ਾਫ਼ੇ ਦੇ ਕੇ ਵਿਦਾਅ ਕੀਤਾ।

ਮਾਸ ਖੋਰੇ ਨੂੰ ਮਾਸ ਮਿਲ ਜਾਂਦਾ ਹੈ। ਇਸ ਦੀਆਂ ਬਦਨੀਤੀਆਂ, ਬਦਨਿਯਮੀਆਂ ਤੇ ਗ਼ਬਨ ਵੇਖ ਕੇ ਇਹਨਾਂ ਅਖੀਰਲੇ ਸਾਲਾਂ ਵਿਚ ਮਹਿਕਮੇ ਨੇ ਉਸ ਦੀ ਡਿਊਟੀ ਇਕ ਵਿਦੇਸ਼ੀ ਸਰਕਾਰੀ ਅਫ਼ਸਰ ਔਰਤ ਨਾਲ ਅਟੈਂਡੈਂਟ ਦੇ ਤੌਰ 'ਤੇ ਲਗਾ ਦਿੱਤੀ। ਇਸੇ ਸਮੇਂ ਔਰਤਾਂ ਵਾਂਗ ਰੋਣ ਦੇ ਢੌਂਗ ਰਚਾ ਕੇ, ਹੰਝੂ ਵਗਾ ਕੇ ਉਸ ਨੇ ਆਪਣੀ ਘਰ ਵਾਲੀ ਦੀ ਬਦਇਖ਼ਲਾਕੀ ਤੇ ਬੱਚਿਆਂ ਦਾ ਉਸ ਪ੍ਰਤੀ ਰੁੱਖਾ ਸਲੂਕ ਦਰਸਾ ਕੇ ਉਸ ਅਧਿਕਾਰੀ ਦੀ ਹਮਦਰਦੀ ਜਿੱਤ ਲਈ। ਸਰਕਾਰੀ ਮਿਆਦ ਪੂਰੀ ਹੋਣ 'ਤੇ ਔਰਤ ਨੇ ਇਸ ਨੂੰ ਬਾਹਰ ਬੁਲਾ ਲਿਆ। ਉਸ ਨੇ ਇਸ ਨਾਲ ਵਿਆਹ ਕਰਵਾ ਲਿਆ ਤੇ ਪੱਕਾ ਸੈਟਲ ਕਰਵਾ ਦਿੱਤਾ ਇਸ ਨੂੰ ਅਮਰੀਕਾ ਵਿਚ ਆਪਣੇ ਨਾਲ।

'ਕੁਚਲੇ, ਸੈਕਸ ਵਧਾਊ ਤੇ ਉਕਸਾਊ ਨੁਸਖ਼ੇ ਤੇ ਗੋਲ਼ੀਆਂ ਬਹੁਤ ਵਰ ਆ ਗਏ ਉਸ ਦੇ। ਇਹ ਪੁੜੀਆਂ ਉਹ ਹਰ ਵਕਤ ਜੇਬ ਵਿਚ ਰੱਖਦਾ ਸੀ।' ਇਹ ਭੇਦ ਮੈਨੂੰ ਹਰਭਾਨ ਨੇ ਹੀ ਦੱਸਿਆ ਸੀ।

ਸਰਵੇਖਣ ਵਾਸਤੇ ਉਹ ਕਈ ਪਿੰਡਾਂ, ਕਸਬਿਆਂ, ਸ਼ਹਿਰਾਂ ਵਿਚ ਜਾਂਦਾ। ਲੋਕ ਵਿਚਾਰੇ ਗਰਜ਼ ਦੇ ਮਾਰੇ ਸਰਕਾਰੀ ਅਧਿਕਾਰੀ ਦੀ ਦਿਲ ਖੋਲ੍ਹ ਕੇ ਆਓ-ਭਗਤ ਕਰਦੇ। ਕਿਸੇ ਨੂੰ ਨੌਕਰੀ ਦਾ ਝਾਂਸਾ, ਕਿਸੇ ਨੂੰ ਵਿਦੇਸ਼ ਭੇਜਣ ਦਾ ਲਾਰਾ ਤੇ ਕਿਸੇ ਨੂੰ ਹੋਰ ਰੰਗ ਬਿਰੰਗੇ ਸਬਜ਼ ਬਾਗ ਦਿਖਾ ਕੇ ਪਿੱਛੇ ਲਗਾ ਲੈਂਦਾ। ਮਾਸ ਮੁਰਗ਼ੇ ਦਾ ਸ਼ੌਕੀਨ ਤਾਂ ਹੈ ਹੀ ਸੀ, ਕਬਾਬ ਤੇ ਸ਼ਬਾਬ ਉਸ ਕੋਲ਼ ਆਪੇ ਹੀ ਖਿੱਚੇ ਆਉਂਦੇ।

ਮੇਜ਼ਬਾਨ ਕੋਲ਼ੋਂ ਜੇ ਕੁੱਝ ਕਮੀ ਰਹਿ ਜਾਂਦੀ ਤਾਂ ਆਪ ਹੀ ਕਹਿ ਦਿੰਦਾ, 'ਪੁੱਤ! ਬੇਟਾ! ਭੈਣ ਜੀ! ਭਰਾ ਜੀ! ਮੈਨੂੰ ਦਵਾਈ ਖਾਣ ਵਾਸਤੇ ਦੁੱਧ ਦਾ ਗਿਲਾਸ ਚਾਹੀਦਾ। ਤੇ ਸੁਣੋ! ਦੁੱਧ ਵਿਚ ਇਕ ਚਮਚਾ ਘਿਉ ਦਾ ਵੀ ਪਾ ਦੇਣਾ, ਸਿਹਤ ਲਈ ਚੰਗਾ ਹੁੰਦਾ ਹੈ।'

ਤੁਰਨ ਲੱਗਾ ਬੜੀ ਗਰਮਜੋਸ਼ੀ ਨਾਲ ਵਡੇਰਿਆਂ ਦੇ ਪੈਰੀਂ ਹੱਥ ਲਗਾਉਂਦਾ, ਆਪ-ਹਾਣੀ ਔਰਤਾਂ ਨਾਲ ਗਲਵੱਕੜੀ ਪਾ ਕੇ ਮੋਢਾ ਘੁੱਟ ਦਿੰਦਾ ਤੇ ਛੋਟੀਆਂ ਨੂੰ ਮੂੰਹ ਮੱਥਾ ਚੁੰਮਦਾ ਪਿਆਰ ਦਿੰਦਾ। ਅਗਲੇ ਕਈ ਤਾਂ ਵੇਖ ਕੇ ਮੱਥੇ ਤਿਊੜੀਆਂ ਪਾ ਛੱਡਦੇ ਤੇ ਕਈ ਉਸ ਦੇ ਪਿੱਛੇ ਉਸ ਦੀਆਂ ਮੌਰਾਂ ਵੱਲ ਝਾਕਦੇ ਉਸ ਦੀ ਨਿੱਘੀ ਗਲਵੱਕੜੀ ਦਾ ਨਿੱਘ ਸਹਿਲਾਉਂਦੇ, ਮੁੜ ਜਲਦੀ ਆਉਣ ਦੀ ਤਾਕੀਦ ਕਰਦੇ, ਉਸ ਦਾ ਇੰਤਜ਼ਾਰ ਕਰਦੇ ਰਹਿੰਦੇ। ਕਈ ਲੋੜਵੰਦ ਕੁੜੀਆਂ ਜ਼ਨਾਨੀਆਂ ਨੌਕਰੀ ਲਈ ਉਸ ਕੋਲ ਪਹੁੰਚਦੀਆਂ ਰਾਤ ਚੌਂਕੀ ਭਰਦੀਆਂ। ਉਹ ਗੱਲਾਂ ਤੇ ਲਾਰਿਆਂ ਨਾਲ ਉਨ੍ਹਾਂ ਦਾ ਘਰ ਪੂਰਾ ਕਰ ਦੇਂਦਾ। ਉਹ ਤਾਂਤਰਿਕ ਵੀ ਸੀ, ਨਜੂਮੀ ਵੀ ਸੀ, ਹਰ ਮਹੀਨੇ ਪਹਿਲੇ ਸਨਿਚਰਵਾਰ ਉਸ ਨੂੰ ਖੇਡ ਆਉਂਦੀ ਸੀ। ਲੋਕਾਂ ਦੀਆਂ ਪੁੱਛਾਂ ਦੇ ਜਵਾਬ ਦਿੰਦਾ ਸੀ ਤੇ ਧਾਗੇ ਤਵੀਤਾਂ ਨਾਲ ਉਨ੍ਹਾਂ ਦਾ ਇਲਾਜ ਕਰਦਾ ਸੀ, ਸਾਰੇ ਕਾਰਜ ਸਿੱਧ ਕਰਦਾ ਸੀ।

ਜੀ.ਪੀ.ਐੱਸ. ਦੀਆਂ ਮਾਰਗ ਦਰਸ਼ਨ ਹਦਾਇਤਾਂ ਅਨੁਸਾਰ ਦੱਸੀ ਹੋਈ ਸ਼ਮਸ਼ਾਨਘਾਟ ਵਿਚ ਪਹੁੰਚਿਆ। ਸਮੁੰਦਰ ਵਰਗੀ ਇਕ ਵਿਸ਼ਾਲ ਝੀਲ ਦੇ ਕੰਢੇ ਉੱਚੀਆਂ ਚੀਲਾਂ ਨਾਲ ਘਿਰਿਆ ਹੋਇਆ ਬੜਾ ਸੁੰਦਰ ਪੇਂਡੂ ਜਿਹਾ ਰਮਣੀਕ ਸਥਾਨ ਜਿੱਥੇ ਕੁਦਰਤ ਦੀ ਗੋਦ ਵਿਚ ਉਸ ਦਾ ਸਦੀਵੀ ਨਿਵਾਸ ਹੋ ਰਿਹਾ ਸੀ। ਹਰਭਾਨ ਤੋਂ ਬਿਨਾਂ ਉੱਥੇ ਹੋਰ ਕੋਈ ਦੂਰ ਨੇੜੇ ਦਾ ਮੇਰਾ ਵਾਕਫ਼ਕਾਰ ਨਜ਼ਰ

ਨਹੀਂ ਆਇਆ। ਚਿੱਟੀ ਸਾੜ੍ਹੀ ਵਿਚ ਫੱਬੀ ਇਕ ਔਰਤ ਜਿਸ ਨੂੰ ਹਰਭਾਨ ਨੇ ਮੋਢੇ 'ਤੇ ਹੱਥ ਧਰ ਕੇ ਸਹਾਰਾ ਦੇ ਰੱਖਿਆ ਸੀ, ਮੈਨੂੰ ਵੇਖ ਕੇ ਮੇਰੇ ਵੱਲ ਆਉਂਦੀ ਧਾਹਾਂ ਮਾਰਨ ਲੱਗੀ। ਖੰਡਰਾਤ ਬਤਾਤੇ ਹੈਂ ਇਮਾਰਤ ਅਜ਼ੀਮ ਥੀ, ਅਨੁਸਾਰ ਤੀਹ ਚਾਲ਼ੀ ਸਾਲਾਂ ਦੇ ਗੇੜ ਨੇ ਜੋ ਉਸ ਦੀ ਸ਼ਕਲ ਸੂਰਤ ਨੂੰ ਕੁੱਝ-ਕੁੱਝ ਢਾਹ ਲਾਈ ਸੀ, ਉਹ ਸ਼ਾਇਦ ਕਿਸੇ ਬੀਊਟੀ-ਪਾਰਲਰ ਤੋਂ ਲਿੰਬਾ ਪੋਚੀ ਕਰਾ ਕੇ ਪੂਰੀ ਕਰਵਾ ਆਈ ਸੱਜਰੀ ਤਾਜ਼ਾ ਟਹਿਕ ਰਹੀ ਸੀ ਭਾਬੀ ਇੰਦੂ।

'ਹਾਏ...ਭਾਅ ਜੀ! ਚਲਾ ਗਿਆ... ਮੇਰਾ ਸਾਥੀ। ਉਹ ਤੁਹਾਡੇ ਬਿਨਾਂ ਨਹੀਂ ਸੀ ਜੀਂਦਾ... ਤੁਸੀਂ ਉਸ ਬਿਨਾਂ ਨਹੀਂ ਸੀ ਕੱਟਦੇ...।' ਮੇਰੇ ਨਾਲ ਬਗ਼ਲਗੀਰ ਹੁੰਦੀ ਉਹ ਵਿਲਕਣ ਲੱਗੀ। ਹਰਭਾਨ ਵੀ ਅੱਖਾਂ 'ਚੋਂ ਅੱਥਰੂ ਕੇਰਦਾ ਨਲੀ ਸੁਣਕਣ ਲੱਗਾ।

'ਚਲਾ ਗਿਆ ਵਿਚਾਰਾ, ਵੇਖੋ...।' ਹਰਭਾਨ ਮੇਰਾ ਹੱਥ ਫੜ ਕੇ ਪਾਸੇ ਲੈ ਤੁਰਿਆ।

'ਗਲ਼ ਗਿਆ ਸੀ ਸਾਰਾ... ਬੋਟੀ ਬੋਟੀ ਹੋ ਗਿਆ ਸੀ ਉਸ ਦਾ ਸਰੀਰ। ਹੱਡੀਆਂ ਛੱਡ ਗਿਆ ਸੀ ਉਸ ਦਾ ਮਾਸ। ਤੈਨੂੰ ਤਾਂ ਅਖੀਰ ਤਕ ਬੜਾ ਯਾਦ ਕਰਦਾ ਰਿਹਾ। ਤੇਰੇ ਅਮਰੀਕਾ ਆਉਣ ਦਾ ਉਸ ਨੂੰ ਪਤਾ ਚੱਲ ਗਿਆ ਸੀ। ਕਹਿੰਦਾ ਉਸ ਨੂੰ ਇਕ ਵੇਰਾਂ ਮਿਲਾ ਦੇਹ। ਮੈਂ ਉਸ ਸਮਰੱਥ ਸਚਿਆਰੇ ਮੁਲਾਜ਼ਮ ਨਾਲ ਬੜੀਆਂ ਵਧੀਕੀਆਂ ਕੀਤੀਆਂ ਸਨ। ਮਰਨ ਤੋਂ ਪਹਿਲਾਂ ਮੈਂ ਉਸ ਤੋਂ ਭੁੱਲਾਂ ਬਖ਼ਸ਼ਾ ਕੇ ਮੁਆਫ਼ੀ ਮੰਗਣੀ ਹੈ... ਪਰ ਤੇਰਾ ਥਾਂ ਟਿਕਾਣਾ, ਫ਼ੋਨ ਨੰਬਰ ਨਾ ਮਿਲ਼ਣ ਕਰ ਕੇ ਸੰਪਰਕ ਨਹੀਂ ਹੋ ਸਕਿਆ।'

'ਮਰਨਾ ਤੇ ਹਰ ਇਕ ਨੇ ਹੈ ਪਰ ਮਾੜੇ ਕੰਮਾਂ ਦੇ ਮਾੜੇ ਨਤੀਜੇ।' ਮੇਰੇ ਮੂੰਹੋਂ ਸ਼ਬਦ ਆਪ ਮੁਹਾਰੇ ਕਿਰ ਗਏ।

'ਇੰਦੂ ਨੂੰ ਤਾਂ ਵਿਹੁ ਵਾਂਗੂ ਕੌੜਦਾ ਸੀ ਹੁਣ। ਕਹਿੰਦਾ ਸੀ ਉਹਨੂੰ ਕਮਜ਼ਾਤ ਨੂੰ ਨਾ ਦੱਸੀਂ ਮੇਰੇ ਮਰਨੇ ਬਾਰੇ, ਉਹਨੇ ਮੇਰੇ ਨਾਲ ਬਹੁਤ ਵਿਸ਼ਵਾਸ-ਘਾਤ ਕੀਤਾ ਹੈ, ਮੇਰੇ ਜਜ਼ਬਾਤਾਂ ਦਾ ਖਿਲਵਾੜ ਕੀਤਾ ਹੈ। ਮੇਰੇ ਜਿਉਂਦੇ ਜੀਅ ਮੇਰੇ ਮੱਥੇ ਨਾ ਲੱਗੇ। ਮੈਨੂੰ ਆਪਣੇ ਦੂਸ਼ਿਤ ਭ੍ਰਿਸ਼ਟ ਹੱਥ ਲਾ ਕੇ ਮੇਰਾ ਮਰਨਾ ਖ਼ਰਾਬ ਨਾ ਕਰੇ ਪਰ ਮੈਂ ਤਾਂ ਉਹਨੂੰ ਫ਼ੋਨ ਕਰ ਦਿੱਤਾ ਸੀ ਦੋ ਮਹੀਨੇ ਪਹਿਲਾਂ ਹੀ। ਮੈਂ ਨਹੀਂ ਸੀ ਚਾਹੁੰਦਾ ਕਿ ਸਾਰੀ ਉਮਰ ਦੀ ਬਣੀ ਬਣਾਈ ਇਹ ਹਰਦੂ-ਲਾਹਨਤ ਭਰੀ ਕਾਲਖ ਮੈਂ ਆਪਣੇ ਮੱਥੇ ਲਾਵਾਂ। ਮੇਰੇ ਲਈ ਤਾਂ ਦੋਵੇਂ ਸਮਾਨ ਦਰਜਾ ਰੱਖਦੇ ਸਨ। ਵੇਖ ਲਾ ਇਹ ਵੀ ਮਾਂ ਦੀ ਧੀ! ਪਤਾ ਨਹੀਂ ਕਿੱਦਾਂ ਜੁਗਾੜ ਲਾਇਆ, ਉਸ ਦਾ ਵੀ ਬੋਰੀਆਂ ਬਿਸਤਰਾ ਨਾਲ ਹੀ ਲੈ ਆਈ।' ਹਰਭਾਨ ਦਾ ਇਸ਼ਾਰਾ ਉਸ ਦੇ ਨਾਲ ਖੜ੍ਹੇ ਸਾਥੀ ਵੱਲ ਸੀ।

'ਨੌਂ ਸੌ ਚੂਹਾ ਖਾ ਕੇ ਬਿੱਲੀ ਹੱਜ ਨੂੰ ਚੱਲੀ, ਛੱਜ ਤਾਂ ਬੋਲੇ ਛਾਨਣੀ ਕਿਉਂ ਬੋਲੇ, ਜੇ ਇਹਦੇ ਮਨ ਵਿਚ ਏਨੀ ਅਣਖ ਸੀ ਤਾਂ ਆਪ ਬੰਦਾ ਬਣ ਕੇ ਰਹਿੰਦਾ। ਉਹਨੂੰ ਤਾਂ ਹੀ ਠੋਕ ਕੇ ਕਹਿ ਸਕਦਾ ਜੇ ਆਪ ਸਾਬਤ ਸਬੂਤਾ ਦੁੱਧ-ਧੋਤਾ ਸੋਲ਼ਾਂ ਕਲਾਂ ਸੰਪੂਰਨ ਹੁੰਦਾ।'

ਮੈਂ ਉਸ ਦੇ ਪਿਛਵਾੜੇ ਦੀਆਂ ਪਰਤਾਂ ਫੋਲ ਕੇ ਪਰਛੜੇ ਉਚੇੜਦੇ ਹਰਭਾਨ ਦੇ ਵਿਖਿਆਨ ਨੂੰ ਸੰਪੂਰਨ ਕੀਤਾ।

'ਆਹ ਗੋਰੀ ਨਾਲ ਤਾਂ ਉਹਨੇ ਆਪਣੇ ਬੱਚਿਆਂ ਖ਼ਾਤਰ ਹੀ ਨਹੁੰ ਫਸਾਏ ਸਨ ਪਈ ਪਿੱਛੇ ਆ ਜਾਣਗੇ ਤੇ ਹੁਣ ਉਨ੍ਹਾਂ ਆ ਵੀ ਜਾਣਾ ਹੈ। ਉਨ੍ਹਾਂ ਦੀ ਤਾਂ ਪਟੀਸ਼ਨ ਵੀ ਮਨਜ਼ੂਰ ਹੋ ਚੁੱਕੀ ਹੈ।' ਉਸ ਨੇ ਹਮੇਸ਼ਾ ਵਾਂਗ ਵਕਾਲਤ ਕਰਦੇ ਉਸ ਦਾ ਪੱਖ ਪੂਰਿਆ।

'ਉਸ ਨੇ ਤਾਂ ਬੜੀ ਕਮਾਈ ਕੀਤੀ ਆ। ਤੂੰ ਕਹਿੰਦਾ ਸੀ ਕਾਠ ਦੀ ਹਾਂਡੀ ਇਕ ਵੇਰਾਂ ਹੀ ਚੜ੍ਹਦੀ ਐ। ਪਰ ਇਹ ਵੇਖ ਲੈ...ਕਿੰਨੀ ਵਾਰੀਂ ਚੜ੍ਹੀ ਹੈ...ਕਿੰਨੀ ਵੇਰਾਂ ਸੜੀ ਹੈ...ਤੇ ਫਿਰ ਸੜ ਸੜ ਕੇ ਚੜ੍ਹਦੀ ਰਹੀ ਹੈ। ਅਨਪੜ੍ਹ ਹੁੰਦਾ ਹੋਇਆ ਵੀ ਸਾਰੀ ਉਮਰ ਦੁਨੀਆ ਨੂੰ, ਪੜ੍ਹਿਆਂ ਲਿਖਿਆਂ ਨੂੰ ਬੁੱਧੂ ਬਣਾਉਂਦਾ ਰਿਹਾ। ਮਾਸਖ਼ੋਰੇ ਨੂੰ ਮਾਸ ਮਿਲ ਹੀ ਜਾਂਦਾ ਹੈ। ਉਹ ਅੰਗਰੇਜ਼ ਔਰਤ ਪਤਾ ਨਹੀਂ ਕਿਵੇਂ ਡੁੱਲ੍ਹ ਗਈ ਇਸ 'ਤੇ? ਆਪਣਾ ਸਭ ਕੁੱਝ ਤਨ ਮਨ ਧਨ ਇਸ ਦੇ ਅਰਪਣ ਕਰ

ਗਈ। ਲੱਖਾਂ ਦੀ ਜਾਇਦਾਦ ਇਸ ਦੇ ਨਾਮ ਚੜ੍ਹਾ ਗਈ...ਕੁਲ਼ਾਂ ਤਾਰ ਗਈ ਇਸ ਦੀਆਂ। ਆਪ ਤਾਂ ਮਰ ਗਈ ਪਰ ਇਸ ਦਾ ਕੁਣਬਾ ਸਮੁੰਦਰੋਂ ਪਾਰ ਲੈ ਆਈ।' ਉਸ ਦੇ ਧੁਰ ਅੰਦਰੋਂ ਗਰਮ ਹਉਕੇ ਵਰਗੇ ਨਿਕਲੇ ਸ਼ਬਦ ਮੈਨੂੰ ਠੰਢੀਆਂ ਫੁਹਾਰਾਂ ਵਾਂਗ ਸਕੂਨ ਦੇਣ ਲੱਗੇ ਜਿਵੇਂ ਉਹ ਮੇਰੀ ਹੀ ਬੋਲੀ ਬੋਲ ਰਿਹਾ ਸੀ।

'ਉਹ ਵੀ ਬੜੀ ਤਕੜੀ ਅਲੋਕਾਰ ਚੀਜ਼ ਸੀ। ਨਹਿਲੇ ਤੇ ਦਹਿਲਾ, ਸੇਰ ਦਾ ਸਵਾ ਸੇਰ ਹੋ ਕੇ ਟੱਕਰੀ ਇਸ ਨੂੰ। ਜਿੰਨਾ ਚਿਰ ਦਾਣੇ ਰਹੇ ਇਹਦੀ ਭੜੋਲੀ ਵਿਚ ਉਤਨਾ ਚਿਰ ਨਾਲ ਤੇ ਫਿਰ ਬੇਗਾਨੀਆਂ ਖੁਰਲੀਆਂ ਵਿਚ ਮੂੰਹ ਮਾਰਨ ਲੱਗੀ ਸੀ। ਜਦੋਂ ਦਾ ਮੈਂ ਆਇਆ ਹਾਂ, ਉਦੋਂ ਤੋਂ ਉਹ ਉਹਨੂੰ ਛੱਡ ਕੇ ਮੈਨੂੰ ਹੀ ਚਿੰਬੜੀ ਰਹੀ। ਚਿੱਚੜ ਵਾਂਗੂੰ ਮੇਰਾ ਲਹੂ ਪੀਂਦੀ ਰਹੀ। ਮੇਰੀ ਵੀ ਬੱਸ ਕਰਾਤੀ ਉਹਨੇ। ਰੱਬ ਨੇ ਦਿੱਤੀਆਂ ਗਾਜਰਾਂ ਵਿੱਚੇ ਰੰਬਾ ਰੱਖ। ਮੈਨੂੰ ਪੰਜਾਬੀ ਬੜੇ ਚੰਗੇ ਲੱਗਦੇ ਨੇ ਚੋਬਰ ਮਿਹਨਤੀ ਮਾਸਖ਼ੋਰੇ! ਚੰਗੀ ਭਰਪਾਈ ਕਰਦੇ ਨੇ। ਤੈਨੂੰ ਹੌਲ਼ੀ ਹੌਲ਼ੀ ਦੱਸੂੰ ਉਹਦੇ ਕਾਰਨਾਮੇ। ਉਹ ਕਈ ਕਈ ਦਿਨ ਰਾਤਾਂ, ਬਿਨਾਂ ਦੱਸੇ ਬਾਹਰ ਜਾਂਦੀ, ਮੌਜ ਮੇਲੇ ਕਰਦੀ, ਪਿਕਨਕਾਂ ਮਨਾਉਂਦੀ ਪਤਾ ਨਹੀਂ ਕਿੱਥੇ ਰਹਿੰਦੀ ਕਈ ਕਈ ਦਿਨ। ਜੇ ਇਹ ਪੁੱਛਦਾ ਤਾਂ ਪੌੜ ਚੁੱਕ ਕੇ ਪੈ ਜਾਂਦੀ।' ਆਦਤ ਅਨੁਸਾਰ ਭਾਨ ਨੇ ਸੰਖੇਪ ਵਿਚ ਸਾਰੀ ਪਟਾਰੀ ਖੋਲ੍ਹ ਦਿੱਤੀ।

'ਮੈਂ ਵੇਖ ਲਏ ਨੇ ਸਾਰੇ ਕਾਰਨਾਮੇ, ਮੈਂ ਜਾਣਦਾ ਹਾਂ ਚੰਗੀ ਤਰ੍ਹਾਂ ਇਹ ਵਿਦੇਸ਼ੀ ਸਭਿਅਤਾ! ਤੇ ਇਹ ਵੀ ਕਿਹੜਾ ਘੱਟ ਸੀ! ਮਾਰ ਖੋਰੇ ਨੂੰ ਮਾਰ ਪੈ ਗਈ...ਮਾਸ ਖੋਰੇ ਨੂੰ ਮਾਸ ਹੀ ਖਾ ਗਿਆ।' ਮੈਂ ਪੋਲੇ ਪੋਲੇ ਸ਼ਬਦਾਂ ਨਾਲ ਹਰਭਾਨ ਦਾ ਹੁੰਗਾਰਾ ਭਰਿਆ।

ਇਕ ਆਵਾਜ਼ ਨਾਲ ਹਰਭਾਨ ਉੱਧਰ ਹੋ ਤੁਰਿਆ। ਆਵਾਜ਼ ਮਾਰਨ ਵਾਲਾ ਵੀ ਉਹੀ ਮੇਰਾ ਜਾਣਿਆ ਪਛਾਣਿਆ ਹੀ ਸੀ। ਨਿਹਾਲਾ ਦਾੜ੍ਹੀ ਵਧਾਈ ਹੋਈ, ਚਿਹਰਾ ਬਦਲਿਆ ਹੋਇਆ ਸ਼ਾਇਦ ਸਮੇਂ ਦੇ ਗੇੜ ਕਰ ਕੇ ਜਾਂ ਫ਼ੈਸ਼ਨ ਕਰ ਕੇ। ਇੰਦੂ ਦੇ ਮੋਢੇ 'ਤੇ ਹੱਥ ਰੱਖੀ ਖੜ੍ਹਾ ਸੀ।

ਭਾਬੀ ਇੰਦੂ ਨੇ ਪਹੀਏ ਵਾਲੀ ਰੇਹੜੀ ਉੱਪਰ ਪਏ ਤਾਬੂਤ ਵਿਚ ਪਈ ਲਾਸ਼ ਦੇ ਮੂੰਹ ਵਿਚ ਘਿਉ ਦੀ ਚੁਲ਼ੀ ਪਾਈ ਤੇ ਫਿਰ ਬਚਦਾ ਘਿਉ ਉਸ ਦੇ ਸਰੀਰ 'ਤੇ ਡੋਲ੍ਹ ਦਿੱਤਾ। ਦਾਰੂ ਦਾ ਪਊਆ ਉਸ ਦੇ ਮੂੰਹ ਮੱਥੇ 'ਤੇ ਉਲੱਦਿਆ, ਚੰਦਨ ਦਾ ਬੂਰਾ ਤੇ ਹੋਰ ਸਸਕਾਰ ਸਮੱਗਰੀ ਆਖ਼ਰੀ ਸਲਾਮ ਮਾਰਦੀ ਵਿਦਾਈ ਮੰਗਦੀ ਲਾਸ਼ 'ਤੇ ਖਿਲਾਰ ਦਿੱਤੀ। ਹਰਭਾਨ ਨੇ ਬਕਸੇ ਦਾ ਮੂੰਹ ਬੰਦ ਕਰ ਦਿੱਤਾ। ਜਾਣੇ ਅਨਜਾਣੇ ਹੱਥਾਂ ਨੇ ਬਕਸਾ ਅੰਦਰ ਧੱਕਿਆ ਤੇ ਭੱਠੀ ਨੇ ਅੰਦ

ਰ ਖਿੱਚ ਕੇ ਹੜੱਪ ਕਰ ਲਿਆ। ਇੰਦੂ ਦੇ ਇਸ਼ਾਰੇ 'ਤੇ ਹਰਭਾਨ ਨੇ ਬਟਣ ਨੱਪਿਆ ਤੇ ਖ਼ਲਾਅ ਦੀ ਹਿੱਕ ਚੀਰਦੀ ਲੂੰਬੇ ਵਾਲੀ ਅੱਗ ਉਗਲਦੀ ਗੈਸ ਭੱਠੀ ਨੇ ਫਰਾਟੇ ਮਾਰਦਾ ਧੂੰਆਂ ਛੱਡਿਆ।

'ਵੇ ਮੇਰੇ ਸਿਰ ਦਿਆ ਸਾਈਆਂ! ਇਕੱਲੀ ਨੂੰ ਛੱਡ ਕੇ ਤੁਰ ਗਿਐਂ ਅੱਧ ਵਿਚਾਲ਼ੇ...।'

ਭਾਬੀ ਇੰਦੂ ਨੇ ਆਖ਼ਰੀ ਚੀਕ ਮਾਰੀ, ਤੇ ਮੁੜ ਨਿਹਾਲੇ ਵੱਲ ਜਾ ਖੜ੍ਹੀ ਹੋਈ ਉਸ ਨੇ ਬਾਂਹਾਂ ਵਿਚ ਬੋਚ ਲਈ।000

***(2195 Silver View Ct., San Jose, CA 95138 USA***

***Email: pannucs@yahoo.com)***

# ਮਹੰਤ ਸੁੰਦ੍ਰ ਦਾਸ ਦਾ ਕਿੱਸਾ ਹੀਰ ਰਾਂਝਾ: ਗੁਰਦੇਵ ਸਿੰਘ ਸਿੱਧੂ

ਪੰਜਾਬੀ ਕਿੱਸਾ ਸਾਹਿਤ ਵਿਚ 'ਹੀਰ-ਰਾਂਝੇ' ਦੀ ਕਹਾਣੀ ਨੂੰ ਵਿਸ਼ੇਸ਼ ਥਾਂ ਪ੍ਰਾਪਤ ਹੈ। ਮੰਨਿਆ ਜਾਂਦਾ ਹੈ ਕਿ ਦਮੋਦਰ ਰਚਿਤ'ਹੀਰ' ਕਿੱਸਾ ਕਾਵਿ ਦੇ ਆਰੰਭਕ ਦੌਰ ਦੀ ਰਚਨਾ ਹੈ। ਹੌਲ਼ੀ ਹੌਲ਼ੀ ਇਸ ਕਹਾਣੀ ਨੂੰ ਏਨੀ ਮਕਬੂਲੀਅਤ ਮਿਲੀ ਕਿ ਇਸ ਕਹਾਣੀ ਨੂੰ ਕਾਵਿ ਰੂਪ ਦੇਣਾ ਕਿੱਸਾਕਾਰ ਹੋਣ ਦੀ ਨਿਸ਼ਾਨੀ ਬਣ ਗਿਆ। 'ਹੀਰ-ਰਾਂਝੇ' ਦੀ ਕਹਾਣੀ ਨੂੰ ਕਿੱਸਾ ਰੂਪ ਵਿਚ ਲਿਖਣ ਵਾਲੇ ਅਜਿਹੇ ਸੈਂਕੜੇ ਕਿੱਸਾਕਾਰਾਂ ਵਿਚੋਂ ਇਕ ਹੈ ਮਹੰਤ ਸੁੰਦ੍ਰ ਦਾਸ, ਜਿਸ ਦਾ ਅਨੁਮਾਨਿਤ ਜੀਵਨ ਕਾਲ ਉਨ੍ਹੀਵੀਂ ਸਦੀ ਦੇ ਪਿਛਲੇ ਅੱਧ ਤੋਂ ਵੀਹਵੀਂ ਸਦੀ ਦੀ ਪਹਿਲੀ ਚੌਥਾਈ ਦਰਮਿਆਨ ਬਣਦਾ ਹੈ। ਉਹ ਪਿੰਡ ਭੰਮੀਪੁਰਾ, ਜੋ ਜ਼ਿਲ੍ਹਾ ਲੁਧਿਆਣਾ ਵਿਚ ਜਗਰਾਉਂ ਤੋਂ ਹਠੂਰ ਨੂੰ ਜਾਣ ਵਾਲੀ ਸੜਕ ਉੱਤੇ ਵਾਕਿਆ ਹੈ, ਦੀ ਧਰਮਸਾਲਾ ਦਾ ਮਹੰਤ ਸੀ। ਪਿੰਡ ਦੇ ਦੱਖਣ ਵੱਲ ਵੱਡਾ ਦਰਵਾਜ਼ਾ ਸੀ ਅਤੇ ਦਰਵਾਜ਼ੇ ਤੋਂ ਅੰਦਰ ਵੜਦਿਆਂ ਹੀ ਖੱਬੇ ਹੱਥ ਧਰਮਸਾਲਾ ਦਾ ਖੁਲ੍ਹਾ ਚੌੜਾ ਪਰਿਸਰ। ਉਸ ਨੇ ਆਪਣੇ ਪਿੰਡ ਅਤੇ ਆਪਣੇ ਟਿਕਾਣੇ ਬਾਰੇ ਦੱਸਦਿਆਂ ਲਿਖਿਆ ਹੈ:

*ਮਾਲਵੇ ਦੇ ਬਿਚ ਇਕ ਨਗਰ ਜੋ ਉਜਲ ਹੈ,*
*ਭੰਮੀਪੁਰਾ ਨਾਮ ਸੁਭ ਜੱਗ ਮੇਂ ਪਛਾਨੀਏ ।*
*ਦੱਖਣ ਕੇ ਪਾਸੇ ਡੇਰਾ ਸੁੰਦ੍ਰ ਜੋ ਦਾਸ ਕਾ ਹੈ,*
*ਬੀਹੀ ਤੇ ਚੁਬਾਰਾ ਸ਼ੁਭ ਸੁੰਦਰ ਸੁਹਾਨੀਏ।*

ਮਹੰਤ ਸੁੰਦ੍ਰ ਦਾਸ ਪਿੰਡ ਵਾਸੀਆਂ ਦੀਆਂ ਜਨਮ, ਵਿਆਹ-ਸ਼ਾਦੀ ਅਤੇ ਮਰਨੇ-ਪਰਨੇ ਸਮੇਂ ਦੀਆਂ ਧਾਰਮਿਕ ਰੀਤਾਂ ਰਸਮਾਂ ਤਾਂ ਨਿਭਾਉਂਦਾ ਹੀ ਸੀ,ਉਹ ਪਿੰਡ ਦੇ ਬਾਲਾਂ ਨੂੰ ਗੁਰਮੁਖੀ ਦੀ ਸਿੱਖਿਆ ਦੇ ਕੇ ਉਹਨਾਂ ਨੂੰ ਗੁਰਬਾਣੀ ਪਾਠ ਕਰਨ ਦੇ ਯੋਗ ਵੀ ਬਣਾਉਂਦਾ। ਇਸਿ ਤੋਂ ਬਿਨਾਂ ਉਹ ਦੇਸੀ ਜੜੀ-ਬੂਟੀਆਂ ਦੇ ਪ੍ਰਯੋਗ ਨਾਲ ਛੋਟੀ ਮੋਟੀ ਬਿਮਾਰੀ ਦਾ ਇਲਾਜ ਕਨਾ ਵਾਲਾ ਵੈਦ ਵੀ ਸੀ। ਉਸ ਦੇ ਇਹਨਾਂ ਗੁਣਾਂ ਕਾਰਨ ਸਾਰੇ ਪਿੰਡ ਵਾਸੀ ਉਸ ਨੂੰ ਸਤਿਕਾਰ ਦੀ ਨਿਗਾਹ ਨਾਲ ਵੇਖਦੇ। ਪਿੰਡ ਦੇ ਗੱਭਰੂਆਂ ਲਈ ਉਸ ਦਾ ਕਾਵਿ ਗਿਆਨ ਖਿੱਚ ਦਾ ਕਾਰਨ ਸੀ। ਉਹ ਪ੍ਰਕਾਸ਼ਤ ਕਿੱਸੇ ਕਹਾਣੀਆਂ ਉੱਚੀ ਆਵਾਜ਼ ਵਿਚ ਪੜ੍ਹ ਕੇ ਸਰੋਤਿਆਂ ਦਾ ਮਨੋਰੰਜਨ ਕਰਦਾ, ਕਦੇ ਕਦੇ ਆਪਣੇ ਲਿਖੇ ਛੰਦ ਵੀ ਸੁਣਾਉਂਦਾ। ਇਸ ਕਾਵਿ ਰੁਚੀ ਕਾਰਨ ਹੀ ਉਸ ਨੇ ਹੀਰ ਦਾ ਕਿੱਸਾ ਲਿਖਿਆ। ਕਿੱਸਾ ਲਿਖੇ ਜਾਣ ਦੇ ਸਮੇਂ ਬਾਰੇ ਉਹ ਦੱਸਦਾ ਹੈ:

*ਸੰਮਤ ਤੇ ਉਨੀਂ ਸੈ ਪੰਜਾਹ ਚੜ੍ਹੇ ਚੇਤ ਬੱਲੋਂ,*
*ਚੰਗੀ ਜੋ ਬਣਾਈ ਹੀਰ ਸੁਣੋ ਮਨਮਾਨੀਏ।*

ਅੰਗਰੇਜ਼ੀ ਕਲੰਡਰ ਅਨੁਸਾਰਬਕਾ ਇਹ ਸਾਲ 1893 ਬਣਦਾ ਹੈ।

ਇਹ ਕਿੱਸਾ ਲਿਖਣ ਤੌਂ ਪਹਿਲਾਂ ਕਵੀ ਨੇ ਆਪਣੇ ਪੂਰਬਕਾਲੀ ਕਿੱਸਾਕਾਰਾਂ ਦੀਆਂ ਰਚਨਾਵਾਂ ਵਾਚੀਆਂ। ਇਹਨਾਂ ਵਿਚ ਵਾਰਿਸ ਸ਼ਾਹ, ਮੁਕਬਲ, ਜੋਗ ਸਿੰਘ ਆਦਿ ਚਰਚਿਤ ਕਿੱਸਾਕਾਰਾਂ ਦੀਆਂ ਰਚਨਾਵਾਂ ਤਾਂ ਸਨ ਹੀ, ਉਹ ਨਰ ਸਿੰਘ, ਰੋਸ਼ਨ, ਬਹਿਬਲ, ਥੰਮਣ ਸਿੰਘ ਆਦਿ ਕੁੱਝ ਅਜਿਹੇ ਕਿੱਸਾਕਾਰਾਂ ਦਾ ਨਾਉਂ ਵੀ ਲੈਂਦਾ ਹੈ, ਜਿਨ੍ਹਾਂ ਦੀਆਂ ਰਚਨਾਵਾਂ ਸਮੇਂ ਦੀ ਧੂੜ ਹੇਠ ਅਲੋਪ ਹੋ ਚੁੱਕੀਆਂ ਹਨ। ਸੁੰਦ੍ਰ ਦਾਸ ਦੀ ਵਡਿਆਈ ਇਸ ਗੱਲ ਵਿਚ ਹੈ ਕਿ ਉਸ ਨੇ ਆਪਣੇ ਕਿੱਸੇ ਰਚਨਾ ਕਰਦਿਆਂ ਪ੍ਰਚੱਲਤ ਰਵਾਇਤੀ ਕਹਾਣੀ ਨੂੰ ਹੀ ਇੰਨ ਬਿੰਨ ਕਾਵਿ ਰੂਪ ਨਹੀਂ ਦਿੱਤਾ ਸਗੋਂ ਇਸ ਵਿਚ ਕਈ ਵਾਧੇ ਘਾਟੇ ਕਰ ਕੇ ਇਸ ਨੂੰ ਸਰੋਤਿਆਂ ਲਈ ਦਿਲਚਸਪ ਬਣਾਉਣ ਦਾ ਯਤਨ ਕੀਤਾ ਹੈ। ਉਸ ਅਨੁਸਾਰ ਹੀਰ ਦੀਆਂ ਦੋ ਹੋਰ ਭੈਣਾਂ, ਟਿਕਣਤੇ ਸਭਰਾਈ, ਸਨ ਜੋ ਹੀਰ ਦੇ ਰਾਂਝੇ

ਨਾਲ ਪ੍ਰੇਮ ਸੰਬੰਧਾਂ ਵਿਚ ਉਸ ਦੀਆਂ ਹਮਾਇਤੀ ਸਨ। ਇਉਂ ਹੀ ਉਹ ਅਜੂ ਖੇੜੇ ਦੀ ਧੀ ਸਹਿਤੀ ਦੇ ਨਾਲ ਉਸ ਦੀ ਇਕ ਹੋਰ ਧੀ, ਗੁਲਾਬੀ, ਦਾ ਜ਼ਿਕਰ ਕਰਦਾ ਹੈ ਜੋ ਹੀਰ ਨੂੰ ਜੋਗੀ ਬਣ ਕੇ ਖੇੜੀਂ ਗਏ ਰਾਂਝੇ ਨਾਲ ਮਿਲਾਉਣ ਵਿਚ ਸਹਾਇਤਾ ਕਰਦੀ ਹੈ। ਸੁੰਦ੍ਰ ਦਾਸ ਹੀਰ ਨੂੰ ਸੱਪ ਲੜਨ ਦਾ ਪਖੰਡ ਕਰਦੀ ਨਹੀਂ ਦੱਸਦਾ, ਉਸ ਅਨੁਸਾਰ ਹੀਰ ਨੇ ਇਹ ਸਾਂਗ ਕੀਤਾ ਜਿਵੇਂ ਕੋਈ ਭੂਤ ਚੁੜੇਲ ਉਸ ਅੰਦਰ ਆ ਵਸੀ ਹੋਵੇ।

ਹੀਰ ਦਾ ਕਿੱਸਾ ਲਿਖਣ ਵਾਲੇ ਕਿੱਸਾਕਾਰਾਂ ਇਸ ਕਹਾਣੀ ਦਾ ਅੰਤ ਦੋ ਤਰ੍ਹਾਂ ਕੀਤਾ ਹੈ। ਬਹੁਤਿਆਂ ਨੇ ਹੀਰ ਰਾਂਝੇ ਦੀ ਮੌਤ ਹੋਣ ਬਾਰੇ ਦੱਸਦਿਆਂ ਇਸ ਨੂੰ ਦੁਖਾਂਤ ਰੂਪ ਦਿੱਤਾ ਹੈ ਪਰ ਕੁਝ ਹੀਰ ਰਾਂਝੇ ਦੇ ਵਿਆਹ ਉਪਰੰਤ ਉਹਨਾਂ ਨੂੰ ਸੁਖੀ ਜੀਵਨ ਜਿਉਂਦਿਆਂ ਦੱਸ ਕੇ ਕਹਾਣੀ ਦਾ ਅੰਤ ਸੁਖਾਂਤ ਵਿਚ ਕਰਦੇ ਹਨ। ਸੁੰਦ੍ਰ ਦਾਸ ਇਸ ਪਿਛਲੇ ਵਰਗ ਵਿਚ ਸ਼ਾਮਲ ਹੈ।

ਕਿੱਸਾ ਪੜ੍ਹ ਕੇ ਮਹੰਤ ਸੁੰਦ੍ਰ ਦਾਸ ਦੇ ਬਹੁ-ਪੱਖੀ ਗਿਆਨ ਦਾ ਪਤਾ ਲੱਗਦਾ ਹੈ। ਖਾਸ ਕਰ ਕੇ ਉਸ ਵੱਲੋਂ ਵਿਭਿੰਨ ਵਿਸ਼ਿਆਂ ਦੀਆਂ ਬਣਾਈਆਂ ਸੂਚੀਆਂ ਅਥਵਾ ਨਾਮਾਵਲੀਆਂ ਇਸ ਗੱਲ ਦੀ ਪੁਸ਼ਟੀ ਕਰਦੀਆਂ ਹਨ। ਮੱਛੀਆਂ, ਮੱਝਾਂ, ਘੋੜਿਆਂ, ਕੁੱਤਿਆਂ ਦੀਆਂ ਵਿਭਿੰਨ ਨਸਲਾਂ; ਮਠਿਆਈਆਂ, ਸਬਜ਼ੀਆਂ, ਕੱਪੜਿਆਂ, ਇਸਤ੍ਰੀਆਂ ਦੇ ਪਹਿਨਣ ਦੇ ਵਸਤਰਾਂ, ਗਹਿਣਿਅਬਮਾਂ, ਰੰਗਾਂ ਦੇ ਨਾਵਾਂ ਦੀਆਂ ਨਾਮਾਵਲੀਆਂ ਜਾਣਕਾਰੀ ਭਰਪੂਰ ਹਨ। ਉਸ ਨੇ ਵਿਭਿੰ ਬੀਮਾਰੀਆਂ ਅਤੇ ਔਸ਼ਧੀਆਂ ਦਾ ਵੇਰਵਾ ਵੀ ਦਿੱਤਾ ਹੈ। ਉਂਝ ਤਾਂ ਇਹ ਸਾਰੀਆਂ ਸੂਚੀਆਂ ਪਾਠਕ ਦੇ ਗਿਆਨ ਵਿਚ ਵਾਧਾ ਕਰਨ ਵਾਲੀਆਂ ਹਨ ਪਰ ਸਮੇਂ ਦੀ ਤਬਦੀਲੀ ਕਾਰਨ ਜੋ ਕੁਝ ਹੁਣ ਵਰਤੋਂ ਵਿਚ ਨਹੀਂ ਰਿਹਾ, ਉਸ ਬਾਰੇ ਦਿੱਤੀ ਜਾਣਕਾਰੀ ਵਧੇਰੇ ਮਹੱਤਵ ਰੱਖਦੀ ਹੈ। ਉਦਾਹਰਨ ਵਜੋਂ ਪੰਜਾਬੀਆਂ ਦੀ ਵਰਤਮਾਨ ਪੀੜ੍ਹੀ ਨੂੰ ਸ਼ਾਇਦ ਪਤਾ ਹੀ ਨਾ ਹੋਵੇ ਕਿ ਚਰਖਾ ਕੀ ਸ਼ੈਅ ਸੀ, ਜੋ ਚਰਖੇ ਤੋਂ ਜਾਣੂੰ ਹਨ, ਉਹਨਾਂ ਨੂੰ ਚਰਖੇ ਦੇ ਵਿਭਿੰਨ ਹਿੱਸਿਆਂ ਬਾਰੇ ਜਾਣਕਾਰੀ ਨਹੀਂ ਹੋਵੇਗੀ। ਸੁੰਦ੍ਰ ਦਾਸ ਨੇ ਮੁਠੇ, ਲਠ, ਤੀਰ, ਹੱਥਾ, ਫਲੜੀਆਂ, ਬਾਇੜ, ਪਲੰਢ, ਪਟੀ, ਚਰਮਖ, ਪਲਾਨ, ਬੀੜੀ, ਤਕਲਾ ਅਤੇ ਦਮਕੜੇ ਚਰਖੇ ਦੇ ਮੁਖ ਅੰਗ ਦੱਸੇ ਨਨ। ਇਉਂ ਹੀ ਆਮ ਲੋਕ ਪਿੰਡਾਂ ਵਿਚ ਗਜਾ ਕਰਨ ਆਉਣ ਵਾਲੇ ਸਾਧੂਆਂ ਨੂੰ ਲਗਪਗ ਇਕ ਸਮਾਨ ਹੀ ਸਮਝਦੇ ਹਨ ਪਰ ਸੁੰਦ੍ਰ ਦਾਸ ਇਹਨਾਂ ਦੇ ਵਿਭਿੰਨ ਫਿਰਕੇ ਮੈਹਮੇਛਾਹੀ, ਨਿਰਮਲੇ, ਬਰਾਗੀ, ਰੋਡੇ, ਚਰਨਦਾਸੀਏ, ਉਦਾਸੀ, ਜੰਗਮ, ਸੰਨਿਆਸੀ, ਦਾਦੂ ਪੰਥੀ, ਨਿਰੰਕਾਰੀ, ਰਮਦਾਸੀਏ, ਬਾਨਵਾਏ, ਚਿਸਤੀ, ਸੁਥਰੇ, ਨੌਸ਼ਾਹੀਏ, ਗਰੀਬਦਾਸੀਯੇ, ਕੰਮੀਰ ਪੰਥੀਏ, ਦਿਵਾਨੇ, ਜੋਗੀ ਆਦਿ ਦੱਸਦਾ ਹੈ। ਗੱਲ ਕੀ, ਇਹ ਵੇਰਵੇ ਪਾਠਕ ਲਈ ਦਿਲਚਸਪ ਵੀ ਹਨ ਅਤੇ ਗਿਆਨ ਵਰਧਕ ਵੀ।

ਸੁੰਦ੍ਰ ਦਾਸ ਮਾਲਵਾ ਇਲਾਕੇ ਦਾ ਵਸਨੀਕ ਸੀ ਜਿਸ ਕਾਰਨ ਉਸ ਦੀ ਲਿਖਤ ਵਿਚ ਪੰਜਾਬੀ ਦੀ ਮਲਵਈ ਉਪਭਾਸ਼ਾ ਦੀ ਵਰਤੋਂ ਹੋਣੀ ਸੁਭਾਵਕ ਸੀ। ਕਿੱਸੇ ਵਿਚ ਵਰਤੇ ਪੜਨਾਵਾਂ, ਕ੍ਰਿਆਵਾਂ ਅਤੇ ਸ਼ਬਦਾਵਲੀ ਤੋਂ ਇਸ ਤੱਥ ਦੀ ਪੁਸ਼ਟੀ ਹੁੰਦੀ ਹੈ ਕਿ ਸੁੰਦ੍ਰ ਦਾਸ ਪੰਜਾਬ ਦੇ ਹੋਰ ਖੇਤਰਾਂ ਵਿਚ ਵੀ ਘੁੰਮਿਆ ਫਿਰਿਆ ਹੋਵੇਗਾ। ਇਸ ਲਈ ਉਸ ਦੀ ਰਚਨਾ ਵਿਚ ਅੰਗਰੇਜ਼ੀ, ਮਾਝੀ ਅਤੇ ਪੋਠੋਹਾਰੀ ਦੇ ਇੱਕੜ ਦੁੱਕੜ ਸ਼ਬਦ ਵੀ ਵਰਤੇ ਮਿਲਦੇ ਹਨ। ਉਹਨੀਂ ਦਿਨੀ ਸਰਕਾਰੀ ਕੰਮ ਕਾਜ ਵਿਚ ਉਰਦੂ ਦੀ ਪ੍ਰਧਾਨਤਾ ਹੋਣ ਕਾਰਨ ਆਮ ਬੋਲ ਚਾਲ ਵਿਚ ਵੀ ਉਰਦੂ ਸ਼ਬਦ ਵਰਤੇ ਜਾਂਦੇ ਸਨ। ਇਸ ਲਈ ਸੁੰਦ੍ਰ ਦਾਸ ਲਿਖਤ ਕਿੱਸੇ ਵਿਚ ਉਰਦੂ ਸ਼ਬਦਾਵਲੀ ਦੀ ਚੋਖੀ ਭਰਮਾਰ ਹੈਰਾਨੀ ਦਾ ਕਾਰਨ ਨਹੀਂ ਬਣਦੀ। ਉਰਦੂ ਸ਼ਬਦਾਂ ਦੀ ਵਰਤੋਂ ਜਿਉਂ ਦੀ ਤਿਉਂ ਤਤਸਮ ਰੂਪ ਵਿਚ ਵੀ ਕੀਤੀ ਗਈ ਹੈ ਅਤੇ ਇਹਨਾਂ ਨੂੰ ਪੰਜਾਬੀ ਵਿਚ ਢਾਲ਼ ਕੇ ਤਦਭਵ ਰੂਪ ਵਿਚ ਵੀ। ਉਸ ਨੇ ਆਪਣੀ ਲਿਖਤ ਵਿਚ ਥਾਂ ਪੁਰ ਥਾਂ ਮੁਹਾਵਰਿਆਂ ਦੀ ਜੜਤ ਕਰ ਕੇ ਇਸ ਨੂੰ ਖੂਬ ਲਿਸ਼ਕਾਇਆ ਹੈ।

ਸੁੰਦ੍ਰ ਦਾਸ ਕ੍ਰਿਤ ਹੀਰ ਵਿਚ ਕਾਵਿਕ ਚਮਤਕਾਰ ਵੀ ਦਿਖਾਈ ਦਿੰਦੇ ਹਨ। ਭਿੰਨ ਭਿੰਨ

ਅਰਥਾਂ ਲਈ ਇਕੋ ਸ਼ਬਦ ਰੰਗ ਇਹਨਾਂ ਪੰਕਤੀਆਂ ਵਿਚ ਵੇਖੋ:

*ਜਿਦਨ ਦੇ ਰੰਗਪੁਰ ਆਇਕੇ ਨਾ ਰੰਗ ਡਿਠਾ*
*ਰੰਗ ਗਿਆ ਉਡ ਰਾਂਝਾ ਹੋਇਆ ਬਦਰੰਗ ਨੀ*

ਉਸ ਨੇ ਬਹੁਤ ਸਾਰੇ ਬੰਦ ਅਜਿਹੇ ਲਿਖੇ ਹਨ ਜਿਨ੍ਹਾਂ ਵਿਚ ਇਕ ਪੰਕਤੀ ਵਿਚ ਆਏ ਸ਼ਬਦ ਨੂੰ ਅਗਲੀ ਪੰਕਤੀ ਦਾ ਆਰੰਭਕ ਸ਼ਬਦ ਬਣਾਇਆ ਹੈ; ਉਦਾਰਹਨ ਵਜੋਂ ਇਕ ਬੰਦ ਵੇਖੋ:

*ਕੀਤਾ ਕਾਜੀ ਨੂੰ ਸਲਾਮ ਸਾਨੂੰ ਦੇਹ ਖਾਂ ਮੁਕਾਮ,*
*ਅਸੀਂ ਆਏ ਬੇਅਰਾਮ ਤੇਰੇ ਡੇਰੇ ਮੀਆਂ ਥਕ ਕੇ।*
*ਥਕੇ ਜਾਣ ਚਿਤੋਂ ਤੇਰੇ ਪਾਸ ਆ ਅਰਾਮ ਕੀਤਾ,*
*ਲਾਮਾ ਨਾ ਪਖੰਡ ਸੁਭੇ ਡੇਰਾ ਜਾਊਂ ਚਕ ਕੇ।*
*ਚਕ ਲਈਂ ਰੱਬਾ ਮੇਰਾ ਚਿਤ ਐਸਾ ਦੁਖੀ ਹੋਥੇ,*
*ਲਾਮਾ ਨਾਹੀਂ ਪਜ ਤੁਰਾਂ ਸਭ ਨੂੰ ਮੈਂ ਸਦ ਕੇ।*
*ਸਦਕੇ ਮੈਂ ਜਾਮਾਂ ਬਾਰਾਂ ਜਾਨ ਐਸੇ ਮਿਤ੍ਰਾਂ ਤੋਂ,*
*ਸਦੇ ਸੀਗੇ ਕੰਮ ਤੇ ਨਕੰਮ ਬੈਠੇ ਥਕ ਕੇ।*

ਉਸ ਦੁਆਰਾ ਆਪਣੀ ਕਵਿਤਾ ਨੂੰ ਸ਼ਿੰਗਾਰਨ ਲਈ ਵਰਤੇ ਵਿਭਿੰਨ ਅਲੰਕਾਰ ਬਿਲਕੁਲ ਨਵੇਂ ਹਨ। ਉਦਾਹਰਨ ਵਜੋਂ ਉਹ ਹੀਰ ਅਤੇ ਰਾਂਝੇ ਨੂੰ ਅਨਿੱਖੜ ਦੱਸਣ ਲਈ ਹੀਰ ਨੂੰ ਪਾਣੀ ਅਤੇ ਰਾਂਝੇ ਨੂੰ ਪੈਲ਼ੀ ਕਹਿੰਦਾ ਹੈ। ਇਸ ਦੇ ਉਲਟ ਫਕੀਰ ਅਤੇ ਜਗਤ ਦੀ ਬੇਜੋੜਤਾ ਦਰਸਾਉਣ ਵਾਸਤੇ ਜਗਤ ਨੂੰ ਪੱਥਰ ਅਤੇ ਫਕੀਰ ਨੂੰ ਕੱਚ ਦਾ ਕੰਗਣ ਦੱਸਾ ਹੈ।

ਰਚਨਾ ਦਾ ਵਡੇਰਾ ਭਾਗ ਵਾਰਤਾਲਾਪੀ ਸ਼ੈਲੀ ਵਿਚ ਹੈ। ਹੀਰ ਅਤੇ ਰਾਂਝੇ, ਹੀਰ ਅਤੇ ਕਾਜ਼ੀ, ਬਾਲ ਨਾਥ ਵਅਤੇ ਰਾਂਝੇ, ਸਹਿਤੀ ਅਤੇ ਰਾਂਝਕੇ ਵਿਚਕਾਰ ਸੰਵਾਦ ਬੜੇ ਹੀ ਰਵਾਨੀ ਭਰਪੂਰ ਹਨ।

ਸੁੰਦ੍ਰ ਦਾਸ ਰਚਿਤ ਹੀਰ ਵਿਚ ਉਸ ਸਮੇਂ ਦਾ ਸਭਿਆਚਾਰਕ ਦ੍ਰਿਸ਼ ਰੂਪਮਾਨ ਹੋਇਆ ਦਿਖਾਈ ਦਿੰਦਾ ਹੈ। ਬਰਾਤ ਦਾ ਢੁਕਾਉ, ਬਰਾਤੀਆਂ ਦੀਆਂ ਰੰਗ-ਰਲ਼ੀਆਂ, ਨਾਨਕੀਆਂ, ਦਾਦਕੀਆਂ ਦੀਆਂ ਆਪਸੀ ਅਤੇ ਬਰਾਤੀਆਂ ਨੂੰ ਸਿੱਠਣੀਆਂ ਦੇ ਰੂਪ ਲਾਈਆਂ ਟਕੋਰਾਂ, ਉਸ ਸਮੇਂ ਪ੍ਰਸਿੱਧ ਸਥਾਨਾਂ ਅਤੇ ਪ੍ਰਸਿੱਧੀ ਦਾ ਕਾਰਨ ਆਦਿ ਬਾਰੇ ਇਹ ਕਿੱਸਾ ਭਰਪੂਰ ਜਾਣਕਾਰੀ ਉਪਲਭਦ ਕਰਵਾਉਂਦਾ ਹੈ। ਕਿਹੜਾ ਸਥਾਨ ਕਿਸ ਕਾਰਨ ਪ੍ਰਸਿੱਧ ਹੈ, ਇਸ ਬਾਰੇ ਸੁੰਦ੍ਰ ਦਾਸ ਦੇ ਸ਼ਬਦਾਂ ਵਿਚ ਹੀ ਪੜ੍ਹੋ:

*ਪੋਠੋਹਾਰ ਜੁਤੀ, ਘੋੜਾ ਅਰਬੀ, ਲਾਹੌਰੀ ਤੋਤਾ,*
*ਰਾਉਂਤੇ ਦਾ ਕੂੰਡਾ, ਸਲੋਤਰ ਸਿਓਂ ਦਰਵਾਰ ਦਾ*
*ਬਾਉਲੀ ਬਰਨਾਲੇ ਦੀ, ਕਟੋਰਾ ਨਾ ਭਦੌੜ ਜੇਹਾ,*
*ਰੰਗ ਪਟਿਆਲੇ ਵਿਚ ਖੁਲੇ ਗੁਲਾਨਾਰ ਦਾ।*
*ਖਾਲਸਾ ਆਨੰਦਪੁਰ, ਆਦਮੀ ਨਾ ਸਾਬੋ ਜਿਹਾ,*
*ਲਗਿਆ ਜਹੂਰਾ ਸੁਧਾ ਧੁਰ ਦਰਬਾਰ ਦਾ।*
*ਕਿਲਾ ਨਾ ਰੁਤਾਸ ਜੇਹਾ, ਮੇਲਾ ਭਰੇ ਗੰਗ ਦਾ ਹੈ,*
*ਕਹੇ ਸੁੰਦ੍ਰ ਦਾਸ ਰਾਮ ਰਾਮ ਹੀ ਪੁਕਾਰਦਾ।*

ਕਿਸੇ ਲੇਖਕ ਦੇ ਸਮਾਜ ਵਿਚ ਔਰਤ ਪ੍ਰਤੀ ਦ੍ਰਿਸ਼ਟੀਕੋਣ ਤੋਂ ਉਸ ਦੀ ਵਿਚਾਰਧਾਰਾ ਦਾ ਪਤਾ ਲੱਗਦਾ ਹੈ। ਇਸ ਪੱਖੋਂ ਸੁੰਦ੍ਰ ਦਾਸ ਵੱਲੋਂ ਸਮਾਜ ਵਿਚ ਔਰਤ ਦੀ ਮਹੱਤਾ ਦਰਸਾਉਣ ਲਈ ਲਿਖੀਆਂ ਪੰਕਤੀਆਂ ਜ਼ਰੂਰ ਵਾਚਣਯੋਗ ਹਨ:

*ਨਾਰੀ ਵਿਚੋਂ ਗੁਰੂ ਅਤੇ ਨਾਰੀ ਵਿਚੋਂ ਪੀਰ ਹੋਏ*

*ਨਾਰੀ ਵਿਚੋਂ ਦੇਵਤੇ ਤੇ ਨਾਰੀ ਤੋਂ ਜਹਾਨ ਨੀ।*
*ਨਾਰੀ ਬਿਚੋਂ ਔਲੀਏ ਤੇ ਨਾਰੀ ਬਿਚੋਂ ਅੰਬੀਏ ਨੇ,*
*ਨਾਰੀ ਵਿਚੋਂ ਜਾਹਲ ਤੇ ਹੋਏ ਇਨਸਾਨ ਨੀ।*
*ਜਨਨੇ ਨੂੰ ਮਾਈ ਭਈ ਪੂਜਨੇ ਨੂੰ ਦੇਵੀ ਬਨੀ,*
*ਭੋਗਣੇ ਨੂੰ ਔਰਤ ਤੂੰ ਕਿਹਾ ਮੇਰਾ ਮਾਨ ਨੀ।*
*ਸਾਰੇ ਦੇਸ ਵਿਚ ਪ੍ਰਧਾਨ ਰੰਨਾਂ ਹੋਇ ਗਈਆਂ,*
*ਕਹੇ ਸੁੰਦ੍ਰ ਦਾਸ ਦੇਖੋ ਨਾਹਿੰ ਨੁਕਸਾਨ ਨੀ।*

ਸੁੰਦ੍ਰ ਦਾਸ ਨੇ ਆਪਣੀ ਰਚਨਾ ਵਿਚ ਉਸ ਕਾਲ ਦੀਆਂ ਜੀਵਨ ਸਚਾਈਆਂ ਦਾ ਬਿਆਨ ਵਿਸਥਾਰ ਨਾਲ ਕੀਤਾ ਹੈ। ਵੰਨਗੀ ਵਜੋਂ ਹੇਠ ਲਿਖੀਆਂ ਕਾਵਿ ਪੰਕਤੀਆਂ ਪੜ੍ਹੋ:

*ਭੁਖ ਨਾ ਸੁਆਦ ਮੰਗੇ, ਇਛਕ ਨਾਹੀਂ ਜਾਤ ਪੁਛੇ,*
*ਮੌਤ ਨਾ ਦਿਹਾੜੀ, ਮੀਆਂ ਨੀਂਦਰ ਨਾ ਵਿਛਾਉਣਾ।*

---

*ਗ੍ਰਿਸਤ ਨਾ ਸੁਹਾਂਵਦਾ ਹੈ ਬੁਢੀ ਬਿਨਾਂ ਘਰ ਬਿਚ,*
*ਫਰਰੇ ਦੇ ਬਾਝ ਨਾ ਸੁਹਾਂਵਦਾ ਨਿਸ਼ਾਨ ਵੇ।*
*ਕੰਮ ਨਹੀਂ ਸ਼ਕਲ, ਪਦਾਰਥ ਨਾ ਹੋਵੇ ਘਰ,*
*ਭੈਨ ਬਿਨਾਂ ਭਾਈ, ਅੰਨ ਬਾਝ ਨਾ ਪ੍ਰਾਨ ਵੇ।*
*ਖੰਡ ਨਾਹੀਂ ਘੇਉ ਬਿਨਾਂ, ਦਾਲ ਸਲੂਣੇ ਬਿਨ,*
*ਬਾਦਸ਼ਾਹ ਫੌਜ ਬਿਨ, ਬੰਦਗੀ ਕੁਰਾਨ ਵੇ।*

ਸੁੰਦ੍ਰ ਦਾਸ ਨੇ ਮਾਲਵੇ ਵਿਚ ਹੀਰ ਦਾ ਕਿੱਸਾ ਲਿਖਣ ਵਾਲੇ ਆਪਣੇ ਪੂਵਵਰਤੀ ਜੋਗਾ ਸਿੰਘ ਅਤੇ ਸਮਕਾਲੀ ਭਗਵਾਨ ਸਿੰਘ ਵਾਂਗ ਇਹ ਕਿੱਸਾ ਲਿਖਣ ਲਈ ਮੁੱਖ ਤੌਰ ਉੱਤੇ ਭਾਵੇਂ ਕਬਿੱਤ ਛੰਦ ਵਰਤਿਆ ਹੈ ਪਰ ਰਚਨਾ ਦੇ ਅਰੰਭ ਵਿਚ ਤਿੰਨ ਦੋਹਰੇ ਅਤੇ ਵਿਚਕਾਰ ਚਾਰ ਬੈਂਤ ਛੰਦ ਵੀ ਲਿਖੇ ਹਨ।

ਲਗਪਗ ਅੱਧੀ ਸਦੀ ਪਹਿਲਾਂ ਪੰਜਾਬ ਵਿ ਪੈਰ ਧਰਨ ਪਿੱਛੋਂ ਅੰਗਰੇਜ਼ੀ ਸਰਕਾਰ ਦੁਆਰਾ ਧਾਰਨ ਕੀਤੀਆਂ ਨੀਤੀਆਂ ਸਦਕਾ ਪੰਜਾਬੀਆਂ ਨੇ ਸਰਕਾਰ ਦੀ ਅਕਲਮੰਦੀ ਅਤੇ ਤਾਕਤ ਦਾ ਸਿੱਕਾ ਮੰਨ ਲਿਆ। ਸੁੰਦ੍ਰ ਦਾਸ ਰਚਿਤ ਕਿੱਸੇ ਵਿਚ ਆਈਆਂ ਪੰਕਤੀਆਂ *"ਟਿੰਡ ਵਿਚ ਦਾਰੂ ਪਾ ਕੇ ਲੜੇਂ ਤੂੰ ਫਰੰਗੀ ਨਾਲ"* ਜਾਂ *"ਅਕਲ ਫਰੰਗੀਆਂ ਦੇ ਵਿਚ ਵੱਡੀ ਤੁਲ ਵੇ"* ਇਸ ਸੋਚ ਨੂੰ ਹੀ ਬਿਆਨ ਕਰਦੀਆਂ ਹਨ।

ਸਵਾ ਸੌ ਪਹਿਲਾਂ ਲਿਖਿਆ ਇਹ ਕਿੱਸਾ 'ਜੀਰ-ਰਾਂਝੇ' ਦੇ ਅਨੇਕਾਂ ਹੋਰ ਅਣਪ੍ਰਕਾਸ਼ਤ ਰਹੇ ਕਿੱਸਿਆਂ ਵਾਂਗ ਪੰਜਾਬੀ ਸਾਹਿਤ ਵਿਚ ਆਪਣੀ ਹਾਜ਼ਰੀ ਲੁਆਉਣ ਬਿਨਾਂ ਹੀ ਗੁੰਮ ਹੋ ਜਾਂਦਾ ਜੇਕਰ ਇਸ ਰਚਨਾ ਵੱਲ ਸ. ਹਾਕਮ ਸਿੰਘ ਧਾਲ਼ੀਵਾਲ ਦਾ ਧਿਆਨ ਨਾ ਗਿਆ ਹੁੰਦਾ। ਪਿਛਲੇ ਲਗਪਗ ਚਾਰ ਦਹਾਕਿਆਂ ਤੋਂ ਕਨੇਡਾ ਰਹਿ ਰਹੇ ਪਿੰਡ ਭੰਮੀਪੁਰੇ ਦਾ ਵਸਨੀਕ ਹਾਕਮ ਸਿੰਘ ਧਾਲੀਵਾਲ ਦੇ ਉਪਰਾਲੇ ਸਦਕਾ ਹੀ ਕਿੱਸਾ 'ਹੀਰ ਕ੍ਰਿਤ ਮਹੰਤ ਸੁੰਦ੍ਰ ਦਾਸ' ਪਾਠਕਾਂ ਦੇ ਹੱਥਾਂ ਵਿਚ ਪਹੁੰਚਿਆ ਹੈ। ਇਸ ਕਿੱਸੇ ਦੇ ਪ੍ਰਕਾਸ਼ਨ ਨਾਲ ਨਾਲ ਹੀਰ ਦਾ ਕਿੱਸਾ ਲਿਖਣ ਵਾਲੇ ਕਵੀਆਂ ਵਿਚ ਸੁੰਦ੍ਰ ਦਾਸ ਦੀ ਪਛਾਣ ਸਥਾਪਤ ਹੋਣ ਦੇ ਨਾਲ ਉਸ ਦੇ ਪਿੰਡ ਭੰਮੀਪੁਰੇ ਦਾ ਨਾਉਂ ਵੀ ਦੇਸ ਵਿਦੇਸ਼ ਤਕ ਪੁੱਜੇਗਾ। 000

***(#3154, ਸੈਕਟਰ 71, ਮੁਹਾਲੀ - 160 071***
***ਫੋਨ: +91-172-2229417, +91-94170-49417)***

# ਕਵਾਮੇ ਐਨਥੋਨੀ ਅਪੀਹਾ ਦੀ ਪੁਸਤਕ 'ਕੌਸਮੋਪੋਲੀਟਨਿਜ਼ਮ'

**ਬਲਜਿੰਦਰ ਨਸਰਾਲੀ**

(The Urge to migrate is no less natural than the urge to settle)

ਕਵਾਮੇ ਇੰਗਲੈਂਡ ਦੀ ਗੋਰੀ ਮਾਂ ਤੇ ਘਾਨਾ ਦੇ ਉੱਚ ਘਰਾਣੇ ਦੇ ਕਾਲ਼ੇ ਬਾਪ ਦੀ ਸਾਂਝੀ ਸੰਤਾਨ ਹੈ। ਉਹ ਘਾਨਾ ਵਿਚ ਪਲ਼ਿਆ ਤੇ ਇੰਗਲੈਂਡ ਦੇ ਕੈਂਬਰਿਜ ਦੇ ਕਲੇਅਰ ਕਾਲਿਜ ਵਿਚ ਪੜ੍ਹਿਆ। ਅੱਜ ਕੱਲ੍ਹ ਉਹ ਅਮਰੀਕਾ ਦੀ ਪਰਿੰਕਟਨ ਯੂਨੀਵਰਸਿਟੀ ਵਿਚ ਫਿਲਾਸਫੀ ਦਾ ਪ੍ਰੋਫੈਸਰ ਹੈ। ਇਸ ਲੇਖ ਵਿਚ ਅਸੀਂ ਉਸਦੀ ਚਰਚਿਤ ਪੁਸਤਕ 'ਕੌਸਮੋਪੋਲੀਟਨਿਜ਼ਮ:ਅਜਨਬੀਆਂ ਦੀ ਦੁਨੀਆਂ ਵਿਚ ਰਹਿਣ ਦੇ ਢੰਗ-ਤਰੀਕੇ' ਨੂੰ ਸਮਝਣ ਦਾ ਯਤਨ ਕਰਾਂਗੇ। ਉਹ ਆਪਣਾ ਥੀਸਿਸ ਇਤਿਹਾਸ, ਸਮਕਾਲੀ ਜੀਵਨ ਤੇ ਹੋਰਨਾਂ ਫਿਲਾਸਫਰਾਂ ਦੇ ਹਵਾਲਿਆਂ ਨਾਲ ਬਿਰਤਾਂਤਕ ਢੰਗ ਨਾਲ ਉਸਾਰਦਾ ਹੈ। ਉਸਦੇ ਫਿਲਾਸਫੀਕਲ ਵਿਚਾਰ ਪੂਰੀ ਪੁਸਤਕ ਵਿਚ ਖਿਲਰੇ ਰੂਪ ਵਿਚ ਮੌਜੂਦ ਹਨ।

ਇਕ ਸਭਿਆਚਾਰ ਉੱਤੇ ਦੂਜੇ ਸਭਿਆਚਾਰ ਦੇ ਪ੍ਰਭਾਵ ਨੂੰ ਦੂਸ਼ਿਤ (contamination) ਹੋਣ ਦੇ ਅਰਥਾਂ ਵਿਚ ਵੀ ਲਿਆ ਜਾਂਦਾ ਹੈ। ਜਿਨ੍ਹਾਂ ਪਰਵਾਸਾਂ ਨੇ ਦੁਨੀਆਂ ਨੂੰ ਪ੍ਰਭਾਵਤ ਕੀਤਾ ਉਹ ਸਾਰੇ ਹੀ ਆਧੁਨਿਕ ਨਹੀਂ ਹਨ। ਸਿਕੰਦਰ ਦੇ ਸਾਮਰਾਜ ਨੇ ਉੱਤਰੀ ਭਾਰਤ ਅਤੇ ਮਿਸਰ ਦੀ ਰਾਜਨੀਤੀ ਅਤੇ ਚਿਹਰੇ ਮੋਹਰੇ ਨੂੰ ਬਦਲਿਆ। ਏਸ਼ੀਆ ਨੂੰ ਪਹਿਲਾਂ ਮੰਗੋਲਾਂ ਤੇ ਫਿਰ ਮੁਗ਼ਲਾਂ ਨੇ ਡੂੰਘੀ ਤਰ੍ਹਾਂ ਪ੍ਰਭਾਵਤ ਕੀਤਾ। ਬੰਤੂ ਪਰਵਾਸ ਅੱਧੇ ਅਫਰੀਕਾ ਵਿਚ ਫੈਲਿਆ। ਇਸਲਾਮ ਦਾ ਪ੍ਰਭਾਵ ਮੋਰਾਕੋ ਤੋਂ ਇੰਡੋਨੇਸ਼ੀਆ ਤਕ ਗਿਆ। ਈਸਾ ਦੀ ਮੌਤ ਤੋਂ ਕੁਝ ਹੀ ਸਦੀਆਂ ਬਾਅਦ ਈਸਾਈਅਤ ਅਫਰੀਕਾ, ਏਸ਼ੀਆ ਤੇ ਯੂਰੌਪ ਤਕ ਫੈਲ ਗਈ ਸੀ। ਬੁੱਧ ਧਰਮ ਭਾਰਤ ਤੋਂ ਪ੍ਰਵਾਸ ਕਰਕੇ ਪੂਰਬੀ ਤੇ ਦੱਖਣੀ ਏਸ਼ੀਆ ਵਿਚ ਫੈਲਿਆ। ਯਹੂਦੀ ਤੇ ਚੀਨੀ ਲੋਕਾਂ ਦਾ ਦੂਰ ਤਕ ਫੈਲਣਾ ਵੀ ਇਕ ਵੱਡਾ ਪਰਵਾਸ ਸੀ। ਬੈਗਪਾਈਪਰ ਦੀ ਸ਼ੁਰੂਆਤ ਮਿਸਰ ਵਿਚ ਹੋਈ ਮੰਨੀ ਜਾਂਦੀ ਹੈ ਪਰ ਰੋਮਨ ਫੌਜ ਰਾਹੀਂ ਇਹ ਸਕੌਟਲੈਂਡ ਪਹੁੰਚ ਗਿਆ। ਅੱਜੋਕੇ ਸਮੇਂ ਵਿਚ 'ਸਭਿਆਚਾਰਕ ਸ਼ੁੱਧਤਾ ਇਕ ਆਪਾ ਵਿਰੋਧੀ ਸੰਕਲਪ ਹੈ। ਸਭਿਆਚਾਰਕ ਪੱਖ ਤੋਂ ਦੇਖੀਏ ਤਾਂ ਅੱਜੋਕਾ ਮਨੁੱਖ ਬ੍ਰਹਿਮੰਡਲੀ (Cosmopolitan) ਜ਼ਿੰਦਗੀ ਜੀਅ ਰਿਹਾ ਹੈ। ਲੇਵਾਈਸ ਦੇ ਕੱਪੜੇ ਹਰ ਮਹਾਂਦੀਪ ਵਿਚ ਮਿਲਦੇ ਹਨ। ਕੋਕਾ ਕੋਲਾ ਸਾਰੇ ਮਹਾਂਦੀਪਾਂ ਵਿਚ ਪੀਤਾ ਜਾਂਦਾ ਹੈ। ਪੱਛਮੀ ਇੰਗਲੈਂਡ ਵਿਚ ਦੁੱਧ ਵਾਲੀ ਗਰਮ ਭਾਰਤੀ ਚਾਹ ਪੀਤੀ ਜਾਂਦੀ ਹੈ। ਵਿਸ਼ਵ ਪ੍ਰਸਿੱਧ ਚੀਜ਼ਾਂ ਨੂੰ ਲੋਕ ਆਪਣੀ ਮਰਜ਼ੀ ਅਨੁਸਾਰ ਵਰਤਦੇ ਹਨ।'

ਸਦੀਆਂ ਪਹਿਲਾਂ ਕਬੀਲਾ ਯੁੱਗ ਵਿਚ ਰਹਿੰਦਾ ਮਨੁੱਖ ਆਪਣੇ ਕਬੀਲੇ ਤੋਂ ਬਾਹਰ ਬਹੁਤ ਘੱਟ ਲੋਕਾਂ ਨੂੰ ਜਾਣਦਾ ਤੇ ਦੇਖਦਾ ਸੀ। 2500 ਸਾਲ ਪਹਿਲਾਂ ਸੁਕਰਾਤ ਦੇ ਸਮੇਂ ਏਥਨਜ਼ ਸ਼ਹਿਰ ਦੀ ਆਬਾਦੀ ਕੁਝ ਉੱਚੀਆਂ ਇਮਾਰਤਾਂ ਵਿਚ ਸਮਾ ਜਾਣ ਜੋਗੀ ਹੀ ਸੀ। ਸਿਕੰਦਰ ਮੈਸੀਡੋਨ ਤੋਂ 35000 ਬੰਦਿਆਂ ਦੀ ਫੌਜ ਲੈ ਕੇ ਦੁਨੀਆਂ ਜਿੱਤਣ ਨਿਕਲਿਆ ਸੀ। ਇਹ ਗਿਣਤੀ ਡੇਸ ਮਿਉਨਜ਼ ਵਿਚ ਹਰ ਸੋਮਵਾਰ ਆਉਂਦੇ ਲੋਕਾਂ ਤੋਂ ਕਿਤੇ ਘੱਟ ਹੈ। ਪਹਿਲੀ ਸਦੀ ਦੌਰਾਨ ਜਦੋਂ ਰੋਮ ਦੀ ਜਨਸੰਖਿਆ ਦਸ ਲੱਖ (ਇਕ ਮਿਲੀਅਨ) ਤਕ ਪਹੁੰਚੀ ਸੀ ਤਾਂ ਉਸ ਸਮੇਂ ਇਹ ਸਭ ਤੋਂ ਵੱਡਾ ਸ਼ਹਿਰ ਸੀ। ਏਡੇ ਵੱਡੇ ਸ਼ਹਿਰ ਦੇ ਲੋਕਾਂ ਦਾ ਢਿੱਡ ਭਰਨ ਲਈ ਰੋਮਨਾਂ ਨੂੰ ਇਕ ਵੱਡਾ ਸਾਮਰਾਜ ਖੜ੍ਹਾ ਕਰਨਾ ਪਿਆ, ਜਿਹੜਾ ਅਫਰੀਕਾ ਤੋਂ ਆਪਣੇ ਘਰ ਅਨਾਜ ਲੈ ਕੇ ਆਉਂਦਾ ਸੀ। ਉਨ੍ਹਾਂ ਨੇ ਇਕ ਭਾਸ਼ਾ ਅਤੇ ਕਾਨੂੰਨਾਂ ਨੂੰ ਮੰਨਣ ਵਾਲੇ ਸਮਾਜਾਂ ਦੇ ਬਿਲਕੁਲ ਨਾਲ ਨਾਲ

(Check by Soul) ਰਹਿਣ ਦਾ ਪ੍ਰਬੰਧ ਕਰ ਲਿਆ ਸੀ। ਜਿਹੜੇ ਲੋਕਾਂ ਨੂੰ ਉਹ ਜਾਣਦੇ ਵੀ ਨਹੀਂ ਸਨ ਉਹ ਉਨ੍ਹਾਂ ਵਾਸਤੇ ਭੋਜਨ ਪੈਦਾ ਕਰਦੇ ਹਨ। ਇਹ ਇਕ ਤਰ੍ਹਾਂ ਦਾ ਕ੍ਰਿਸ਼ਮਾ ਹੀ ਸੀ, ਲੰਮੇ ਇਤਿਹਾਸ ਵਾਲੀ ਜ਼ਿੰਦਗੀ ਇਸ ਨਵੀਂ ਜੀਵਨ ਸ਼ੈਲੀ ਵਿਚ ਢਲ ਗਈ।

ਅਜਿਹੇ ਵੱਡੇ ਸਮਾਜਾਂ ਵਿਚ ਲੋਕ ਦੂਜੇ ਕਬੀਲਿਆਂ ਨੂੰ ਬਹੁਤ ਘੱਟ ਜਾਣਦੇ ਸਨ ਤੇ ਉਨ੍ਹਾਂ ਦਾ ਆਪਣੇ ਨੇੜੇ ਰਹਿੰਦੇ ਲੋਕਾਂ 'ਤੇ ਬਹੁਤ ਥੋੜ੍ਹਾ ਜਿਹਾ ਪ੍ਰਭਾਵ ਪੈਂਦਾ ਸੀ। ਸਿਰਫ ਕੁਝ ਸਦੀਆਂ ਪਹਿਲਾਂ ਹੀ ਮਨੁੱਖ ਵਪਾਰ ਅਤੇ ਸੂਚਨਾ ਦੇ ਤਾਣੇ ਬਾਣੇ ਰਾਹੀਂ ਇਕ ਦੂਜੇ ਨਾਲ ਜੁੜਿਆ ਹੈ। ਇਹ ਹੁਣੇ ਸੰਭਵ ਹੋਇਆ ਹੈ ਕਿ ਕੋਈ ਵੀ ਬੰਦਾ ਛੇ ਸੌ ਕਰੋੜ ਲੋਕਾਂ ਵਿਚੋਂ ਕਿਸੇ ਨੂੰ ਵੀ ਕੋਈ ਚੀਜ਼ ਭੇਜ ਸਕਦਾ ਹੈ। ਮਾੜੀ ਗੱਲ ਇਹ ਹੈ ਕਿ ਅਸੀਂ ਕਿਟਾਣੂ, ਪ੍ਰਦੂਸ਼ਣ ਤੇ ਭੈੜੇ ਵਿਚਾਰ ਵੀ ਫੈਲਾਉਣ ਦੇ ਯੋਗ ਹੋ ਗਏ ਹਾਂ। ਅਸੀਂ ਗ਼ਰੀਬ ਦੇਸ਼ਾਂ ਦੇ ਗ਼ਰੀਬ ਕਿਸਾਨਾਂ ਨੂੰ ਅਮੀਰ ਦੇਸ਼ਾਂ ਦੀ ਸਬਸਿਡੀਆਂ ਨਾਲ ਪੈਦਾ ਕੀਤੀ ਉਪਜ ਭੇਜਕੇ ਤਬਾਹ ਕਰਨ ਦੇ ਯੋਗ ਵੀ ਹੋ ਗਏ ਹਾਂ। ਅਸੀਂ ਇਕੱਠੇ ਹੋ ਕੇ ਮਨੁੱਖ ਦੀਆਂ ਸਾਰੀਆਂ ਸਮੱਸਿਆਵਾਂ ਭੁੱਖਮਰੀ, ਗ਼ਰੀਬੀ, ਬਿਮਾਰੀਆਂ, ਹਿੰਸਾ ਤੇ ਪ੍ਰਦੂਸ਼ਣ ਦਾ ਹੱਲ ਕਰਨ ਦੇ ਸਮਰੱਥ ਵੀ ਹੋ ਗਏ ਹਾਂ।

ਕਿਹੜੇ ਨਿਯਮਾਂ ਦੇ ਤਹਿਤ ਉਪਰੋਕਤ ਮਸਲੇ ਹੱਲ ਕਰਨ ਲਈ ਅੱਗੇ ਵਧਿਆ ਜਾ ਸਕਦਾ ਹੈ? ਵਿਸ਼ਵੀਕਰਨ ਤਾਂ ਬਿਲਕੁਲ ਨਹੀਂ। ਵਿਸ਼ਵੀਕਰਨ ਦਾ ਸੰਕਲਪ ਇਕ ਸਮੇਂ ਬਜ਼ਾਰੀਕਰਨ ਦੀ ਨੀਤੀ ਵੱਲ ਸੰਕੇਤ ਕਰਦਾ ਸੀ, ਫਿਰ ਇਹ ਮੈਕਰੋ ਇਕਨਾਮਿਕਸ ਦੇ ਸਿਧਾਂਤ ਦੀ ਪ੍ਰਤੀਨਿਧਤਾ ਕਰਨ ਲੱਗਾ, ਹੌਲੀ ਹੌਲੀ ਇਹ ਸਾਰੇ ਕਾਸੇ ਨੂੰ ਆਪਣੇ ਵਿਚ ਸਮੋਣ ਲੱਗਾ ਤੇ ਫਿਰ ਸਾਰੇ ਕਾਸੇ ਤੋਂ ਮੁਨਕਰ ਹੋਣ ਲੱਗਾ। ਬਹੁ ਸਭਿਆਚਾਰਵਾਦ ਦੇ ਨਾਂ 'ਤੇ ਸਿਰਫ਼ ਨਾਮ ਹੀ ਬਦਲਿਆ ਗਿਆ ਹੈ। ਇਹ ਵੀ ਬਿਮਾਰੀ ਦਾ ਹੱਲ ਕਰਨ ਦਾ ਖੇਖਣ ਹੀ ਕਰਦਾ ਹੈ। ਕੁਝ ਦੁਬਿਧਾ ਦੇ ਨਾਲ ਬ੍ਰਹਿਮੰਡਲਵਾਦ ਉਪਰ ਕਵਾਮੇ ਦਾ ਮਨ ਖੜ੍ਹਦਾ ਹੈ। ਹਾਲਾਂਕਿ ਇਸ ਸੰਬੰਧੀ ਵੀ ਅਸਹਿਮਤੀ ਹੋ ਸਕਦੀ ਹੈ। ਇਸ ਸੰਕਲਪ ਦੀ ਵਰਤੋਂ ਸਭ ਤੋਂ ਪਹਿਲਾਂ 2300 ਸਾਲ ਪਹਿਲਾਂ ਪੁਰਾਤਨ ਯੂਨਾਨੀ ਫਿਲਾਸਫਰਾਂ ਵੱਲੋਂ ਕੀਤੀ ਗਈ: ਬ੍ਰਹਿਮੰਡ ਦੇ ਨਾਗਰਿਕ (Citizen of the Cosmos)। ਇਕ ਨਾਗਰਿਕ ਜਿਸ ਸ਼ਹਿਰ ਵਿਚ ਰਹਿੰਦਾ ਸੀ ਉਸਦੀ ਵਫ਼ਾਦਾਰੀ ਵੀ ਉਸੇ ਸ਼ਹਿਰ ਨਾਲ ਜੁੜੀ ਹੁੰਦੀ ਸੀ। ਬ੍ਰਹਿਮੰਡ ਪੂਰੇ ਸੰਸਾਰ ਵੱਲ ਸੰਕੇਤ ਕਰਦਾ ਹੈ। ਇਹ ਇਕੱਲੀ ਧਰਤ ਤਕ ਸੀਮਿਤ ਅਰਥ ਨਹੀਂ ਪ੍ਰਗਟ ਕਰਦਾ ਬਲਕਿ ਪੂਰੇ ਬ੍ਰਹਿਮੰਡ ਨੂੰ ਸਮੇਟਦਾ ਹੈ। ਇਹ ਮੰਨ ਕੇ ਚੱਲਦਾ ਹੈ ਕਿ ਸਾਰੇ ਮਨੁੱਖ ਵੱਖਰੇ ਵੱਖਰੇ ਹਨ ਤੇ ਅਸੀਂ ਇਕ ਦੂਜੇ ਦੇ ਵਖਰੇਵਿਆਂ ਤੋਂ ਸਿੱਖ ਸਕਦੇ ਹਾਂ। 'ਸਾਨੂੰ ਪੂਰਾ ਕਿਤੇ ਨਹੀਂ ਮਿਲ ਸਕਦਾ, ਸੱਚ ਟੁਕੜਿਆਂ ਦੇ ਰੂਪ ਵਿਚ ਹਰ ਥਾਂ ਹਾਜ਼ਰ ਹੁੰਦਾ ਹੈ।'

ਸਭਿਆਚਾਰ ਵਿਗਿਆਨੀ ਦੂਜੇ ਸਭਿਆਚਾਰਾਂ ਪ੍ਰਤੀ ਬਹੁਤ ਜ਼ਿਆਦਾ ਉਤਸ਼ਾਹੀ ਹੁੰਦੇ ਹਨ। ਆਖਰ ਇਹ ਉਨ੍ਹਾਂ ਦਾ ਕਿੱਤਾ ਹੈ। ਦੂਜੇ ਸਭਿਆਚਾਰਾਂ ਦੇ ਲੋਕ ਵੀ ਉਨ੍ਹਾਂ ਨੂੰ ਆਪਣੇ ਵਰਗੇ ਹੀ ਦਿਖਾਈ ਦੇਣ ਲੱਗਦੇ ਹਨ। ਉਨ੍ਹਾਂ ਦੇ ਆਪਣੇ ਰੱਬ, ਭੋਜਨ, ਭਾਸ਼ਾ, ਨਾਚ, ਸੰਗੀਤ, ਲੱਕੜ ਕਲਾ, ਦਵਾਖਾਨੇ, ਪਰਿਵਾਰ, ਰੀਤਾਂ-ਰਸਮਾਂ, ਚੁਟਕਲੇ ਅਤੇ ਬਾਲ ਕਹਾਣੀਆਂ ਹੁੰਦੀਆਂ ਹਨ। ਉਹ ਵੀ ਮੁਸਕਰਾਉਂਦੇ, ਸੌਂਦੇ, ਬੱਚੇ ਜੰਮਦੇ, ਰੋਂਦੇ ਤੇ ਅਖੀਰ ਮਰ ਜਾਂਦੇ ਹਨ। ਇਨ੍ਹਾਂ ਸਮਾਨਤਾਵਾਂ ਤੋਂ ਬਿਨਾਂ ਸਭਿਆਚਾਰ ਵਿਗਿਆਨ ਵੀ ਸੰਭਵ ਨਹੀਂ ਹੈ।

ਅਠਾਰ੍ਹਵੀਂ ਸਦੀ ਵਿਚ ਇਮੈਨੂਅਲ ਕਾਂਤ ਨੇ ਵਿਸ਼ਵ ਵਿਚ ਵਿਸ਼ਵ ਸਰਕਾਰ ਵਰਗੀ ਇਕ ਸੰਸਥਾ 'ਲੀਗ ਆਫ ਨੇਸ਼ਨਜ਼' ਬਣਾਏ ਜਾਣ ਦੀ ਵਕਾਲਤ ਕੀਤੀ। ਜਰਮਨ ਲੇਖਕ ਕ੍ਰਿਸਟੋਫਰ ਮਾਰਟਿਨ ਨੇ 1788 ਵਿਚ ਲਿਖੇ ਆਪਣੇ ਇਕ ਲੇਖ ਵਿਚ ਬ੍ਰਹਿਮੰਡਲੀਕਰਨ ਦਾ ਜ਼ਿਕਰ ਅਜਿਹੇ ਸਾਂਝੇ ਸਮਾਜ ਦੇ ਰੂਪ ਵਿਚ ਕੀਤਾ ਸੀ ਜਿਸ ਵਿਚ ਅਲੱਗ-ਅਲੱਗ ਸਭਿਆਚਾਰਾਂ ਨੂੰ ਇਕੋ ਮਨੁੱਖੀ ਪਰਿਵਾਰ ਦੀਆਂ ਅਲੱਗ ਅਲੱਗ ਟਾਹਣੀਆਂ ਮੰਨਿਆ ਗਿਆ। ਬ੍ਰਹਿਮੰਡਲੀ ਬੰਦਾ ਜਾਣਦਾ ਹੈ ਕਿ

ਲੋਕ ਵੱਖਰੀ-ਵੱਖਰੀ ਤਰ੍ਹਾਂ ਦੇ ਹਨ, ਇਨ੍ਹਾਂ ਵਖਰੇਵਿਆਂ ਵਿਚ ਬਹੁਤ ਕੁਝ ਅਦਭੁਤ ਹੈ। ਸਾਰੇ ਮਨੁੱਖਾਂ ਤੇ ਸਮਾਜਾਂ ਨੂੰ ਇਕੋ ਜਿਹਾ ਬਣਾਏ ਜਾਣ ਦੀ ਜ਼ਰੂਰਤ ਨਹੀਂ। ਸਾਡੀਆਂ ਇਕ ਦੂਸਰੇ ਪ੍ਰਤੀ ਜ਼ੁੰਮੇਵਾਰੀਆਂ ਜ਼ਰੂਰ ਹਨ ਪਰ ਹਰ ਇਕ ਨੂੰ ਆਪਣੇ ਤਰੀਕੇ ਨਾਲ ਜਿਉਣ ਦਾ ਅਧਿਕਾਰ ਹੈ। ਬ੍ਰਹਿਮੰਡਲੀਕਰਨ ਇਕ ਹੱਲ ਹੀ ਨਹੀਂ ਬਲਕਿ ਇਕ ਚੁਣੌਤੀ ਵੀ ਹੈ ਕਿਉਂਕਿ ਕਈ ਥਾਵਾਂ 'ਤੇ ਵੱਖਰੇ ਸਭਿਆਚਾਰਾਂ ਵਿਚ ਟਕਰਾਅ ਵੀ ਸਾਹਮਣੇ ਆਉਂਦੇ ਹਨ।

ਵਾਲਤੇਅਰ, ਜੀਨ ਜੈਕ ਰੂਸੋ, ਵਰਜੀਨੀਆ ਵੂਲਫ ਤੇ ਤਾਲਸਤਾਏ ਵਰਗੇ ਲੇਖਕਾਂ ਦੀ ਵੀ ਬ੍ਰਹਿਮੰਡਲੀਕਰਨ ਦੇ ਵਿਚਾਰ ਨਾਲ ਹਿਮਾਇਤ ਜੁੜੀ ਰਹੀ ਹੈ। ਵਰਜੀਨੀਆ ਵੂਲਫ ਨੇ ਕਿਹਾ ਸੀ ਕਿ ਸਾਨੂੰ, ਨਕਲੀ ਵਫ਼ਾਦਾਰੀਆਂ ਤੋਂ ਆਜ਼ਾਦੀ ਪ੍ਰਾਪਤ ਕਰ ਲੈਣੀ ਚਾਹੀਦੀ ਹੈ। ਤਾਲਸਤਾਏ ਨੇ ਦੇਸ਼ ਭਗਤੀ ਨੂੰ ਮੂਰਖਤਾ ਕਿਹਾ। ਉਸਨੇ ਕਿਹਾ ਕਿ ਜੇਕਰ ਜੰਗ ਖਤਮ ਕਰਨੀ ਹੈ ਤਾਂ ਦੇਸ਼ ਭਗਤੀ ਨੂੰ ਖਤਮ ਕਰੋ। ਤਾਲਸਤਾਏ ਨੇ ਇਹ ਗੱਲ 1896 ਵਿਚ ਆਪਣੇ ਇਕ ਲੇਖ ਵਿਚ ਲਿਖੀ। ਉਸ ਸਮੇਂ ਕੁਝ ਹੋਰ ਫਿਲਾਸਫ਼ਰਾਂ ਨੇ ਵੀ ਰਾਸ਼ਟਰਾਂ ਦੀਆਂ ਸਰਹੱਦਾਂ ਨੂੰ ਨੈਤਿਕ ਤੌਰ 'ਤੇ ਬੇਲੋੜੀਆਂ ਕਿਹਾ ਸੀ।ਕਵਾਮੇ ਦੇ ਬੋਲ ਹਨ 'ਇਕ ਪਾਸੇ ਜੇਕਰ ਮੈਨੂੰ ਬੇਚੈਨ ਕਰਨ ਵਾਲੇ ਬ੍ਰਹਿਮੰਡਲੀਕਰਨ ਦੇ ਦੋਸਤ ਮੌਜੂਦ ਹਨ ਤਾਂ ਦੂਜੇ ਪਾਸੇ ਮੈਨੂੰ ਖੁਸ਼ ਕਰਨ ਵਾਲੇ ਬ੍ਰਹਿਮੰਡਲੀਕਰਨ ਦੇ ਬੜਬੋਲੇ ਦੁਸ਼ਮਣ ਵੀ ਹਨ। ਹਿਟਲਰ ਤੇ ਸਤਾਲਿਨ ਦੋਵੇਂ ਇਕ ਗੱਲ 'ਤੇ ਸਹਿਮਤ ਸਨ ਕਿ ਸਿਆਸਤ ਦਾ ਪਹਿਲਾ ਹਥਿਆਰ ਕਤਲ ਹੁੰਦਾ ਹੈ। ਇਨ੍ਹਾਂ ਦੋਵਾਂ ਨੇ ਜੜ੍ਹਹੀਣ ਬ੍ਰਹਿਮੰਡਲੀਕਰਨ ਦੀ ਸਖ਼ਤ ਭਾਸ਼ਾ ਵਿਚ ਆਲੋਚਨਾ ਕੀਤੀ। ਜਦੋਂ ਕਿ ਉਨ੍ਹਾਂ ਦਾ ਬ੍ਰਹਿਮੰਡਲੀਕਰਨ ਦਾ ਵਿਰੋਧੀ ਹੋਣਾ, ਯਹੂਦੀਆਂ ਦਾ ਵਿਰੋਧ ਕਰਨ ਵਿਚ ਮੱਦਦਗਾਰ ਸੀ। ਉਹ ਬ੍ਰਹਿਮੰਡਲੀਕਰਨਵਾਦ (cosmopolitanism) ਨੂੰ ਆਪਣਾ ਦੁਸ਼ਮਣ ਸਮਝ ਕੇ ਠੀਕ ਹੀ ਕਰ ਰਹੇ ਸਨ।'

ਕਵਾਮੇ ਅਨੁਸਾਰ ਅਸਲ ਵਿਚ ਇਨ੍ਹਾਂ ਦੋਵਾਂ ਨੂੰ ਮਨੁੱਖਤਾ ਦੇ ਇਕ ਹਿੱਸੇ ਦੀ ਵਫਾਦਾਰੀ ਚਾਹੀਦੀ ਸੀ ਜਿਹੜਾ ਇਕ ਰਾਸ਼ਟਰ ਨਾਲ ਜੁੜਿਆ ਹੋਵੇ। ਇਸਨੇ ਉਨ੍ਹਾਂ ਦੀ ਪੂਰੀ ਮਨੁੱਖਤਾ ਨਾਲ ਵਫਾਦਾਰੀ ਨੂੰ ਖਤਮ ਕਰ ਦਿੱਤਾ।ਬ੍ਰਹਿਮੰਡਲੀਕਰਨ ਦੇ ਵਿਰੋਧੀ ਸਮਝਦੇ ਹਨ ਕਿ ਬ੍ਰਹਿਮੰਡਲੀ ਬੰਦਾ ਸਥਾਨਕਤਾ ਨਾਲ ਵਫਾਦਾਰੀ ਨਹੀਂ ਰੱਖਦਾ। ਸਾਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਹਰ ਬੰਦੇ ਦੀਆਂ ਦੂਜੇ ਬੰਦਿਆਂ ਪ੍ਰਤੀ ਕੁਝ ਜ਼ੁੰਮੇਵਾਰੀਆਂ ਹੁੰਦੀਆਂ ਹਨ। ਚੰਗੀ ਕਿਸਮਤ ਨੂੰ ਨਾ ਤਾਂ ਅਸੀਂ ਰਾਸ਼ਟਰਵਾਦੀਆਂ ਨਾਲ ਖੜ੍ਹ ਸਕਦੇ ਹਾਂ ਕਿਉਂਕਿ ਉਹ ਵਿਦੇਸ਼ੀਆਂ ਨੂੰ ਰੱਦ ਕਰਦੇ ਹਨ, ਨਾ ਹੀ ਅਸੀਂ ਉਨ੍ਹਾਂ ਬ੍ਰਹਿਮੰਡਲੀ ਬੰਦਿਆਂ ਨਾਲ ਖੜ੍ਹ ਸਕਦੇ ਹਾਂ ਜਿਹੜੇ ਆਪਣੇ ਦੋਸਤਾਂ ਅਤੇ ਨਾਲ ਦੇ ਸ਼ਹਿਰੀਆਂ ਨੂੰ ਠੰਡੀਆਂ ਨਜ਼ਰਾਂ ਨਾਲ ਦੇਖਦੇ ਹਨ।

ਭੂਗੋਲਕ ਸੰਦਰਭ ਵਿਚ ਮਨੁੱਖ ਨੂੰ ਅਫਰੀਕਾ ਛੱਡੇ ਨੂੰ ਸਿਰਫ ਅੱਖ ਝਮਕੀ ਜਿੰਨਾ ਸਮਾਂ ਹੀ ਹੋਇਆ ਹੈ। ਕਈ ਥਾਵਾਂ ਅਜਿਹੀਆਂ ਹਨ ਜਿੱਥੇ ਸਾਡੇ ਵਸਣ ਦੇ ਸਬੂਤ ਨਹੀਂ ਮਿਲੇ। 'ਪਰਵਾਸ ਕਰਨ ਦੀ ਇੱਛਾ ਪੱਕੇ ਤੌਰ 'ਤੇ ਟਿਕ ਕੇ ਬੈਠਣ ਦੀ ਇੱਛਾ ਤੋਂ ਘੱਟ ਕੁਦਰਤੀ ਨਹੀਂ ਹੁੰਦੀ।' ਦੂਜਿਆਂ ਦੀਆਂ ਭਾਸ਼ਾਵਾਂ ਅਤੇ ਰੀਤਾਂ ਰਸਮਾਂ ਨੂੰ ਮਨੁੱਖ ਸਿਰਫ਼ ਉਤਸੁਕਤਾ ਕਾਰਨ ਹੀ ਨਹੀਂ ਸਿੱਖਦਾ। ਬ੍ਰਹਿਮੰਡਲੀਕਰਨਵਾਦ ਨੂੰ ਕਿਸੇ ਉੱਚੀ ਪ੍ਰਾਪਤੀ ਵਜੋਂ ਨਹੀਂ ਦੇਖਣਾ ਚਾਹੀਦਾ ਬਲਕਿ ਮਨੁੱਖੀ ਭਾਈਚਾਰੇ ਵਿਚ ਇਹ ਇਕ ਸਾਧਾਰਣ ਵਿਚਾਰ ਵਜੋਂ ਹੀ ਲੈਣਾ ਚਾਹੀਦਾ ਹੈ। ਸਾਨੂੰ ਇਕੱਠੇ ਰਹਿ ਸਕਣ ਦੀ ਭਾਵਨਾ, ਪੁਰਾਣੇ ਅਰਥਾਂ ਵਿਚ ਗੋਸ਼ਟੀ ਕਰਨ ਅਤੇ ਸਹਿਯੋਗ ਕਰਨ ਦੀਆਂ ਆਦਤਾਂ ਵਿਕਸਿਤ ਕਰਨੀਆਂ ਚਾਹੀਦੀਆਂ ਹਨ।

ਇਕ ਥਾਂ ਵੱਖਰੇ ਵੱਖਰੇ ਭਾਈਚਾਰਿਆਂ ਦੀਆਂ ਆਪਸੀ ਗੱਲਬਾਤ ਭਰਪੂਰ ਮਿਲਣੀਆਂ ਭਰੀਆਂ ਭਰੀਆਂ ਹੁੰਦੀਆਂ ਹਨ। ਜਿਉਂ ਜਿਉਂ ਦੁਨੀਆਂ ਛੋਟੀ ਹੁੰਦੀ ਜਾਂਦੀ ਹੈ, ਆਸਰੇ ਵੱਡੇ ਹੁੰਦੇ ਜਾਂਦੇ ਹਨ। ਕਵਾਮੇ ਆਪਣੇ ਦੇਸ਼ ਘਾਨਾ ਵਿਚ ਆਪਣੀ ਮਾਤਭੂਮੀ 'ਤੇ ਵਸੇ ਸ਼ਹਿਰ ਕੁਮਸੀ ਦੀ

ਉਦਾਹਰਣ ਇਕ ਬ੍ਰਹਿਮੰਡਲੀ ਸ਼ਹਿਰ ਵਜੋਂ ਦਿੰਦਾ ਹੈ। ਆਪਣੇ ਬਚਪਨ ਦੀਆਂ ਯਾਦਾਂ ਨੂੰ ਫਰੋਲਦਿਆਂ ਉਹ ਆਪਣੇ ਹੋਮ ਟਾਊਨ ਦੇ ਸਮਾਜ ਸੇਵੀ ਵਜੋਂ ਵਿਚਰਦੇ, ਦੁਕਾਨਦਾਰੀ ਕਰਦੇ ਭਾਰਤੀ ਬਾਬੂ, ਚੌਲਾਂ ਦੀ ਦੁਕਾਨ ਵਾਲੇ ਇਰਾਨੀ ਭਰਾਵਾਂ, ਲਿਬਨਾਨੀ ਕੱਪੜਾ ਵਪਾਰੀ, ਸੀਰੀਅਨ ਪਰਿਵਾਰਾਂ, ਮਿਲਟਰੀ ਵਿਚਲੇ ਕੁਝ ਵਿਦੇਸ਼ੀਆਂ, ਅੰਗਰੇਜ਼ ਵਕੀਲਾਂ, ਜੱਜਾਂ, ਗਰੀਕ ਆਰਕੀਟੈਕਟਾਂ, ਸਕੌਟ ਇੰਜੀਨੀਅਰਾਂ ਅਤੇ ਯੂਨੀਵਰਸਿਟੀ ਦੇ ਗੋਰੇ ਪ੍ਰੋਫੈਸਰਾਂ ਨੂੰ ਯਾਦ ਕਰਦਾ ਹੈ। ਬਹੁਤ ਸਾਰੇ ਅੰਗਰੇਜ਼ ਅੰਗਰੇਜ਼ੀ ਰਾਜ ਖਤਮ ਹੋਣ ਤੋਂ ਬਾਅਦ ਵੀ ਘਾਨਾ ਛੱਡਕੇ ਨਹੀਂ ਗਏ ਸਨ।

ਬ੍ਰਹਿਮੰਡਲੀਕਰਨਵਾਦ ਇਕ ਸਾਹਸੀ ਕੰਮ ਤੇ ਇਕ ਆਦਰਸ਼ ਸਥਿਤੀ ਹੈ। ਜਿਨ੍ਹਾਂ ਦੇ ਮਨਾਂ ਵਿਚ ਮਨੁੱਖੀ ਬਹੁਰੰਗਤਾ ਪ੍ਰਤੀ ਸਤਿਕਾਰ ਨਹੀਂ ਹੈ, ਅਸੀਂ ਉਨ੍ਹਾਂ ਤੋਂ ਬ੍ਰਹਿਮੰਡਲੀ ਮਨੁੱਖ ਬਣਨ ਦੀ ਤਵੱਕੋ ਨਹੀਂ ਕਰਦੇ। ਜਿਹੜੇ ਆਪਣੇ ਨਿੱਜ ਤਕ ਸੀਮਿਤ ਰਹਿਣਾ ਚਾਹੁੰਦੇ ਹਨ, ਉਨ੍ਹਾਂ ਨੂੰ ਉਸੇ ਤਰ੍ਹਾਂ ਰਹਿਣ ਦਿੱਤਾ ਜਾਵੇ। ਜਿਹੜੇ ਭਾਈਚਾਰੇ ਅਜੇ ਤਕ ਦੂਰ ਦੂਰ ਰਹੇ ਹਨ, ਉਨ੍ਹਾਂ ਕੋਲ਼ ਇਕ ਦੂਜੇ ਦੇ ਨੇੜੇ ਆਉਣ ਤੋਂ ਵਧੀਆ ਹੋਰ ਕੋਈ ਬਦਲ ਨਹੀਂ ਹੈ। ਲਗਾਤਾਰ ਵਿਕਸਿਤ ਹੋ ਰਹੇ ਮਨੁੱਖ ਵਾਸਤੇ ਇਕੱਲਤਾ ਕਦੇ ਵੀ ਸੁਖਾਵੀਂ (ਸਾਧਾਰਣ) ਨਹੀਂ ਰਹੀ।

ਇਹ ਕਿਹਾ ਜਾ ਸਕਦਾ ਹੈ ਕਿ ਐਂਥਰੋਪਲੌਲੋਜਿਸਟ (ਮਾਨਵ ਵਿਗਿਆਨੀ) ਦਾ ਪੂਰਾ ਜੀਵਨ ਹੀ ਲੋਕਾਂ ਸੰਬੰਧੀ ਬੌਧਿਕ ਉਤਸੁਕਤਾ ਨਾਲ ਭਰਿਆ ਹੁੰਦਾ ਹੈ, ਇਸ ਲਈ ਉਹ ਬ੍ਰਹਿਮੰਡਲਵਾਦੀ ਬਣਦੇ ਹਨ। ਇਹ ਸੱਚ ਨਹੀਂ ਹੈ। ਬਹੁਤ ਸਾਰੇ ਮਾਨਵ ਵਿਗਿਆਨੀ ਅਜਨਬੀਆਂ ਦੇ ਜੀਵਨ ਦਾ ਅਧਿਐਨ ਤਾਂ ਕਰਦੇ ਹਨ ਪਰ ਉਹ ਇਸ ਵਿਸ਼ਵਾਸ ਵਿਚ ਯਕੀਨ ਨਹੀਂ ਕਰਦੇ ਕਿ ਕੋਈ ਵਿਸ਼ਵ ਵਿਆਪੀ ਨੈਤਿਕਤਾ ਹੋ ਸਕਦੀ ਹੈ। ਉਹ ਦੂਜੇ ਸਮਾਜਾਂ ਵਿਚ ਦਖਲਅੰਦਾਜ਼ੀ ਕਰਨ ਨੂੰ ਠੀਕ ਨਹੀਂ ਸਮਝਦੇ। ਦਖਲਅੰਦਾਜ਼ੀ ਸੰਬੰਧੀ ਸ਼ੱਕ ਦਾ ਇਤਿਹਾਸਕ ਕਾਰਨ ਵੀ ਹੈ। ਬਹੁਤ ਸਾਰੀਆਂ ਪੁਰਾਣੀਆਂ ਜੀਵਨ ਸ਼ੈਲੀਆਂ ਨੂੰ ਬਾਹਰੋਂ ਦਖਲਅੰਦਾਜ਼ੀ ਕਰਨ ਵਾਲਿਆਂ ਨੇ ਘਟਾ ਕੇ ਦੇਖਿਆ। ਉਨ੍ਹਾਂ ਦੀ ਜੀਵਨ ਸ਼ੈਲੀ ਨੂੰ ਬਾਹਰਲਿਆਂ ਨੇ ਕੋਈ ਵਧੀਆ ਬਦਲ ਨਹੀਂ ਦਿੱਤੇ। ਇਹ ਵੀ ਸੱਚ ਹੈ ਕਿ ਇਨ੍ਹਾਂ ਬਾਹਰਲਿਆਂ ਵਿਚੋਂ ਬਹੁਤਿਆਂ ਦੀ ਦਖਲਅੰਦਾਜ਼ੀ ਇਮਾਨਦਾਰਾਨਾ ਨਹੀਂ ਸੀ। ਪਰਸ਼ੀਅਨ, ਮੈਸੀਡੋਨੀਅਨ, ਰੋਮਨ, ਮੰਗੋਲ, ਹੂਣ, ਮੁਗਲ, ਆਟੋਮਨ, ਡੱਚ, ਫਰੈਂਚ, ਅੰਗਰੇਜ਼ੀ ਤੇ ਅਮਰੀਕੀ ਸਾਮਰਾਜਾਂ ਨਾਲ ਜੁੜੀਆਂ ਬਹੁਤ ਸਾਰੀਆਂ ਦੁਖਦਾਇਕ ਘਟਨਾਵਾਂ ਇਤਿਹਾਸ ਵਿਚ ਮੌਜੂਦ ਹਨ।

ਇਸ ਵਿਚ ਕੋਈ ਸ਼ੱਕ ਨਹੀਂ ਕਿ ਸੰਸਾਰ ਵਿਚ ਅਨੇਕਾਂ ਜੀਵਨ ਸ਼ੈਲੀਆਂ ਹਨ। ਅਸੀਂ ਬਹੁਤ ਗੱਲਾਂ 'ਤੇ ਇਕ ਦੂਜੇ ਨਾਲ ਸਹਿਮਤ ਹੋਵਾਂਗੇ ਤੇ ਬਹੁਤ ਸਾਰੀਆਂ 'ਤੇ ਅਸਹਿਮਤ ਹੋ ਸਕਦੇ ਹਾਂ। ਤਾਲਸਤਾਏ ਦੀ ਇਕ ਕਹਾਣੀ ਵਿਚ ਚੇਚਨ ਯੋਧਾ ਹਾਜੀ ਮੁਰਾਤ ਆਪਣੇ ਲੋਕਾਂ ਦੀ ਇਕ ਅਖਾਣ ਸੁਣਾਉਂਦਾ ਹੈ: ਇਕ ਕੁੱਤੇ ਨੇ ਇਕ ਗਧੇ ਨੂੰ ਆਪਣੇ ਵੱਲੋਂ ਖਾਣਾ ਪੇਸ਼ ਕੀਤਾ, ਖਾਣੇ ਵਿਚ ਮਾਸ ਸੀ। ਗਧੇ ਨੇ ਵੀ ਕੁੱਤੇ ਨੂੰ ਆਪਣੇ ਵੱਲੋਂ ਖਾਣਾ ਭੇਂਟ ਕੀਤਾ, ਖਾਣੇ ਵਿਚ ਘਾਹ-ਫੂਸ ਸੀ। ਦੋਵੇਂ ਭੁੱਖੇ ਰਹਿ ਗਏ।

ਸੰਸਾਰ ਦੇ ਸਾਰੇ ਭਾਈਚਾਰਿਆਂ ਦੇ ਸਾਰੇ ਮਨੁੱਖਾਂ ਵਿਚ ਇਕ ਗੱਲ ਸਾਂਝੀ ਹੈ ਕਿ ਉਹ ਬਿਰਤਾਂਤ (ਕਹਾਣੀਆਂ) ਸੁਣਾਉਂਦੇ ਹਨ ਤੇ ਉਨ੍ਹਾਂ ਬਿਰਤਾਂਤਾਂ ਉਪਰ ਚਰਚਾ ਕਰਦੇ ਹਨ। ਇਤਿਹਾਸ ਵਿਚ, ਜਿੰਨਾ ਪਿੱਛੇ ਜਾਣ ਦਾ ਸਾਡੇ ਕੋਲ ਰਿਕਾਰਡ ਹੈ, ਅਸੀਂ ਜਾਣਦੇ ਹਾਂ ਕਿ ਮਨੁੱਖ ਕਹਾਣੀਆਂ ਸੁਣਾਉਂਦਾ ਰਿਹਾ ਹੈ। ਇਲੀਅਡ, ਓਡੀਸੀ, ਗੇਂਜੀ ਦੀ ਕਹਾਣੀ ਇਸਦਾ ਸਬੂਤ ਹਨ। ਜਿਹੜਾ ਮਨੁੱਖੀ ਸਮੂਹ ਬਿਰਤਾਂਤ ਨਹੀਂ ਸੁਣਾਉਂਦਾ, ਉਸਨੂੰ ਮਨੁੱਖ ਨਹੀਂ ਮੰਨਿਆ ਜਾਂਦਾ। ਮਨੁੱਖ ਹੋਣ ਲਈ ਬਿਰਤਾਂਤਕ ਕਲਪਨਾ ਜ਼ਰੂਰੀ ਹੈ। ਕਹਾਣੀਆਂ ਦੀ ਪਰਖ ਪੜਚੋਲ ਕਰਨਾ ਤੇ ਉਸ ਰਾਹੀਂ ਸਿੱਖਣਾ ਮਨੁੱਖ ਦਾ ਕੰਮ ਰਿਹਾ ਹੈ।

ਅਸੀਂ ਆਪੋ ਆਪਣੇ ਵੱਖਰੇ-ਵੱਖਰੇ ਸੰਸਾਰਾਂ ਵਿਚ ਆਪੋ-ਆਪਣੀਆਂ ਦ੍ਰਿਸ਼ਟੀਆਂ ਨਾਲ ਰਹਿੰਦੇ ਆਏ ਹਾਂ। ਜੇਕਰ ਸਾਡੇ ਸੰਸਾਰ ਸਾਂਝੇ ਨਹੀਂ ਤਾਂ ਕਿਸੇ ਗੱਲ 'ਤੇ ਵਿਚਾਰ ਚਰਚਾ ਵੀ ਨਹੀਂ ਹੋ ਸਕਦੀ। ਬਹੁਤ ਸਾਰੇ ਲੋਕ ਸਾਪੇਖਤਾਵਾਦ (ਕੋਈ ਅੰਤਮ ਸੱਚ ਨਹੀਂ ਹੁੰਦਾ) ਦੀ ਗੱਲ ਕਰਦੇ ਹਨ ਕਿਉਂਕਿ ਉਹ ਸਮਝਦੇ ਹਨ ਕਿ ਇਹ ਸਾਨੂੰ ਦੂਜਿਆਂ ਪ੍ਰਤੀ ਸਹਿਣਸ਼ੀਲ ਬਣਾਉਂਦਾ ਹੈ।

ਇਸ ਵਿਚ ਕੋਈ ਸ਼ੱਕ ਨਹੀਂ ਲੋਕ ਇਕ ਦੂਸਰੇ ਤੋਂ ਪ੍ਰਭਾਵਤ ਹੁੰਦੇ ਹਨ। ਕਈ ਵਾਰ ਚਿਰਾਂ ਤੋਂ ਪ੍ਰਚਲਤ ਰਿਵਾਜ ਬਿਲਕੁਲ ਅਣਜਾਣੇ ਰਿਵਾਜਾਂ ਵਿਚ ਬਦਲ ਜਾਂਦੇ ਹਨ। ਹਰ ਖਿੱਤੇ ਦੇ ਲੋਕਾਂ ਦੇ ਬੱਚਿਆਂ ਨੂੰ ਪਾਲਣ ਸੰਬੰਧੀ ਆਪਣੇ ਵਿਚਾਰ ਹਨ। ਕਵਾਮੇ ਦਾ ਪਾਲਣ ਪੋਸ਼ਣ ਪਰਿਵਾਰ ਬਾਰੇ ਵੱਖਰੇ ਵੱਖਰੇ ਵਿਚਾਰ ਰੱਖਣ ਵਾਲੇ ਦੋ ਸਮਾਜਾਂ ਵਿਚ ਹੋਇਆ। ਇਕ ਘਾਨਾ (ਅਫਰੀਕਾ) ਦਾ ਆਕਾਨ (Akan) ਸਮਾਜ ਸੀ ਤੇ ਦੂਜਾ ਇੰਗਲੈਂਡ ਦਾ ਅੰਗਰੇਜ਼ ਸਮਾਜ। ਆਕਾਨ ਸਮਾਜ ਮਾਂ ਵੰਸ਼ੀ (Matrilineal) ਸੀ ਜਿੱਥੇ ਔਰਤ ਆਪਣੇ ਬੱਚਿਆਂ ਸਮੇਤ ਆਪਣੇ ਭਰਾ ਦੇ ਘਰੇ ਰਹਿੰਦੀ ਸੀ, ਪਤੀ ਕੋਲ਼ ਉਹ ਲਗਾਤਾਰ ਫੇਰਾ ਮਾਰਦੀ ਰਹਿੰਦੀ ਸੀ। ਬਾਪ ਆਪਣੇ ਬੱਚਿਆਂ ਪ੍ਰਤੀ ਘੱਟ ਆਪਣੇ ਭਾਣਜੇ ਭਾਣਜੀਆਂ ਪ੍ਰਤੀ ਵਧੇਰੇ ਜ਼ੁੰਮੇਵਾਰ ਸੀ। ਅੰਗਰੇਜ਼ਾਂ ਤੇ ਹੋਰਨਾਂ ਵਿਦੇਸ਼ੀਆਂ ਦੇ ਪ੍ਰਭਾਵ ਨਾਲ ਆਕਾਨ ਸਮਾਜ ਵੀ ਬਦਲ ਗਿਆ ਤੇ ਪਤੀ ਪਤਨੀ ਇਕੱਠੇ ਰਹਿਣ ਲੱਗੇ ਤੇ ਬਾਪ ਆਪਣੇ ਬੱਚਿਆਂ ਪ੍ਰਤੀ ਜ਼ਿੰਮੇਵਾਰ ਬਣਨ ਲੱਗੇ। ਬੱਚਿਆਂ ਦੀ ਪਰਵਰਿਸ਼ ਲਈ ਉਨ੍ਹਾਂ ਨੂੰ ਇਸ ਨਮੂਨੇ ਦਾ ਜੀਵਨ ਵਧੇਰੇ ਠੀਕ ਲੱਗਿਆ।

ਲੋਕ ਇਕ ਦੂਸਰੇ ਨੇੜੇ ਰਹਿੰਦਿਆਂ ਗ਼ਲਤ ਤੇ ਠੀਕ ਦਾ ਫ਼ਰਕ ਸਮਝਣ ਲੱਗਦੇ ਹਨ। ਕਈ ਸਮਾਜਾਂ ਵਿਚ ਕਿਹਾ ਜਾਂਦਾ ਹੈ ਕਿ ਬੱਚੇ ਨੂੰ ਥੋੜ੍ਹੇ ਸਮੇਂ ਲਈ ਕੁੱਟਣ ਨਾਲ ਉਹ ਵਧੇਰੇ ਸਿਆਣਾ ਹੋ ਜਾਂਦਾ ਹੈ। ਕੁਝ ਲੋਕ ਸ਼ਿਕਾਇਤ ਕਰਦੇ ਹਨ ਕਿ ਫਾਲਣੇ ਬੰਦੇ ਨੇ ਆਪਣੇ ਬੱਚਿਆਂ ਨੂੰ ਅਨੁਸ਼ਾਸਨ ਨਹੀਂ ਸਿਖਾਇਆ। ਇਸਦਾ ਇਕ ਮਤਲਬ ਇਹ ਵੀ ਹੋ ਸਕਦੈ ਕਿ ਉਸਨੇ ਆਪਣੇ ਬੱਚੇ ਨੂੰ ਕੁੱਟਿਆ ਨਹੀਂ। ਕਈ ਲੋਕ ਅਕਸਰ ਹੀ ਬੱਚਿਆਂ ਨੂੰ ਬਹੁਤ ਜ਼ਿਆਦਾ ਕੁੱਟਦੇ ਹਨ। ਇਸਦਾ ਮਤਲਬ ਕੁਝ ਲੋਕ ਬੱਚਿਆਂ ਪ੍ਰਤੀ ਜ਼ਾਲਮ ਹੁੰਦੇ ਹਨ। ਬਹੁਤ ਸਾਰੇ ਸਮਾਜਾਂ ਵਿਚ ਬੱਚਿਆਂ ਨੂੰ ਕੁੱਟਣ ਦੀ ਥਾਂ ਸਿਖਲਾਈ ਯਾਫਤਾ ਵਿਅਕਤੀ (ਕਾਊਂਸਲਰ) ਵੱਲੋਂ ਸਮਝਾਉਣ (ਕਾਊਂਸਲਿੰਗ) ਦੀ ਵਿਧੀ ਅਪਣਾਈ ਜਾਂਦੀ ਹੈ।

ਸਾਰੇ ਸਮਾਜਾਂ ਵਿਚ ਮਨੁੱਖੀ ਮਨ ਇਕੋ ਤਰੀਕੇ ਨਾਲ ਕੰਮ ਕਰਦਾ ਹੈ। ਹਰ ਥਾਂ 'ਤੇ ਲੋਕਾਂ ਨੂੰ ਲਾਲ, ਹਰਾ, ਪੀਲ਼ਾ ਤੇ ਨੀਲਾ ਰੰਗ ਦਿਖਾਈ ਦਿੰਦੇ ਹਨ। ਫਿਰ ਹਰ ਥਾਂ ਕੁਝ ਲੋਕ ਜਮਾਂਦਰੂ ਅੰਨ੍ਹੇ ਹੁੰਦੇ ਹਨ। ਕੁਝ ਲੋਕਾਂ ਨੂੰ ਤਿੰਨ ਦੀ ਥਾਂ ਚਾਰ ਰੰਗ ਦਿਖਾਈ ਦਿੰਦੇ ਹਨ। ਕੁਝ ਲੋਕ ਰੰਗਾਂ ਦੇ ਅੰਨ੍ਹੇਪਣ ਦਾ ਸ਼ਿਕਾਰ ਹੁੰਦੇ ਹਨ ਜਿਨ੍ਹਾਂ ਨੂੰ ਜਾਂ ਤਾਂ ਘੱਟ ਰੰਗ ਦਿਸਦੇ ਹਨ ਜਾਂ ਦਿਸਦੇ ਹੀ ਨਹੀਂ। ਮਨੁੱਖੀ ਰੰਗ ਦ੍ਰਿਸ਼ਟੀ ਸਾਰੀ ਦੁਨੀਆਂ ਵਿਚ ਇਸ ਤਰ੍ਹਾਂ ਦੀ ਹੈ। ਦੁਨੀਆਂ ਦੇ ਚੋਟੀ ਦੇ ਮੈਥੇਮੈਟੀਸ਼ਨ ਅਤੇ ਸੰਗੀਤਕਾਰ ਪੂਰੀ ਦੁਨੀਆਂ ਵਿਚੋਂ ਆਉਂਦੇ ਹਨ। ਸਾਰੀ ਦੁਨੀਆਂ ਵਿਚ ਅਜਿਹੇ ਲੋਕ ਮਿਲ ਜਾਣਗੇ ਜਿਹੜੇ ਦੂਜਿਆਂ ਪ੍ਰਤੀ ਦਿਆਲੂ ਤੇ ਹਮਦਰਦ ਹੁੰਦੇ ਹਨ। ਸਮਾਜ ਵਿਰੋਧੀ ਤੇ ਮਨੋਰੋਗੀ ਲੋਕ ਵੀ ਹਨ ਜਿਹੜੇ ਪੂਰੀ ਧਰਤ 'ਤੇ ਖਿਲਰੇ ਹੋਏ ਹਨ। ਸੱਚ ਤਾਂ ਇਹ ਹੈ ਕਿ ਅਸੀਂ ਜੀਵ ਵਿਗਿਆਨਕ ਤੌਰ 'ਤੇ ਇਕ ਹੀ ਹਾਂ। ਸਾਰੇ ਮਨੁੱਖ ਲਗਪਗ ਇਕੋ ਜਿਹੇ ਜੀਵ ਵਿਗਿਆਨਕ ਗੁਣਾਂ ਔਗੁਣਾਂ ਦੇ ਮਾਲਕ ਹਨ। ਸਾਡਾ ਮੂਲ ਇਕੋ ਹੋਣ ਕਾਰਨ ਅਸੀਂ ਸੱਭਿਆਚਾਰਕ ਤੌਰ 'ਤੇ ਵੀ ਸਾਂਝੇ ਲੱਛਣ ਰੱਖਦੇ ਹਾਂ। ਅਸੀਂ ਸਾਰੇ ਸੰਸਾਰ ਦੇ ਮਨੁੱਖ ਸੰਗੀਤ, ਕਵਿਤਾ, ਨਾਚ, ਵਿਆਹ, ਅੰਤਮ ਸੰਸਕਾਰ, ਕੀਮਤ ਪ੍ਰਬੰਧ, ਮਹਿਮਾਨ ਨਿਵਾਜੀ, ਕਾਮੁਕਤਾ, ਨਿਮਰਤਾ, ਦਿਆਲਤਾ, ਆਦਾਨ ਪ੍ਰਦਾਨ, ਸਮਾਜਕ ਟਕਰਾਵਾਂ ਦਾ ਹੱਲ, ਠੀਕ ਤੇ ਗ਼ਲਤ ਦੇ ਸੰਕਲਪ, ਚੰਗੇ ਤੇ ਬੁਰੇ, ਮਾਪੇ ,ਔਲਾਦ, ਅਤੀਤ, ਵਰਤਮਾਨ ਤੇ ਭਵਿੱਖ ਦੇ ਅਰਥ ਰੱਖਦੇ ਹਾਂ। ਬਹੁਤ ਸਾਰੇ ਲੋਕ ਜੋਤਿਸ਼,

ਕੀੜਿਆਂ ਤੇ ਜੰਗ ਦੇ ਇਤਿਹਾਸ ਵਿਚ ਰੁਚੀ ਰੱਖਦੇ ਹਨ ਪਰੰਤੂ ਇਨ੍ਹਾਂ ਵਿਚ ਰੁਚੀ ਨਾ ਰੱਖਣ ਵਾਲੇ ਵੀ ਵਿਸ਼ਵਵਿਆਪੀ ਰੂਪ ਵਿਚ ਮਿਲ ਜਾਣਗੇ। ਅੰਤਰ ਸਭਿਆਚਾਰਕ ਵਿਚਾਰ ਚਰਚਾ ਵਿਚ ਸ਼ਾਮਲ ਲੋਕ ਸਾਂਝੀਆਂ ਚੀਜ਼ਾਂ ਬਾਰੇ ਗੱਲਬਾਤ ਕਰਦੇ ਹਨ। ਇਸ ਤੋਂ ਬਾਅਦ ਉਨ੍ਹਾਂ ਗੱਲਾਂ ਨੂੰ ਸਾਂਝੀਆਂ ਕਰ ਕੇ ਆਨੰਦ ਲੈਂਦੇ ਹਨ ਜਿਹੜੀਆਂ ਇਕ ਦੂਜੇ ਨਾਲ ਮੇਲ ਨਹੀਂ ਖਾਂਦੀਆਂ। ਕੌਸਮੋਪੋਲੀਟਨਿਜ਼ਮ ਦੇ ਵਿਰੋਧੀ ਲੋਕ ਆਪਣੇ ਰਾਸ਼ਟਰ, ਭਾਸ਼ਾ, ਜਾਤੀ ਤੇ ਮਨਪਸੰਦ ਲੋਕਾਂ ਤਕ ਹੀ ਸੀਮਿਤ ਰਹਿਣਾ ਚਾਹੁੰਦੇ ਹਨ। ਉਹ ਮਨੁੱਖ ਹੋਣ ਦੀ ਪਛਾਣ ਨਾਲੋਂ ਹੋਰਨਾਂ ਪਛਾਣਾਂ ਨੂੰ ਪਹਿਲ ਦਿੰਦੇ ਹਨ। ਫਿਰ ਵੀ ਕੁਝ ਲੋਕ ਆਪਣੀ ਪਸੰਦ ਦੇ ਅਜਨਬੀਆਂ ਦੀ ਮੱਦਦ ਕਰਦੇ ਹਨ। 'ਕੁਝ ਅਮਰੀਕੀ ਇਸਾਈ ਸੂਡਾਨ ਵਿਚ ਮੁਸੀਬਤ ਮਾਰੇ ਆਪਣੇ ਸਾਥੀ ਇਸਾਈਆਂ ਨੂੰ ਪੈਸੇ ਭੇਜਦੇ ਹਨ। ਲੇਖਕ ਦੁਨੀਆਂ ਵਿਚ ਜੇਲ੍ਹਾਂ ਵਿਚ ਡੱਕੇ ਲੇਖਕਾਂ ਦੀ ਆਜ਼ਾਦੀ ਲਈ ਪੈਨ (PEN) ਇੰਟਰਨੈਸ਼ਨਲ ਰਾਹੀਂ ਲਹਿਰ ਚਲਾਉਂਦੇ ਹਨ। ਸਵੀਡਨ ਦੀਆਂ ਔਰਤਾਂ ਦੱਖਣੀ ਏਸ਼ੀਆ ਦੀਆਂ ਔਰਤਾਂ ਦੇ ਹੱਕਾਂ ਲਈ ਕੰਮ ਕਰਦੀਆਂ ਹਨ। ਭਾਰਤ ਦੇ ਪੰਜਾਬ ਸੂਬੇ ਦੇ ਲੋਕ ਕੈਨੇਡਾ ਅਤੇ ਬ੍ਰਿਟੇਨ ਵਿਚਲੇ ਪੰਜਾਬੀਆਂ ਬਾਰੇ ਚਿੰਤਾ ਕਰਦੇ ਹਨ।' ਇਹ ਉਹ ਮੁੱਢਲਾ ਪੜਾਅ ਹੈ ਜਦੋਂ ਮਨੁੱਖ ਆਪਣੇ ਸਦੀਆਂ ਪੁਰਾਣੇ ਖੋਲ ਤੋੜ ਕੇ ਦੂਜਿਆਂ ਵੱਲ ਹੱਥ ਵਧਾ ਰਿਹਾ ਹੈ।

ਕੁਝ ਲੋਕ ਵਿਸ਼ਵੀਕਰਨ ਦੁਆਰਾ ਪੈਦਾ ਕੀਤੀ ਇਕਰੂਪਤਾ (Homogeneity) ਬਾਰੇ ਸ਼ਿਕਾਇਤ ਕਰਦੇ ਹੋਏ ਇਹ ਭੁੱਲ ਜਾਂਦੇ ਹਨ ਕਿ ਵਿਸ਼ਵੀਕਰਨ ਇਕਰੂਪਤਾ ਲਈ ਇਕ ਚੁਣੌਤੀ ਵੀ ਹੈ। ਆਪਣੇ ਵਤਨੀਂ ਸ਼ਹਿਰ ਕੁਮਸੀ (Kumasi) ਦੇ ਹਵਾਲੇ ਨਾਲ ਕਵਾਮੇ ਆਖਦਾ ਹੈ, 'ਤੁਸੀਂ ਜੋ ਵੀ ਹੋ ਅਸਾਂਟੇ (Asante) ਦੀ ਰਾਜਧਾਨੀ ਭਾਵੁਕ, ਬੌਧਿਕ ਤੇ ਯਕੀਨਨ ਭੌਤਿਕ ਤੌਰ 'ਤੇ ਤੁਹਾਡੀ ਪਹੁੰਚ ਵਿਚ ਹੈ। ਇਹ ਵਿਸ਼ਵ ਮੰਡੀ ਨਾਲ ਜੁੜੀ ਹੋਈ ਹੈ। ਕੁਝ ਵੀ ਇਸਨੂੰ ਪੱਛਮੀ, ਅਮਰੀਕਨ ਜਾਂ ਬ੍ਰਿਟਿਸ਼ ਨਹੀਂ ਬਣਾਉਂਦਾ। ਇਹ ਅਜੇ ਵੀ ਕੁਮਸੀ ਹੈ। ਸਿਰਫ਼ ਸ਼ਹਿਰ ਹੋਣ ਕਾਰਨ ਇਹ ਹੋਰਨਾਂ ਸ਼ਹਿਰਾਂ ਵਰਗਾ ਨਹੀਂ ਬਣ ਜਾਂਦਾ। ਅੰਗਰੇਜ਼ੀ, ਜਰਮਨ, ਚੀਨੀ, ਸੀਰੀਅਨ, ਲਿਬਨਾਨੀ, ਬੁਰਕਿਨਬੇ, ਇਬੋਰੀਅਨ, ਨਾਈਜੀਰੀਅਨ ਤੇ ਭਾਰਤੀ ਹਰ ਥਾਂ ਦੀ ਪ੍ਰਤੀਨਿਧਤਾ ਕਰਦੇ ਪਰਿਵਾਰ ਤੁਹਾਨੂੰ ਮਿਲ ਜਾਣਗੇ। ਜਿਨ੍ਹਾਂ ਅਸਾਂਟੇ ਲੋਕਾਂ ਦੇ ਪੂਰਵਜ ਸਦੀਆਂ ਤੋਂ ਇਸ ਸ਼ਹਿਰ ਰਹਿੰਦੇ ਆਏ ਹਨ, ਮੈਂ ਤੁਹਾਨੂੰ ਉਨ੍ਹਾਂ ਨਾਲ ਵੀ ਮਿਲਾ ਸਕਦਾ ਹਾਂ। ਇਸਦੇ ਦੁਆਲੇ ਸਦੀਆਂ ਤੋਂ ਰਹਿੰਦੇ ਆ ਰਹੇ ਹੌਜਾ ਗ੍ਰਹਿਸਥੀ ਲੋਕ ਵੀ ਹਨ। ਘਾਨਾ ਦੀਆਂ ਕਈ ਬੋਲੀਆਂ ਬੋਲਣ ਵਾਲੇ ਹਰ ਇਲਾਕੇ ਦੇ ਲੋਕ ਵੀ ਹਨ। ਇਕ ਸੌ ਜਾਂ ਦੋ ਸੌ ਸਾਲ ਪਹਿਲਾਂ ਨਾਲੋਂ ਵਧੇਰੇ ਕਿਸਮਾਂ ਦੇ ਲੋਕ ਕੁਮਸੀ ਵਿਚ ਆਉਂਦੇ ਹਨ। ਇਸ ਗੱਲ ਦੇ ਬਾਵਜੂਦ ਇੱਥੇ ਬਹੁਤ ਥਾਵਾਂ ਦੇ ਲੋਕ ਆਉਂਦੇ ਜਾਂਦੇ ਰਹੇ ਹਨ। ਮੈਨੂੰ ਨਹੀਂ ਪਤਾ ਕਿਹੜਾ ਅਸਾਂਟੇ ਬੰਦਾ ਪਹਿਲੀ ਵਾਰ ਮੱਕੇ ਗਿਆ ਸੀ। ਉਸ ਬੰਦੇ ਦਾ ਸਫ਼ਰ ਰਾਜੇ ਤੋਂ ਵੀ ਪਹਿਲਾਂ ਦੇ ਵਪਾਰਕ ਰਸਤੇ ਤੋਂ ਹੀ ਸੰਪੰਨ ਹੋਇਆ ਸੀ। ਸੋਨੇ, ਨਮਕ, ਕੋਲਾ ਨਟ, ਅਲਸੀ ਤੇ ਗ਼ੁਲਾਮਾਂ ਨੇ ਮੇਰੀ ਮਾਤ ਭੂਮੀ ਨੂੰ ਬਹੁਤ ਪਹਿਲਾਂ ਵਿਸ਼ਵ ਨਾਲ ਜੋੜ ਦਿੱਤਾ ਸੀ।' ਉਸ ਅਨੁਸਾਰ ਉਦੋਂ ਵਪਾਰ ਦਾ ਮਤਲਬ ਯਾਤਰੀ ਦਾ ਆਉਣਾ ਜਾਣਾ ਹੁੰਦਾ ਸੀ। ਜੇਕਰ ਵਿਸ਼ਵੀਕਰਨ ਤੋਂ ਤੁਹਾਡਾ ਭਾਵ ਨਵੇਂ ਅਤੇ ਤਾਜ਼ੇ ਰੁਝਾਨਾਂ ਤੋਂ ਹੈ ਤਾਂ ਕੁਮਸੀ ਦਾ ਸਥਾਨਕ ਸਾਰ ਇਕੱਤਰੀਕਰਨਵਾਦ (eclecticism) ਇਸਦੇ ਨਤੀਜੇ ਵਜੋਂ ਨਹੀਂ ਹੈ।

ਕੁਮਸੀ ਤੋਂ ਥੋੜ੍ਹੀ ਦੂਰ ਪਿੰਡਾਂ ਵਿਚ ਤੁਹਾਨੂੰ ਸ਼ੁੱਧ ਇਕਰੂਪਤਾ ਮਿਲ ਜਾਵੇਗੀ। ਸਕੂਲਾਂ ਦੀ ਅੰਗਰੇਜ਼ੀ ਨੂੰ ਛੱਡ ਕੇ ਉਹ ਇਕੋ ਸਥਾਨਕ ਭਾਸ਼ਾ ਬੋਲਦੇ ਹਨ। ਉਨ੍ਹਾਂ ਦੀ ਖੇਤੀਬਾੜੀ ਆਧਾਰਤ ਜ਼ਿੰਦਗੀ ਹੈ। ਪਰੰਤੂ ਉਥੇ ਵੀ ਜ਼ਿੰਦਗੀ ਬਦਲ ਰਹੀ ਹੈ।

ਹਰ ਧਰਮ ਵਿਚ ਕੱਟੜ ਲੋਕ ਹਨ ਜਿਹੜੇ ਦੂਜਿਆਂ ਦੇ ਧਾਰਮਿਕ ਵਖਰੇਵਿਆਂ ਨੂੰ ਪਸੰਦ

ਨਹੀਂ ਕਰਦੇ। ਉਹ ਉਨ੍ਹਾਂ ਨੂੰ ਆਪਣੇ ਵਰਗਾ ਬਣਾਉਣਾ ਲੋਚਦੇ ਹਨ। 'ਬਹੁਤ ਸਾਰੇ ਅਮਰੀਕਨ ਈਸਾਈ ਸੋਚਦੇ ਹਨ ਕਿ ਨਾਸਤਿਕ, ਯਹੂਦੀ, ਮੁਸਲਿਮ, ਬੋਧੀ ਤੇ ਹੋਰ ਜੇਕਰ ਈਸਾ ਨੂੰ ਨਹੀਂ ਮੰਨਦੇ ਤਾਂ ਨਰਕ ਨੂੰ ਜਾਣਗੇ।' ਮੁਸਲਿਮ ਸੋਚਦੇ ਹਨ ਕਿ ਦੂਸਰੇ ਧਰਮਾਂ ਵਿਚੋਂ ਇਸਲਾਮ ਵਿਚ ਸ਼ਾਮਲ ਹੋਣਾ ਬਹੁਤ ਜ਼ਰੂਰੀ ਹੈ। ਪਰੰਤੂ ਧਰਮਾਂ ਦਾ ਇਕ ਵਿਅਕਤੀਕ੍ਰਿਤ (Individualised) ਰੂਪ ਵੀ ਸਾਹਮਣੇ ਆਇਆ ਹੈ ਜਿਹੜਾ ਧਰਮ ਨੂੰ ਨਿੱਜ ਤਕ ਸੀਮਿਤ ਕਰਦਾ ਹੈ। ਮੁਸਲਮਾਨਾਂ ਵਿਚ ਇਹ ਉਨ੍ਹਾਂ ਦੇਸ਼ਾਂ ਵਿਚ ਪੈਦਾ ਹੋਇਆ ਜਿਨ੍ਹਾਂ ਦੇਸ਼ਾਂ ਵਿਚ ਮੁਸਲਮਾਨਾਂ ਦੀ ਗਿਣਤੀ ਘੱਟ ਹੈ। ਧਰਮ ਦਾ ਵਿਅਕਤੀਕ੍ਰਿਤ ਰੂਪ ਲੋਕਤੰਤਰ ਦੇਸ਼ਾਂ ਨੂੰ ਠੀਕ ਬੈਠਦਾ ਹੈ।

ਬ੍ਰਹਿਮੰਡਲਕਰਨ ਦੀ ਇਕ ਵਿਲੱਖਣ ਪ੍ਰਤੀਬੱਧਤਾ ਇਸਦਾ ਬਹੁਰੰਗਵਾਦ (Pluralism) ਹੈ। ਕੌਸਮੋਪੋਲੀਟਨ ਬੰਦਾ ਸੋਚਦਾ ਹੈ ਜਿਉਣ ਵਾਸਤੇ ਬਹੁਤ ਸਾਰੀਆਂ ਕਦਰਾਂ-ਕੀਮਤਾਂ ਹਨ ਤੇ ਉਹ ਸਾਰੀਆਂ ਕਦਰਾਂ-ਕੀਮਤਾਂ ਨਹੀਂ ਅਪਨਾ ਸਕਦਾ। ਇਸ ਤਰ੍ਹਾਂ ਉਮੀਦ ਕਰਦੇ ਹਾਂ ਕਿ ਵੱਖਰੇ ਵੱਖਰੇ ਲੋਕਾਂ ਅਤੇ ਵੱਖਰੇ ਵੱਖਰੇ ਸਮਾਜਾਂ ਦੀਆਂ ਵੱਖਰੀਆਂ ਵੱਖਰੀਆਂ ਕਦਰਾਂ-ਕੀਮਤਾਂ ਹੁੰਦੀਆਂ ਹਨ। ਉਹ ਹਰ ਇਕ ਦੀ ਕਦਰ ਕਰਦਾ ਹੈ। ਕੌਸਮੋਪੋਲੀਟਨ ਬੰਦਾ ਸਮਝਦਾ ਹੈ ਕਿ ਸਾਡਾ ਗਿਆਨ ਅਧੂਰਾ, ਵਕਤੀ ਤੇ ਸੁਧਾਰਨ ਦੇ ਯੋਗ ਹੈ। ਉਹ ਜਿਨ੍ਹਾਂ ਨਾਲ ਸਹਿਮਤ ਨਹੀਂ ਵੀ ਹੁੰਦਾ, ਉਨ੍ਹਾਂ ਤੋਂ ਵੀ ਸਿੱਖਦਾ ਹੈ। ਹਰ ਇਕ ਨੂੰ ਆਪਣੇ ਤਰੀਕੇ ਨਾਲ ਜਿਉਣ ਦਾ ਅਧਿਕਾਰ ਹੈ।

ਫਿਲਾਸਫ਼ਰ ਹਮੇਸ਼ਾ ਦੁਨੀਆਂ ਨੂੰ ਜੋੜਦੇ ਆਏ ਹਨ। ਕਵਾਮੇ ਬਹੁਤ ਸਾਧਾਰਨ ਅਤੇ ਆਮ ਜ਼ਿੰਦਗੀ ਵਿਚ ਵਾਪਰਨ ਵਾਲੀਆਂ ਉਦਾਹਰਣਾਂ ਦੇ ਰਾਹੀਂ ਮਨੁੱਖ ਅੰਦਰਲੀ ਚੰਗਿਆਈ ਦੀ ਪਛਾਣ ਕਰਨ ਦਾ ਯਤਨ ਕਰਦਾ ਹੈ। ਫਿਲਾਸਫ਼ਰ ਪੀਟਰ ਸਿੰਗ (Peter Singer) ਅਨੁਸਾਰ, 'ਜੇਕਰ ਮੈਂ ਇਕ ਡੂੰਘੇ ਪਾਣੀ ਵਾਲੇ ਤਲਾਬ ਕੋਲੋਂ ਲੰਘਦਾ ਹੋਇਆ ਇਕ ਬੱਚੇ ਨੂੰ ਡੁੱਬਦਾ ਹੋਇਆ ਦੇਖਦਾ ਹਾਂ, ਮੈਨੂੰ ਵਿਚ ਉਤਰਕੇ ਬੱਚੇ ਨੂੰ ਬਾਹਰ ਕੱਢਣਾ ਚਾਹੀਦਾ ਹੈ। ਅਜਿਹਾ ਕਰਦੇ ਸਮੇਂ ਮੇਰੇ ਕੱਪੜੇ ਖਰਾਬ ਹੋ ਸਕਦੇ ਹਨ, ਪਰ ਇਸਦਾ ਕੋਈ ਮਤਲਬ ਨਹੀਂ ਹੈ, ਬੱਚੇ ਦੀ ਮੌਤ ਇਸ ਤੋਂ ਭੈੜੀ ਗੱਲ ਹੋਣੀ ਸੀ।' ਇਸੇ ਤਰ੍ਹਾਂ ਇਕ ਹੋਰ ਉਦਾਹਰਣ ਵਿਚ ਮੰਨ ਲਵੋ ਇਕ ਬੰਦਾ ਮਰਸਡੀ ਕਾਰ ਵਿਚ ਜਲਦੀ ਵਿਚ ਕਿਤੇ ਜਾ ਰਿਹਾ ਹੈ। ਰਸਤੇ ਵਿਚ ਉਹ ਜ਼ਖਮੀ ਬੰਦੇ ਨੂੰ ਦੇਖਦਾ ਹੈ। ਇਕ ਪਾਸੇ ਉਹ ਉਸਦੀ ਜਾਨ ਬਚਾ ਸਕਦਾ ਹੈ ਪਰ ਜ਼ਖਮੀ ਬੰਦੇ ਦੇ ਖੂਨ ਨਾਲ ਉਸਦੀ ਕਾਰ ਦੀਆਂ ਲੈਦਰ ਸੀਟਾਂ ਖਰਾਬ ਹੋ ਸਕਦੀਆਂ ਹਨ।'ਜੇ ਤੁਸੀਂ ਥੋੜ੍ਹਾ ਜਿਹਾ ਆਪਣਾ ਨੁਕਸਾਨ ਕਰਵਾ ਕੇ ਕਿਸੇ ਦੀ ਵਧੇਰੇ ਮੱਦਦ ਕਰ ਸਕਦੇ ਹੋ ਤਾਂ ਤੁਹਾਨੂੰ ਮੱਦਦ ਕਰਨੀ ਚਾਹੀਦੀ ਹੈ।' ਕਵਾਮੇ OXFAM ਅਤੇ UNICEF ਵਰਗੇ ਅੰਤਰ ਰਾਸ਼ਟਰੀ ਅਦਾਰਿਆਂ ਨੂੰ ਆਰਥਿਕ ਸਹਾਇਤਾ ਦੇਣ ਦੀ ਗੱਲ ਕਰਦਾ ਹੈ ਕਿਉਂਕਿ ਇਹ ਅਦਾਰੇ ਸਰਹੱਦਾਂ ਤੋਂ ਪਾਰ ਜਾ ਕੇ ਹਰ ਦੇਸ਼ ਦੇ ਗ਼ਰੀਬਾਂ ਤੇ ਲੋੜਵੰਦਾਂ ਦੀ ਮੱਦਦ ਕਰਦੇ ਹਨ।

ਕੀ ਤੁਸੀਂ ਇਹੋ ਜਿਹੀ ਦੁਨੀਆਂ ਵਿਚ ਰਹਿਣਾ ਪਸੰਦ ਕਰੋਗੇ, ਜਿਸ ਦੁਨੀਆਂ ਵਿਚ ਲੋਕਾਂ ਨੇ ਮਰ ਰਹੇ ਲੋਕਾਂ ਦੀਆਂ ਜਾਨਾਂ ਬਚਾਉਣਾ ਦਾ ਇਕੋ ਇਕ ਚੰਗਾ ਕੰਮ ਕੀਤਾ ਹੋਵੇ? ਉਹ ਦੁਨੀਆਂ ਕਿਹੋ ਜਿਹੀ ਦਿਖਾਈ ਦੇਵੇਗੀ ਜਿਸ ਦੁਨੀਆਂ ਵਿਚ ਲੋਕ ਆਪਣੀ ਅਯਾਸ਼ੀ 'ਤੇ ਪੈਸੇ ਖਰਚਣ ਦੀ ਥਾਂ ਤੀਜੀ ਦੁਨੀਆਂ ਦੇ ਲੋਕਾਂ ਦੇ ਦਸਤਾਂ (Diarrhea) ਨੂੰ ਘਟਾਉਣ ਵਿਚ ਮੱਦਦ ਕਰਨ? ਕਈਆਂ ਨੂੰ ਇਹ ਕੰਮ ਫ਼ਜ਼ੂਲ ਦਿਖਾਈ ਦੇਵੇਗਾ। ਉਨ੍ਹਾਂ ਨੂੰ ਮਰ ਰਹੇ ਬੱਚਿਆਂ ਨੂੰ ਬਚਾਉਣ ਨਾਲੋਂ ਨਾਚ ਘਰਾਂ ਵਿਚ ਖਰਚ ਕਰਨਾ ਵਧੇਰੇ ਠੀਕ ਲੱਗੇਗਾ। ਇਹ ਬਹੁਤ ਭਿਆਨਕ ਗ਼ਲਤੀ ਸੀ ਕਿ ਗ਼ੁਲਾਮਾਂ ਤੋਂ ਪਿਰਾਮਿਡ ਬਣਾਏ ਗਏ, ਗ਼ੁਲਾਮਾਂ ਤੋਂ ਹੀ ਯੂ.ਐਸ.ਏ. ਦੀ ਆਰਥਿਕਤਾ ਦੀ ਨੀਂਹ ਰੱਖੀ ਗਈ। ਇਹ ਵੱਖਰੀ ਗੱਲ ਹੈ ਕਿ ਇਹ ਗੱਲ ਭਿਆਨਕ ਪ੍ਰਤੀਤ ਨਹੀਂ ਹੁੰਦੀ ਕਿ ਉਹ ਸਮਾਰਕ ਤੇ ਰਾਸ਼ਟਰ ਹੁਣ ਵੀ ਜਿੰਦਾ ਹਨ। ਅੱਜ ਦੁਨੀਆਂ ਵਿਚ ਇਹੋ ਜਿਹੇ ਲੋਕਾਂ ਦੀ ਗਿਣਤੀ ਕਾਫੀ ਹੈ ਜਿਨ੍ਹਾਂ ਨੂੰ ਆਪਣੇ ਗ਼ੁਲਾਮ ਮਾਲਕਾਂ ਤੇ ਸਾਮਰਾਜੀ ਮਾਲਕਾਂ

ਵਾਲੇ ਅਤੀਤ 'ਤੇ ਅਫ਼ਸੋਸ ਹੈ। ਇਹ ਨਾ ਹੋਵੇ ਕਿ ਹੁਣ ਦੇ ਅਮੀਰਾਂ ਨੂੰ ਗ਼ਰੀਬ ਲੋਕਾਂ ਦੀ ਮੱਦਦ ਨਾ ਕਰਨ ਦਾ ਭਵਿੱਖ ਵਿਚ ਅਫਸੋਸ ਹੋਵੇ।

ਕੌਸਮੋਪੋਲੀਟਨ ਬੰਦਾ ਇਹ ਸਮਝਣ ਦਾ ਯਤਨ ਕਰਦਾ ਹੈ ਕਿ ਤੀਜੀ ਦੁਨੀਆਂ ਦੇ ਕੁਝ ਦੇਸ਼ਾਂ ਦੀਆਂ ਸਰਕਾਰਾਂ ਏਨੀਆਂ ਨਲਾਇਕ ਕਿਉਂ ਹਨ। ਉਨ੍ਹਾਂ ਦੇਸ਼ਾਂ ਦੇ ਲੋਕਾਂ ਦੇ ਗ਼ਰੀਬ ਹੋਣ ਦਾ ਇਕ ਕਾਰਨ ਇਹ ਤਾਂ ਨਹੀਂ ਕਿ ਉਨ੍ਹਾਂ ਦੇ ਨਿਰਯਾਤਾਂ ਉਪਰ ਅਮਰੀਕਾ ਆਪਣੇ ਟੈਕਸ ਲਗਾਉਂਦਾ ਹੈ ਤੇ ਯੂਰੋਪੀਅਨ ਯੂਨੀਅਨ ਆਪਣੀਆਂ ਨੌਕਰੀਆਂ ਬਚਾਉਣ ਦਾ ਯਤਨ ਕਰਦਾ ਹੈ। ਬਹੁਤ ਸਾਰੇ ਪੱਛਮੀ ਲੋਕ ਇਹ ਮੰਨਣ ਲੱਗੇ ਹਨ ਕਿ ਤੀਜੀ ਦੁਨੀਆਂ ਦੇ ਦੇਸ਼ ਇਸ ਲਈ ਗ਼ਰੀਬ ਹਨ ਕਿਉਂਕਿ ਕੁਝ ਦੇਸ਼ ਅਮੀਰ ਹਨ।

ਬ੍ਰਹਿਮੰਡਲੀ ਬੰਦਾ ਆਪਸੀ ਫ਼ਰਕਾਂ ਰਾਹੀਂ ਨਹੀਂ ਬਲਕਿ ਆਪਸੀ ਸਾਂਝਾਂ ਦੇ ਰਾਹੀਂ ਆਪਸ ਵਿਚ ਜੁੜਦਾ ਹੈ। ਸਭ ਤੋਂ ਵੱਡੀ ਸਾਂਝ ਮਨੁੱਖ ਹੋਣ ਦੀ ਹੈ। ਸੰਸਾਰ ਦੀ ਮਹਾਨ ਵਿਰਾਸਤ ਨੂੰ ਮਨੁੱਖੀ ਕ੍ਰਿਤ ਮੰਨ ਕੇ ਅਸੀਂ ਆਪਣੀ ਸਮਝ ਸਕਦੇ ਹਾਂ। ਅਸੀਂ ਸਥਾਨਕ ਪਛਾਣਾਂ ਰਾਹੀਂ ਚੀਜ਼ਾਂ ਨਾਲ ਜੁੜਦੇ ਹਾਂ, ਅਸੀਂ ਮਨੁੱਖ ਹੋਣ ਦੇ ਰਿਸ਼ਤੇ ਰਾਹੀਂ ਵੀ ਸੰਸਾਰ ਦੀਆਂ ਮਹਾਨ ਪ੍ਰਾਪਤੀਆਂ ਨਾਲ ਜੁੜ ਸਕਦੇ ਹਾਂ।

ਕਵਾਮੇ ਐਨਥੋਨੀ ਅਪੀਹਾ ਆਪਣੀ ਪੈਂਗੁਇਨ ਵੱਲੋਂ 2006 ਵਿਚ ਛਾਪੀ ਪੁਸਤਕ 'Cosmopolitanism: Ethics in A World of Strangers' ਵਿਚ ਇਕ ਅਜਿਹੀ ਦੁਨੀਆਂ ਦਾ ਤਸੱਵਰ ਕਰਦਾ ਹੈ ਜਿਸ ਵਿਚ ਵੱਖਰੀਆਂ-ਵੱਖਰੀਆਂ ਭਾਸ਼ਾਵਾਂ, ਧਰਮਾਂ, ਰੰਗਾਂ ਤੇ ਸਭਿਆਚਾਰਾਂ ਵਾਲੇ ਲੋਕ ਇਕ ਥਾਂ ਵਸਦੇ ਹਨ। ਅਜਿਹੇ ਨਵੇਂ ਜੀਵਨ ਦੀ ਚਰਚਾ ਦੀ ਲੋੜ ਇਸ ਲਈ ਪਈ ਕਿਉਂਕਿ ਸੰਸਾਰ ਦੇ ਸਾਰੇ ਮਹਾਂਦੀਪਾਂ ਉੱਪਰ ਅਜਿਹੇ ਸ਼ਹਿਰ ਹੋਂਦ ਵਿਚ ਆ ਚੁੱਕੇ ਹਨ। ਭਵਿੱਖ ਵਿਚ ਅਜਿਹੇ ਸ਼ਹਿਰਾਂ ਦੀ ਗਿਣਤੀ ਵੱਧਦੇ ਜਾਣ ਦੀ ਬਹੁਤ ਜ਼ਿਆਦਾ ਸੰਭਾਵਨਾ ਹੈ।ਧਰਤੀ ਹੀ ਨਹੀਂ ਪੂਰਾ ਬ੍ਰਹਿਮੰਡ ਹੀ ਸਾਰਿਆਂ ਦਾ ਸਾਂਝਾ ਹੈ। ਇਹ ਪੁਸਤਕ ਇਕ ਰਾਸ਼ਟਰੀ ਨਹੀਂ ਅੰਤਰਾਸ਼ਟਰੀ ਮਨੁੱਖ ਅਤੇ ਮਨੁੱਖੀ ਸਮਾਜ ਦੀ ਰਹਿਣੀ ਬਹਿਣੀ ਨੂੰ ਸਪੱਸ਼ਟ ਕਰਨ ਦਾ ਯਤਨ ਹੈ। 000

***(ਪੰਜਾਬੀ ਵਿਭਾਗ, ਦਿੱਲੀ ਯੂਨੀਵਰਸਿਟੀ, ਦਿੱਲੀ-07***
***ਈਮੇਲ: bnasralidu@gmail.com)***

Kwame Anthony Appiah, **Cosmopolitanism, Ethics in a World of Strangers,** Penguin Books, 2007

## ਉਡਣਾ ਬਾਜ਼ (ਜੀਵਨੀ) ਨਵਦੀਪ ਸਿੰਘ ਗਿੱਲ

'ਉਡਣਾ ਬਾਜ਼' (ਯੂਨੀਸਟਾਰ ਬੁੱਕਸ, ਮੁਹਾਲੀ, ਪੰਨੇ 196, ਮੁੱਲ 300 ਰੁਪਏ) ਇਕ ਹੋਰ ਉਡਣੇ ਸਿੱਖ ਦੀ ਕਹਾਣੀ ਹੈ। ਪਹਿਲਾ ਮਿਲਖਾ ਸਿੰਘ ਸੀ ਅਤੇ ਇਹ ਵਾਲਾ ਗੁਰਬਚਨ ਸਿੰਘ ਰੰਧਾਵਾ। ਜਿੱਥੇ ਮਿਲਖਾ ਸਿੰਘ ਨੇ ਕੇਵਲ ਦੌੜਾਂ ਲਾਈਆਂ, ਗੁਰਬਚਨ ਸਿੰਘ ਰੰਧਾਵਾ ਨੂੰ ਅਸੀਂ ਸੰਪੂਰਨ ਅਥਲੀਟ ਕਹਿ ਸਕਦੇ ਹਾਂ। ਉਹ ਜਿਸ ਵੀ ਈਵੈਂਟ ਵਿਚ ਹਿੱਸਾ ਲੈਂਦਾ, ਉਸ ਵਿਚ ਛਾ ਜਾਂਦਾ। ਡਿਕੈਥਲਨ ਦਾ ਚੈਂਪੀਅਨ ਹੋਣ ਪਿੱਛੋਂ ਉਸ ਨੂੰ ਅਥਲੈਟਿਕਸ ਦਾ ਅਫ਼ਲਾਤੂਨ ਕਿਹਾ ਜਾਣ ਲੱਗਿਆ। ਉਸਨੇ ਹਰਡਲ ਰੇਸ ਲਾਈ ਤਾਂ ਦੇਖਣ ਵਾਲਿਆਂ ਨੂੰ ਉਹ ਉਡਦਾ ਜਾਪਿਆ ਜਾਂ ਫੇਰ ਤੈਰ ਕੇ ਹਰਡਲਾਂ ਪਾਰ ਕਰਦਾ। ਨਵੀਂ ਪੀੜ੍ਹੀ ਤਾਂ ਉਸ ਨੂੰ ਟੌਰਨੈਡੋ ਰੰਧਾਵਾ ਕਹਿੰਦੀ ਹੈ ਜੋ ਅਥਲੈਟਿਕਸ ਫੀਲਡ ਵਿਚ ਵਾਵਰੋਲੇ ਵਾਂਗ ਵਗਿਆ।

ਮੈਂ ਖੇਡਾਂ ਦਾ ਬੰਦਾ ਨਹੀਂ ਪਰ ਮੈਨੂੰ ਖਿਡਾਰੀਆਂ ਨਾਲ ਉਚੇਚਾ ਮੋਹ ਹੈ। ਉਹ ਨਿਰੀ ਕਲਮ ਨਹੀਂ ਵਾਹੁੰਦੇ। ਸਾਰੇ ਦਾ ਸਾਰਾ ਸਰੀਰ ਕਮਾਉਂਦੇ ਹਨ। ਮੇਰੀ ਕਲਮ ਨੂੰ ਉਨ੍ਹਾਂ ਦੇ ਪੈਂਤੜਿਆਂ ਦੀ ਉਨੀ ਪਛਾਣ ਨਹੀਂ ਜਿੰਨੀ ਮੇਰੇ ਸਮਕਾਲੀ ਸਰਵਣ ਸਿੰਘ ਦੀ ਕਲਮ ਨੂੰ ਜਾਂ ਮੇਰੇ ਰਹਿ ਚੁੱਕੇ ਵਿਦਿਆਰਥੀ ਨਵਦੀਪ ਗਿੱਲ ਨੂੰ। ਮੈਨੂੰ ਸਰਵਣ ਸਿੰਘ ਦੀ ਸ਼ੈਲੀ ਦੇ ਵਹਾਅ ਨੇ ਪ੍ਰਭਾਵਤ ਕੀਤਾ ਹੈ ਅਤੇ ਨਵਦੀਪ ਦੇ ਸਿਰੜ ਤੇ ਸਿਦਕ ਨੇ। ਅੰਤਾਂ ਦੇ ਵਖਰੇਵੇਂ ਦੇ ਬਾਵਜੂਦ ਦੋਨਾਂ ਦੀ ਵਾਰਤਕ ਵਿਚ ਪਕੜ ਵੀ ਹੈ ਤੇ ਪਰਖ ਵੀ। ਨਵਦੀਪ ਨੇ ਰੰਧਾਵਾ ਦੀ ਜੀਵਨੀ ਦਾ ਸਿਰਲੇਖ 'ਉਡਣਾ ਬਾਜ਼: ਉਲੰਪੀਅਨ ਗੁਰਬਚਨ ਸਿੰਘ ਰੰਧਾਵਾ' ਰੱਖਿਆ ਹੈ ਅਤੇ ਸਰਵਣ ਸਿੰਘ ਨੇ ਮਿਲਖਾ ਸਿੰਘ ਦੀ ਜੀਵਨੀ ਦਾ ਸਿਰਲੇਖ 'ਉਡਣਾ ਸਿੱਖ'। ਸੀਨੀਅਰ ਉਡਣੇ ਸਿੱਖ ਦੀ ਜੀਵਨੀ 2020 ਵਿਚ ਛਪ ਚੁੱਕੀ ਸੀ ਜਦਕਿ ਰੰਧਾਵਾ ਦੀ 2021 ਵਿਚ ਛਪੀ ਹੈ। ਅੱਜ ਦੇ ਦਿਨ ਦੋਵੇਂ ਜੀਵਨੀਆਂ ਉਡ ਰਹੀਆਂ ਹਨ।

ਮੈਂ ਦੋਵਾਂ ਮਹਾਂਰਥੀਆਂ ਦੀ ਪ੍ਰਾਪਤੀ ਅਤੇ ਦੇਣ ਦਾ ਮੁਕਾਬਲਾ ਨਹੀਂ ਕਰ ਰਿਹਾ ਤੇ ਨਾ ਹੀ ਮੈਂ ਆਪਣੇ ਆਪ ਨੂੰ ਇਸ ਦੇ ਯੋਗ ਸਮਝਦਾ ਹਾਂ। ਮੈਂ ਤਾਂ ਆਪਣੇ ਖੇਡ ਗਿਆਨ ਦੀ ਘਾਟ ਉੱਤੇ ਪਰਦਾ ਪਾਉਣ ਲਈ ਸਰਵਣ ਸਿੰਘ ਅਤੇ ਨਵਦੀਪ ਦਾ ਸਹਾਰਾ ਲੈ ਰਿਹਾ ਹਾਂ। ਆਪਾਂ ਨਵਦੀਪ ਗਿੱਲ ਰਚਿਤ 'ਉਡਣਾ ਬਾਜ਼' ਵੱਲ ਪਰਤੀਏ, ਗੁਰਬਚਨ ਸਿੰਘ ਰੰਧਾਵਾ ਦੀਆਂ ਪ੍ਰਾਪਤੀਆਂ ਵੱਲ।

ਗੁਰਬਚਨ ਸਿੰਘ ਦਾ ਜੱਦੀ ਪਿੰਡ ਮਾਝੇ ਵਿਚ ਪੈਂਦਾ ਹੈ। ਡਾਕ ਘਰ ਮਹਿਤਾ ਚੌਕ ਤੇ ਰੇਲਵੇ ਸਟੇਸ਼ਨ ਬਿਆਸ। ਨਵਦੀਪ ਇਸ ਪਿੰਡ ਨੂੰ ਫੌਜੀਆਂ ਤੇ ਖਿਡਾਰੀਆਂ ਦਾ ਪਿੰਡ ਕਹਿੰਦਾ ਹੈ ਅਤੇ ਰੰਧਾਵਾ ਪਰਿਵਾਰ ਨੂੰ ਖੇਡਾਂ ਵਿਚ ਗੜੁੱਚ ਖਾਨਦਾਨ। ਗੁਰਬਚਨ ਸਿੰਘ ਨੇ ਅਪਣਾ ਖੇਡ ਜੀਵਨ ਖ਼ਾਲਸਾ ਕਾਲਿਜ ਅੰਮ੍ਰਿਤਸਰ ਤੋਂ ਸ਼ੁਰੂ ਕੀਤਾ ਜਿੱਥੇ ਪੜ੍ਹਦਿਆਂ ਉਸ ਨੇ ਆਪਣੇ ਪਿਤਾ ਟਹਿਲ ਸਿੰਘ ਦਾ ਰਿਕਾਰਡ ਤੋੜਿਆ। ਜਦੋਂ ਉਹ ਸੀ.ਆਰ.ਪੀ.ਐੱਫ. ਤੋਂ ਕੌਮੀ ਚੈਂਪੀਅਨ ਬਣਿਆ ਤਾਂ ਛੇਤੀ ਹੀ ਉਲੰਪਿਕ ਖੇਡਾਂ ਵਿਚ ਸ਼ਿਰਕਤ ਕਰਨ ਦਾ ਸਬੱਬ ਬਣ ਗਿਆ। ਛੋਟੀ ਉਮਰ ਦਾ ਹੋਣ ਕਾਰਨ ਉਸ ਦੀ ਅੱਲ ਰੋਮ ਉਲੰਪਿਕਸ ਦਾ ਬੇਬੀ ਉਲੰਪੀਅਨ ਪੈ ਗਈ। ਏਥੇ ਉਸ ਨੇ ਦੁਨੀਆ ਦੇ ਵੱਡੇ ਖਿਡਾਰੀਆਂ ਦੀ ਸੰਗਤ ਮਾਣੀ ਤੇ ਉਨ੍ਹਾਂ ਦੀਆਂ ਗਤੀਵਿਧੀਆਂ ਨੂੰ ਬਹੁਤ ਨੇੜਿਉਂ ਤੱਕਿਆ। ਫੇਰ ਕੀ ਸੀ, ਭਾਰਤ ਵਿਚ ਡਿਕੈਥਲਨ ਦੇ 110 ਮੀਟਰ ਹਰਡਲਜ਼, ਜੈਵਲਿਨ ਥਰੋਅ ਤੇ ਉੱਚੀ ਛਾਲ ਵਿਚ ਉਸ ਦੇ ਮੁਕਾਬਲੇ ਦਾ ਇਕ ਵੀ ਐਥਲੀਟ ਨਹੀਂ ਸੀ। ਨਤੀਜੇ ਵਜੋਂ ਉਸ ਦਾ 1962 ਦੀਆਂ ਜਕਾਰਤਾ ਏਸ਼ੀਆਈ ਖੇਡਾਂ ਵਿਚ ਹਿੱਸਾ ਲੈਣਾ ਪੱਕਾ ਹੋ ਗਿਆ ਜਿੱਥੇ ਉਸ ਨੇ ਚਾਰ ਈਵੈਂਟਸ ਵਿਚ

ਨਵੇਂ ਰਿਕਾਰਡ ਸਥਾਪਤ ਕੀਤੇ।

ਗੁਰਬਚਨ ਰੰਧਾਵਾ ਦੀ ਵਡਿੱਤਣ ਇਹ ਵੀ ਰਹੀ ਹੈ ਕਿ ਉਸ ਨੇ ਆਪਣੇ ਖੇਡ ਜੀਵਨ ਵਿਚ ਹੌਸਲਾ ਨਹੀਂ ਹਾਰਿਆ। ਜੇ ਸਿੱਧੇ ਪ੍ਰਕਾਰ ਦੀ ਸੱਟ ਚੋਟ ਕਾਰਨ ਉਸ ਨੂੰ ਪਹਿਲਾਂ ਵਾਲਾ ਈਵੈਂਟ ਵਿਸਾਰਨਾ ਪਿਆ ਤਾਂ ਉਸ ਨੇ ਨਵੀਂ ਈਵੈਂਟ ਚੁਣਦਿਆਂ ਫੋਰਾ ਨਹੀਂ ਲਾਇਆ। ਅਜਿਹਾ ਕੀਤਿਆਂ ਕਿਸੇ ਮਹਾਰਥੀ ਦੀ ਬਹੁ ਪੱਖੀ ਪ੍ਰਾਪਤੀ ਦਾ ਗੁਣ ਗਾਇਨ ਤਾਂ ਹੁੰਦਾ ਹੈ ਪਰ ਉਹ ਕਿਸੇ ਇਕ ਵਿਧਾ ਨੂੰ ਜੱਫ਼ਾ ਮਾਰੀ ਰੱਖਣ ਵਾਲੇ ਜਿੰਨਾ ਪ੍ਰਵਾਨ ਨਹੀਂ ਚੜ੍ਹਦਾ। ਪੰਜਾਬੀ ਸਾਹਿਤ ਵਿਚ ਕਰਤਾਰ ਸਿੰਘ ਦੁੱਗਲ ਬਹੁ ਵਿਧਾਈ ਲੇਖਕ ਹੋਣ ਦੇ ਬਾਵਜੂਦ ਕੁਲਵੰਤ ਸਿੰਘ ਵਿਰਕ ਨੂੰ ਮਾਤ ਨਹੀਂ ਪਾ ਸਕਿਆ ਕਿਉਂਕਿ ਵਿਰਕ ਨੇ ਨਿੱਕੀ ਕਹਾਣੀ ਬਿਨਾਂ ਹੋਰ ਕਿਸੇ ਵਿਧਾ ਵਿਚ ਰਚਨਾ ਕਰਨ ਬਾਰੇ ਸੋਚਿਆ ਹੀ ਨਹੀਂ ਸੀ।

ਗੁਰਬਚਨ ਸਿੰਘ ਰੰਧਾਵਾ ਨੇ ਸਰਗਰਮ ਜੀਵਨ ਵਿਚੋਂ ਲੰਘਦਿਆਂ ਵਰ੍ਹਦੇ ਮੀਂਹ ਵਿਚ ਵੀ ਅਜਿਹੀਆਂ ਦੌੜਾਂ ਲਾਈਆਂ ਜਿਹੜੀਆਂ ਇਤਿਹਾਸਕ ਹੋ ਨਿਬੜੀਆਂ। ਉਹ ਔਖੇ ਰਾਹਾਂ ਦਾ ਪਾਂਧੀ ਰਿਹਾ ਹੈ। ਉਸ ਨੇ ਭਾਰਤ ਦੇ ਕਈ ਸ਼ਹਿਰਾਂ ਵਿਚ ਵੱਖੋ-ਵੱਖਰੇ ਤੇਵਰ ਦਿਖਾਏ। ਉਸ ਨੂੰ ਪ੍ਰਥਮ ਅਰਜੁਨ ਐਵਾਰਡੀ ਹੋਣ ਦਾ ਮਾਣ ਹੈ ਜੋ ਉਸ ਨੂੰ ਉਸ ਦੀਆਂ ਚਾਰ ਦਹਾਕੇ ਦੀਆਂ ਪ੍ਰਾਪਤੀਆਂ ਉੱਤੇ ਮਿਲਿਆ ਹੈ। ਉਹ ਪਦਮਸ੍ਰੀ ਵਿਜੇਤਾ ਵੀ ਹੈ, ਭਾਵੇਂ ਉਹ ਕਾਲਿਜ ਡਰਾਪ ਆਊਟ ਸੀ।

ਉਂਝ ਉਹ ਖੇਡ ਜਗਤ ਵਿਚ ਹਿੱਸਾ ਲੈਣ ਲਈ ਬਿਨਾਂ ਤਨਖ਼ਾਹ 'ਤੇ ਛੁੱਟੀ ਲੈਣ ਲਈ ਵੀ ਜਾਣਿਆ ਜਾਂਦਾ ਹੈ ਅਤੇ ਬਣਦੀ ਤਰੱਕੀ ਲਈ ਪੂਰੇ ਸੱਤ ਸਾਲ ਉਡੀਕਣ ਲਈ ਵੀ। ਕੀ ਇਹ ਘੱਟ ਨਹੀਂ ਕਿ ਉਸ ਨੂੰ ਪੰਜਾਬੀ ਯੂਨੀਵਰਸਟੀ ਪਟਿਆਲਾ ਨੇ ਆਨਰੇਰੀ ਪੀਐੱਚ.ਡੀ. ਦੀ ਡਿਗਰੀ ਪ੍ਰਦਾਨ ਕੀਤੀ ਸੀ। ਉਸ ਦੀਆਂ ਸਰਹੱਦ ਪਾਰ ਦੀਆਂ ਸਾਂਝਾਂ ਦੇ ਕਿੱਸੇ ਵੀ ਦੰਦ ਕਥਾ ਬਣ ਚੁੱਕੇ ਹਨ- ਮੌਲਵੀ ਹਜੂਰ ਰੱਬੀ ਤੇ ਗੁਲਾਮ ਰਾਜ਼ਿਕ ਦੀ ਮਦਦ ਅਤੇ ਅਬਦੁਲ ਹਮੀਦ ਤੇ ਅਬਦੁਲ ਖ਼ਾਲਕ ਨਾਲ ਹੋਏ ਸਬੱਬੀ ਮੇਲ ਦੇ। ਉਹ ਪੰਜਾਬ ਵਿਚ ਖੇਡਾਂ ਦੇ ਸਰਬਰਾਹ ਰਾਜਾ ਭਲਿੰਦਰ ਸਿੰਘ ਤੇ ਅਸ਼ਵਨੀ ਕੁਮਾਰ ਦਾ ਲਾਡਲਾ ਰਿਹਾ ਹੈ। ਜੇ ਉਸ ਨੇ ਜੱਗ ਜੇਤੂਆਂ ਦੀ ਸੰਗਤ ਮਾਣੀ ਹੈ ਤਾਂ ਮਿਲਖਾ ਸਿੰਘ ਦੀ ਉਸ ਇਤਿਹਾਸਕ ਦੌੜ ਦਾ ਚਸ਼ਮਦੀਦ ਗਵਾਹ ਵੀ ਹੈ ਜਿਹੜੀ ਉਸ ਲਈ ਪ੍ਰੇਰਨਾ ਦਾ ਸਰੋਤ ਬਣੀ। ਉਹ ਆਪਣੇ ਰਿਕਾਰਡ ਤੋੜਨ ਵਾਲਿਆਂ ਨੂੰ ਹੱਲਾਸ਼ੇਰੀ ਦੇਣ ਵਾਲੇ ਵਜੋਂ ਵੀ ਜਾਣਿਆ ਜਾਂਦਾ ਹੈ ਜਿਨ੍ਹਾਂ ਵਿਚ ਉਸ ਦੇ ਆਪਣੇ ਪੁੱਤਰ ਦਾ ਨਾਂ ਸਿਖਰਾਂ ਉੱਤੇ ਹੈ।

ਇਸ ਪੁਸਤਕ ਦਾ ਸਭ ਤੋਂ ਵੱਡਾ ਹਾਸਲ ਇਸ ਵਿਚਲੀਆਂ ਤਸਵੀਰਾਂ ਹਨ ਜਿਹੜੀਆਂ ਗੁਰਬਚਨ ਸਿੰਘ ਦੇ ਬਚਪਨ ਅਤੇ ਉਸ ਦੇ ਪਰਿਵਾਰ ਦੀ ਬਾਤ ਹੀ ਨਹੀਂ ਪਾਉਂਦੀਆਂ, ਉਨ੍ਹਾਂ ਦੇ ਖ਼ੂਬਸੂਰਤ ਮੁਹਾਂਦਰੇ ਨੂੰ ਵੀ ਉਜਾਗਰ ਕਰਦੀਆਂ ਹਨ। ਇਨ੍ਹਾਂ ਵਿਚ ਉਨ੍ਹਾਂ ਦੇਸ਼ਾਂ ਦੇਸ਼ਾਂਤਰਾਂ ਦੇ ਚਿੱਤਰ ਵੀ ਹਨ ਜਿੱਥੇ ਗੁਰਬਚਨ ਸਿੰਘ ਰੰਧਾਵਾ ਨੇ ਪੈਰ ਪਾਏ।

ਮੈਨੂੰ ਇਸ ਗੱਲ ਦੀ ਖ਼ੁਸ਼ੀ ਹੈ ਕਿ ਇਹ ਪੁਸਤਕ ਤਿਆਰ ਕਰਨ ਵਿਚ ਮੇਰੇ ਮਿੱਤਰ ਗੁਰਭਜਨ ਗਿੱਲ ਦੀ ਪ੍ਰੇਰਨਾ ਦਾ ਬੜਾ ਹੱਥ ਹੈ, ਜਿਸ ਨੇ ਨਵਦੀਪ ਦੀ ਥਾਹ ਪਾਈ ਤੇ ਉਸ ਨੂੰ ਇਸ ਮਾਰਗ ਉੱਤੇ ਤੋਰਿਆ।

ਨਵਦੀਪ ਨੇ ਵੀ ਗੁਰਭਜਨ ਗਿੱਲ ਦੀ ਇੱਛਾ ਦਾ ਆਦਰ ਕਰਦਿਆਂ ਇਹ ਪੁਸਤਕ ਗੁਰਬਚਨ ਸਿੰਘ ਰੰਧਾਵਾ ਦੀ ਉਸ ਧੀ ਨੂੰ ਸਮਰਪਿਤ ਕੀਤੀ ਹੈ ਜਿਸ ਦਾ ਨਾਂ ਕੁਲਜੀਤ ਰੰਧਾਵਾ ਉਰਫ਼ ਕੁੱਕੀ ਸੀ ਤੇ ਜਿਸ ਦੇ ਸਾਹਾਂ ਦੀ ਤੰਦ ਛੇਤੀ ਟੁੱਟ ਗਈ ਸੀ। ਤੁਰ ਜਾਣ ਤੋਂ ਪਹਿਲਾਂ ਕੁੱਕੀ ਹੀ ਸੀ ਜਿਸ ਨੇ ਪਿਤਾ ਨੂੰ ਆਪਣੀ ਜੀਵਨੀ ਛਪਵਾਉਣ ਲਈ ਕਿਹਾ ਸੀ।

ਨਵਦੀਪ ਨੇ ਇਹ ਰਚਨਾ ਗੁਰਭਜਨ ਗਿੱਲ ਦੇ ਕੁੱਕੀ ਬਾਰੇ ਲਿਖੇ ਹੇਠ ਲਿਖੇ ਬੋਲਾਂ ਨੂੰ ਸਮਰਪਿਤ

ਕੀਤੀ ਹੈ ਜਿਹੜੇ ਗੁਰਭਜਨ ਨੇ ਰੰਧਾਵਾ ਦੇ ਮੂੰਹੋਂ ਅਖਵਾਏ ਹਨ:

*ਤੂੰ ਹੁੰਗਾਰਾ ਭਰਦੀ ਭਰਦੀ ਸੌਂ ਗਈ,*
*ਮੈਂ ਮੁਕਾਵਾਂ ਕਿਸ ਤਰ੍ਹਾਂ ਹੁਣ ਬਾਤ ਨੂੰ।*
*ਅੱਗ ਦੇ ਅੰਗਾਰਿਆਂ 'ਤੇ ਤੁਰ ਰਿਹਾਂ,*
*ਬੈਠ ਰਹਿਣਾ ਮਿਹਣਾ ਮੇਰੀ ਜ਼ਾਤ ਨੂੰ।*

ਉਡਣੇ ਬਾਜ਼ ਦਾ ਹੱਥਲਾ ਰਿਵੀਊ ਲਿਖਦਿਆਂ ਮੈਨੂੰ ਸਰਵਣ ਸਿੰਘ ਦੇ 1961-62 ਵਿਚ 'ਆਰਸੀ' ਵਿਚ ਲਿਖੇ ਖੇਡਾਂ ਖਿਡਾਰੀਆਂ ਬਾਰੇ ਲੇਖ ਚੇਤੇ ਆ ਗਏ ਹਨ, ਜਿਨ੍ਹਾਂ ਵਿਚ ਉਸ ਨੇ ਆਪਣੇ ਨਾਇਕਾਂ ਨੂੰ 'ਧਰਤੀ ਧੱਕ' ਅਤੇ 'ਕਲਹਿਰੀ ਮੋਰ' ਵਰਗੇ ਨਾਂ ਦਿੱਤੇ ਸਨ। ਉਸ ਦਾ ਸਭ ਤੋਂ ਪਹਿਲਾ ਲੇਖ ਗੁਰਬਚਨ ਰੰਧਾਵਾ ਬਾਰੇ ਸੀ। ਸਿਰਲੇਖ ਸੀ 'ਮੁੜ੍ਹਕੇ ਦਾ ਮੋਤੀ'। ਉਹ ਵਾਲਾ ਮੁੜ੍ਹਕੇ ਦਾ ਮੋਤੀ ਹੁਣ 'ਉਡਣਾ ਬਾਜ਼' ਹੀ ਨਹੀਂ, 'ਵਾਵਰੋਲਾ' ਬਣ ਚੁੱਕਿਆ ਹੈ।

ਪੁਸਤਕ ਪੜ੍ਹਨ ਤੇ ਮਾਨਣ ਵਾਲੀ ਹੈ। **-ਗੁਲਜ਼ਾਰ ਸਿੰਘ ਸੰਧੂ**

## ਤੁਮ ਕਿਉਂ ਉਦਾਸ ਹੋ? (ਕਹਾਣੀ ਸੰਗ੍ਰਹਿ) ਕੁਲਦੀਪ ਬਡੇਸਰੋਂ

ਕੁਲਦੀਪ ਬਡੇਸਰੋਂ ਨੂੰ ਪੰਜਾਬੀ ਪਾਠਕ ਇਕ ਅਦਾਕਾਰਾ ਵਜੋਂ ਵਧੇਰੇ ਜਾਣਦੇ ਹਨ ਕਿਉਂਕਿ ਉਹ ਦੂਰਦਰਸਨ ਅਤੇ ਰੇਡੀਓ ਉਪਰ ਆਪਣੀ ਚੰਗੀ ਪਛਾਣ ਬਣਾ ਚੁੱਕੀ ਹੈ। ਇਕ ਦਰਜਨ ਦੇ ਕਰੀਬ ਪੰਜਾਬੀ ਫਿਲਮਾਂ, ਦੋ ਦਰਜਨ ਤੋਂ ਵੱਧ ਹਿੰਦੀ ਫਿਲਮਾਂ ਅਤੇ ਇੰਝ ਹੀ ਦਰਜਨਾਂ ਪੰਜਾਬੀ ਸੀਰੀਅਲ, ਹਿੰਦੀ ਸੀਰੀਅਲਾਂ ਅਤੇ ਹੋਰਾਂ ਭਾਸ਼ਾਵਾਂ ਦੇ ਅਣਗਿਣਤ ਲੜੀਵਾਰਾਂ ਵਿਚ ਆਪਣੀ ਕਲਾ ਦਾ ਲੋਹਾ ਮੰਨਵਾ ਚੁੱਕੀ ਹੈ। ਵੈਸੇ ਅਦਾਕਾਰਾ ਵਜੋਂ ਸਾਹਮਣੇ ਆਉਣ ਤੋਂ ਪਹਿਲਾਂ ਉਹ ਇਕ ਗਲਪਕਾਰ ਵਜੋਂ ਪੰਜਾਬੀ ਸਾਹਿਤ ਜਗਤ ਵਿਚ ਪ੍ਰਵੇਸ਼ ਪਾ ਚੁੱਕੀ ਸੀ ਅਤੇ ਸਾਹਿਤ ਸਿਰਜਣਾ ਨਾਲ ਉਸਦਾ ਨਾਤਾ ਜੁੜਿਆ ਰਿਹਾ ਹੈ। 'ਤੁਮ ਕਿਉਂ ਉਦਾਸ ਹੋ?' (ਆਰਸੀ ਪਬਲਿਸ਼ਰਜ਼,ਦਿੱਲੀ, ਪੰਨੇ 136, ਮੁੱਲ 295 ਰੁਪਏ) ਉਸ ਦਾ ਨਵਾਂ ਛਪਿਆ ਕਹਾਣੀ ਸੰਗ੍ਰਹਿ ਹੈ, ਜਿਸ ਵਿਚ ਸਾਮਲ 11 ਕਹਾਣੀਆਂ ਉਸਦੇ ਅਨੁਭਵ, ਖਾਸਕਰ ਫਿਲਮ ਉਦਯੋਗ ਵਿਚ ਵਿਚਰਨ ਦੇ ਉਸਦੇ ਤਜਰਬੇ ਅਤੇ ਜੀਵਨ ਫ਼ਲਸਫ਼ੇ ਨੂੰ ਪਾਠਕਾਂ ਅੱਗੇ ਰੱਖਦੀਆਂ ਹਨ।

ਪੁਸਤਕ ਦੇ ਸਿਰਲੇਖ ਵਾਲੀ ਪਹਿਲੀ ਕਹਾਣੀ ਬਹੁਤ ਹੀ ਡੂੰਘੇ ਸੰਵੇਦਨਾਤਮਕ ਭਾਵਾਂ ਦੀ ਪੇਸ਼ਕਾਰੀ ਹੈ ਜਿਸ ਵਿਚ ਕਹਾਣੀਕਾਰਾ ਨੇ ਆਪਣੀ ਚਕਾਚੌਂਧ ਨਾਲ ਲੋਕਾਂ ਦਾ ਧਿਆਨ ਖਿੱਚਦੀ ਵਧੀਆ ਬਰਾਂਡਡ ਮਠਿਆਈ ਦੀ ਦੁਕਾਨ ਦੇ ਅੰਦਰਲੇ ਸੱਚ ਜਾਣੀ ਕਿ ਉੱਥੇ ਕੰਮ ਕਰਦੇ ਮਜ਼ਦੂਰਾਂ ਦੀ ਜ਼ਿੰਦਗੀ ਦਾ ਯਥਾਰਥ ਚਿਤਰਿਆ ਹੈ। ਮਜ਼ਦੂਰਾਂ ਦੇ ਵਿਸ਼ੇ 'ਤੇ ਬਣ ਰਹੀ ਫਿਲਮ ਦੇ ਹਵਾਲੇ ਨਾਲ ਕਹਾਣੀ ਵਿਚ ਫ਼ੈਕਟਰੀ ਦੀ ਹੁੰਮ੍ਹਸ, ਗਰਮੀ, ਬਦਬੂ ਤੇ ਗੰਦਗੀ ਦੇ ਦ੍ਰਿਸ਼ ਸਾਕਾਰ ਹੁੰਦੇ ਹਨ। ਫਿਲਮ ਦਾ ਪਾਤਰ ਬਣਿਆਂ ਮਜ਼ਦੂਰ ਮੁੰਡਾ ਅਸਲ ਭਾਵਨਾਵਾਂ ਵਿਚ ਵਹਿ ਜਾਂਦਾ ਹੈ ਅਤੇ ਸਾਥੀਆਂ ਦੇ ਮਖੌਲ ਤੇ ਮਾਲਕਾਂ ਦੇ ਗ਼ੁੱਸੇ ਦਾ ਸ਼ਿਕਾਰ ਹੁੰਦਾ ਹੈ। ਫਿਲਮ ਦੀ ਅਦਾਕਾਰ ਕੁੜੀ ਉਸਨੂੰ ਚਾਰ ਦਿਨ ਰੋਜ਼ ਚਾਕਲੇਟ ਦਿੰਦੀ ਰਹੀ ਹੈ ਤੇ ਬਦਲੇ ਵਿਚ ਉਹ ਜਦੋਂ ਤਾਜ਼ਾ ਬਣਾਇਆ ਪਤੀਸਾ ਕਾਗ਼ਜ਼ ਵਿਚ ਲਪੇਟਕੇ ਉਸਨੂੰ ਦਿੰਦਾ ਹੈ ਤਾਂ ਮੈਨੇਜਰ ਦੇ ਬੋਲ ਅਤੇ ਥੱਪੜ ਕਾਗ਼ਜ਼ ਵਿਚਲੇ ਪਤੀਸੇ ਨੂੰ ਹੀ ਨਹੀਂ ਖਲੇਰਦੇ ਸਗੋਂ ਉਸਦੀਆਂ ਭਾਵਨਾਵਾਂ ਨੂੰ ਵੀ ਖਲੇਰ ਕੇ ਤਮਾਸ਼ੇ ਦਾ ਪਾਤਰ ਬਣਾ ਦਿੰਦੇ ਹਨ।

'ਸਕੂਲ ਟਰਿੱਪ' ਕਹਾਣੀ ਇਕੱਲੀ ਹੀ ਬੇਟੀਆਂ ਪਾਲ਼ ਰਹੀ ਅੰਜਲੀ ਦੀਆਂ ਥੁੜਾਂ ਤੇ ਮਜਬੂਰੀਆਂ ਨੂੰ ਚਿਤਰਨ ਦੇ ਨਾਲ ਨਾਲ ਖ਼ੂਨ ਦੇ ਰਿਸ਼ਤਿਆਂ ਦੇ ਬਦਲੇ ਸਮੀਕਰਨ ਵੀ ਪੇਸ਼ ਕਰਦੀ ਹੈ। ਤਲਾਕ ਸ਼ੁਦਾ ਅੰਜਲੀ ਦੀਆਂ ਬੱਚੀਆਂ ਨੂੰ ਨਾ ਤਾਂ ਦਾਦਕੇ ਪਰਿਵਾਰ ਦੀ ਕੋਈ ਸਪੋਰਟ ਹੈ ਅਤੇ ਨਾ ਹੀਂ ਵਿਦੇਸ਼ ਵਸਦੇ ਮਾਮੇ, ਮਾਸੀਆਂ ਉਹਨਾਂ ਦੀ ਕੋਈ ਮੱਦਦ ਜਾ ਹੌਸਲਾ ਅਫਜ਼ਾਈ ਕਰਦੇ ਹਨ। ਜਦਕਿ

ਸੋਸ਼ਲ ਮੀਡੀਆ ਦੀ ਦੋਸਤੀ ਤੋਂ ਬਣੇ ਰਿਸ਼ਤੇ ਸਹਾਰਾ ਬਣ ਰਹੇ ਹਨ।

'ਫੇਰ' ਕਹਾਣੀ ਦੀ ਨਾਇਕਾ ਆਪਣੇ ਅੱਠ ਕੁ ਸਾਲ ਦੇ ਬੇਟੇ ਨਾਲ ਘਰੋਂ ਉਸਨੂੰ ਘੁਮਾਉਣ ਲਈ ਜਾ ਰਹੀ ਹੁੰਦੀ ਹੈ ਤਾਂ ਉਸਦਾ ਐਕਸੀਡੈਂਟ ਹੋ ਜਾਂਦਾ ਹੈ। ਪੱਟੀਆਂ ਨਾਲ ਬੱਝੀ, ਵਾਪਰੀ ਘਟਨਾ ਬਾਰੇ ਸੋਚਦੀ ਆਪਣੀ ਮਾਨਸਿਕ ਪੀੜਾ ਨੂੰ ਉਹ ਆਪਣੇ ਪਤੀ ਤੇ ਸਹੇਲੀਆਂ ਨਾਲ ਸਾਂਝੀ ਕਰਨਾ ਚਾਹੁੰਦੀ ਹੈ ਕਿ ਕਿਵੇਂ ਹਾਦਸੇ ਸਮੇਂ ਉਸ ਦਾ ਬੇਟਾ ਬੇਜ਼ਾਰ ਰੋ ਰਿਹਾ ਸੀ, ਇਹ ਹਾਦਸਾ ਉਸਦੇ ਦਿਲ ਉੱਤੇ ਉੱਕਰ ਗਿਆ ਸੀ ਕਿਉਂਕਿ ਉਸਨੇ ਮੌਤ ਨੇੜਿਓਂ ਤੱਕੀ ਸੀ। ਪਰ ਕੋਈ ਵੀ ਉਸਦੀ ਪੂਰੀ ਗੱਲ ਨਹੀਂ ਸੁਣਦਾ। ਇਸ ਦੇ ਉਲਟ ਉਸਦੀ ਗੁਆਂਢਣ ਦੀ ਸਹੇਲੀ ਸਿਮਰਨ ਹਮਦਰਦੀ ਨਾਲ ਗੱਲ ਸੁਣਦੀ ਹੋਈ ਅਗਲਾ ਬਿਰਤਾਂਤ ਸੁਣਨ ਲਈ 'ਫੇਰ' ਕਹਿੰਦੀ ਹੈ ਤਾਂ ਉਸ ਦੀਆਂ ਅੱਖਾਂ ਭਰ ਆਉਂਦੀਆਂ ਹਨ।

'ਮਾਂ ਨੀ' ਕਹਾਣੀ ਦੀ ਨਾਇਕਾ ਆਪਣੀ ਮਾਂ ਦੀ ਸੁੰਨੀ, ਇਕਲਾਪੀ ਤੇ ਥੁੜਾਂ ਮਾਰੀ ਜ਼ਿੰਦਗੀ ਮਹਿਸੂਸਦੀ  ਅਤੇ ਵਿਸ਼ਲੇਸ਼ਣ ਕਰਦੀ ਹੋਈ ਬਾਪ ਦੀ ਹੋਂਦ ਲਈ ਤਰਸਦੀ ਹੈ। ਉਹ ਚਾਹੁੰਦੀ ਹੈ ਕਿ ਉਸਦੀ ਮਾਂ ਦੀਆ ਜ਼ੁੰਮੇਵਾਰੀਆਂ ਤੇ ਬੋਝ ਨੂੰ ਵੰਡਾਉਣ ਵਾਲਾ ਵੀ ਕੋਈ ਹੋਵੇ। ਜਦੋਂ ਉਸਦੇ ਰਿਸ਼ਤੇ ਬਾਰੇ ਰਿਸ਼ਤੇਦਾਰ ਗੱਲਾਂ ਚਲਾਉਂਦੇ ਹਨ ਤਾਂ ਉਹ ਆਪਣੀ ਮਾਂ ਦਾ ਸਿਰ ਆਪਣੇ ਇਹਨਾਂ ਬੋਲਾਂ ਨਾਲ ਉੱਚਾ ਕਰਦੀ ਹੈ: "ਆਪਣੇ ਤੋਂ ਪਹਿਲਾਂ ਮੈਂ ਆਪਣੀ ਮਾਂ ਦਾ ਵਿਆਹ ਕਰਨਾ ਹੈ...ਉਹ ਵੀ ਇਨਸਾਨ ਹੈ ਤੇ ਜ਼ਿੰਦਗੀ ਦੀ ਹਰ ਖ਼ੁਸ਼ੀ, ਹਰ ਸੁਖ 'ਤੇ ਉਸਦਾ ਵੀ ਹੱਕ ਹੈ...ਉਸਦਾ ਵੀ ਹੱਕ ਹੈ ਸਿਰ ਉੱਚਾ ਕਰ ਕੇ ਜੀਣ ਦਾ।"

'ਭੈਣ ਜੀ' ਕਹਾਣੀ ਵੀ ਖ਼ੂਨ ਦੇ ਰਿਸ਼ਤਿਆਂ ਵਿਚ ਆਏ ਚਿੱਟੇਪਨ ਨੂੰ ਦਰਸਾਉਂਦੀ ਹੈ ਕਿ ਕਿਵੇਂ ਵਿਦੇਸ਼ੀਂ ਵਸਦੇ ਭੈਣ ਭਰਾ ਪਿੱਛੇ ਭਾਰਤ ਰਹਿੰਦੇ ਸਕਿਆਂ ਬਾਰੇ ਸੋਚਦੇ ਹਨ ਕਿ ਉਹ ਪੈਸੇ ਜਾਂ ਉਹਨਾਂ ਨੂੰ ਬਾਹਰ ਸੈੱਟ ਤਰਨ ਦੀ ਮੰਗ ਕਰਨਗੇ ਜਦੋਂ ਕਿ ਇਸ ਕਹਾਣੀ ਦੀ ਨਾਇਕਾ ਆਪਣੀ ਭੈਣ ਲਈ ਬਹੁਤ ਕੁਝ ਕਰਦੀ ਤੇ ਜਰਦੀ ਹੈ। ਬਦਲੇ ਵਿਚ ਉਹ ਸਿਰਫ ਪਿਆਰ ਦੇ ਅਹਿਸਾਸ ਵਾਲੇ ਦੋ ਮਿੱਠੇ ਬੋਲਾਂ ਨੂੰ ਤਰਸਦੀ ਹੈ ਜੋ ਉਸਨੂੰ ਨਸੀਬ ਨਹੀਂ ਹੁੰਦੇ।

'ਮਜਬੂਰੀ' ਕਹਾਣੀ ਦੀ ਨੀਤੀ ਅਭਿਨੈ ਦੇ ਖੇਤਰ ਵਿਚ ਲਗਾਤਾਰ ਮਿਹਨਤ ਕਰ ਰਹੀ ਹੈ ਪਰ ਉਸਦਾ ਕੋਈ ਵੀ ਸੀਰੀਅਲ ਜਾ ਫਿਲਮ ਹਿੱਟ ਨਹੀਂ ਹੋਏ। ਬੱਸ ਗੰਭੀਰ ਆਰਟਿਸਟ ਅਤੇ ਮਿਹਨਤੀ ਹੋਣ ਕਾਰਨ ਉਸਨੂੰ ਕੰਮ ਮਿਲੀ ਜਾਂਦਾ ਹੈ। ਉਹ ਦੁਖੀ ਹੈ ਕਿ ਪ੍ਰੋਡਿਊਸਰ ਤੇ ਡਾਇਰੈਕਟਰ ਮਾਡਰਨ ਦੁਨੀਆ ਨੂੰ ਹੱਥਾਂ 'ਤੇ ਨਚਾਉਣ ਵਾਲ਼ੀਆਂ ਤੇਜ਼ ਤਰਾਰ ਕੁੜੀਆਂ ਨੂੰ ਉਸ ਨਾਲ਼ੋਂ ਜ਼ਿਆਦਾ ਮਹੱਤਵ ਦਿੰਦੇ ਹਨ। ਹੇਠੀ  ਦੇ ਅਹਿਸਾਸ ਅਤੇ  ਅੰਦਰਲੀ ਨਫ਼ਰਤ ਦੇ ਬਾਵਜੂਦ  ਮਹਾਂਨਗਰੀ ਜੀਵਨ ਵਿਚ ਘਰ ਦੇ ਖਰਚੇ ਤੋਰਨ ਦੀ ਖਾਤਰ  ਡਾਇਰੈਕਟਰ ਨਾਲ ਅਪਣੱਤ ਨਾਲ  ਪੇਸ਼ ਆਉਣਾ ਉਸਦੀ ਮਜਬੂਰੀ ਹੈ।

'ਨੂੰਹ ਸੱਸ' ਕਹਾਣੀ ਗੁਰਨਾਮ ਸਿੰਘ ਤਹਿਸੀਲਦਾਰ ਦੇ ਘਰ ਦੀ ਕਹਾਣੀ ਹੈ ਜਿਸਦਾ ਹਵੇਲੀਨੁਮਾ ਘਰ ਹੈ ਦੋ ਨੰਬਰ ਦੀ ਕਮਾਈ ਹੈ।ਅਸਰ ਰਸੂਖ਼ ਕਾਰਨ ਉਹ ਆਪਣੇ ਪੁੱਤ ਨੂੰ ਵੀ ਕਮਾਈ ਵਾਲੇ ਮਹਿਕਮੇ ਵਿੱਚ ਫਿੱਟ ਕਰਵਾ ਦਿੰਦਾ ਹੈ ਅਤੇ ਉਸਦੇ ਵਿਆਹ ਉੱਤੇ ਖ਼ੂਬ ਖ਼ਰਚਾ ਕਰਦਾ ਹੈ। ਸੱਸ ਸਹੁਰੇ ਦੇ ਰਿਸ਼ਤੇ ਵਰਗਾ ਰੁਮਾਂਸ ਉਹਨਾਂ ਦੀ ਨੂੰਹ, ਆਪਣੇ ਰਿਸ਼ਤੇ ਵਿੱਚੋਂ ਵੀ ਲੱਭਦੀ ਹੈ ਪਰ ਨਹੀਂ ਮਿਲਦਾ। ਅੰਤ ਨੂੰ ਤਹਿਸੀਲਦਾਰ ਸਹੁਰਾ ਹੀ ਨੂੰਹ ਦਾ ਮਨ ਸਾਂਤ ਕਰਦਾ ਹੈ।

''ਆਕਰੋਸ਼'' ਕਹਾਣੀ ਦੀ ਨਾਇਕਾ ਆਰਟਿਸਟ ਹੈ , ਇਕ ਪਾਈਲਟ ਵਿਚ ਐਕਟਿੰਗ ਦੌਰਾਨ ਜਦੋਂ ਉਸਦਾ ਵਾਹ ਆਪਣੇ ਪਤੀ ਦੇ ਨਾਲ ਸੰਬੰਧ ਬਣਾਉਣ ਵਾਲੀ ਤੇ ਉਸ ਦੇ ਘਰ ਨੂੰ ਬਰਬਾਦ ਕਰਨ ਵਾਲੀ ਔਰਤ ਆਰਟਿਸਟ  ਨਾਲ ਪੈਂਦਾ ਹੈ ਤਾਂ ਥੱਪੜ ਮਾਰਨ ਦੀ ਐਕਟਿੰਗ ਦੀ ਥਾਂ ਆਕਰੋਸ਼ ਵਿਚ ਆ ਕੇ ਉਹ ਉਸ ਨੂੰ ਸੱਚਮੁਚ ਜ਼ੋਰਦਾਰ ਥੱਪੜ ਮਾਰ ਦਿੰਦੀ ਹੈ।

'ਤੂੰ ਵੀ ਖਾ ਲੈ' ਕਹਾਣੀ ਵਿਚ ਲੇਖਿਕਾ ਨੇ ਸੰਯੁਕਤ ਪਰਿਵਾਰ ਵਿਚ ਰਹਿੰਦੇ ਹੋਏ ਨਣਾਨ

ਭਰਜਾਈ ਦੇ ਰਿਸ਼ਤੇ ਦਾ ਮੋਹ ਚਿਤਰਿਆ ਹੈ। ਪਰ ਜਦੋਂ ਉਹੀ ਨਣਾਨ ਆਪਣੀ ਭਰਜਾਈ ਕੋਲ ਇੰਗਲੈਂਡ ਜਾਂਦੀ ਹੈ ਤਾਂ ਉਸਨੂੰ ਭਾਬੀ ਦਾ ਓਪਰਾ ਵਰਤਾਅ ਮਨੋਮਨੀ ਅੱਖਰਦਾ ਹੈ। ਫਿਰ ਵੀ ਭਾਬੀ ਦੇ ਸਾਲਾਂ ਪੁਰਾਣੇ ਬੋਲ "ਤੂੰ ਵੀ ਖਾ ਲੈ" ਉਸਨੂੰ ਮੁੜ ਮੋਹ ਦਾ ਅਹਿਸਾਸ ਕਰਾ ਜਾਂਦੇ ਹਨ। ਏਸੇ ਕਹਾਣੀ ਵਾਂਗ ਹੀ 'ਦੋ ਔਰਤਾਂ' ਕਹਾਣੀ ਵਿਚ ਨਣਾਣ ਭਰਜਾਈ ਦਾ ਪਰਸਪਰ ਸਾਂਝ ਦਾ ਰਿਸ਼ਤਾ ਪੇਸ਼ ਹੋਇਆ ਹੈ। 'ਦੋ ਔਰਤਾਂ' ਕਹਾਣੀ ਵਿਚ ਆਪਣੇ ਦੂਸਰੇ ਪਤੀ ਤੋਂ ਵੱਖ ਰਹਿੰਦੀ ਸੁਖਬੀਰ ਇੰਗਲੈਂਡ ਵਸਦੀ ਨਣਦ ਨੂੰ ਉੱਥੇ ਜਾ ਕੇ ਮਿਲਣ 'ਤੇ ਉਸ ਅੱਗੇ ਦੁੱਖ ਫਰੋਲਦੀ ਹੈ। ਸੁਖਬੀਰ ਨਾਲ ਅਤੇ ਆਪਣੇ ਪਤੀ ਵੱਲੋਂ ਕੀਤੀਆਂ ਵਧੀਕੀਆਂ ਦਾ ਵੇਰਵਾ ਦੇ ਕੇ ਉਸ ਤੋਂ ਪੁੱਛਦੀ ਹੈ ਕਿ " ਜੇ ਮੇਰੀ ਥਾਂ 'ਤੇ ਤੂੰ ਹੁੰਦੀ ਤਾਂ ਕੀ ਕਰਦੀ" ਤਾਂ ਨਣਦ ਆਪਣੇ ਰਿਸ਼ਤੇ ਨੂੰ ਲਾਂਭੇ ਰੱਖ ਕੇ ਔਰਤ ਹੋਣਾ ਦੇ ਨਾਤੇ ਜਵਾਬ ਦਿੰਦੀ ਹੈ, ਮੈਂ ਉਸਨੂੰ ਆਪਣੀ ਜ਼ਿੰਦਗੀ ਵਿੱਚੋਂ ਕਿੱਕ ਆਉਟ ਕਰ ਦਿੰਦੀ ਹਮੇਸ਼ਾ ਲਈ ਤੇ ਸਿਰ ਉੱਚਾ ਕਰ ਕੇ ਜੀਉਂਦੀ, ਜਿਵੇਂ ਤੂੰ ਜੀਅ ਰਹੀ ਹੈਂ। ਨਣਦ ਦਾ ਇਹ ਜਵਾਬ ਸੁਖਬੀਰ ਨੂੰ ਭਰਪੂਰ ਸੰਤੁਸ਼ਟੀ ਦਿੰਦਾ ਹੈ।

ਕਹਾਣੀ ਸੰਗ੍ਰਹਿ ਦੀਆਂ ਬਹੁਤ ਸਾਰੀਆਂ ਕਹਾਣੀਆਂ ਵਿਚ ਸਖਤ ਮਿਹਨਤ ਕਰਨ ਵਾਲੀ ਇਕੱਲੀ ਮਾਂ ਦੀ ਥੁੜਾਂ ਤੇ ਮੁਸ਼ਕਲਾਂ ਨਾਲ ਭਰੀ ਪਰ ਸਵੈਮਾਣ ਵਾਲੀ ਜ਼ਿੰਦਗੀ ਦੀ ਬਾਤ ਪਾਈ ਗਈ ਹੈ। ਇਸ ਔਰਤ ਨੂੰ ਬਹੁਤ ਹਾਲਤਾਂ ਵਿਚ ਪੇਕੇ ਪਰਿਵਾਰ ਜਾਂ ਵਿਦੇਸ਼ਾਂ ਵਿਚ ਸੈਟਲ ਨਿਕਟ ਸੰਬੰਧੀਆਂ ਵੱਲੋਂ ਕੋਈ ਹਮਦਰਦੀ ਜਾਂ ਸਹਾਇਤਾ ਪ੍ਰਾਪਤ ਨਹੀਂ। ਔਰਤ ਦੀ ਸਥਿਤੀ ਉੱਤੇ ਫੋਕਸ ਕਹਾਣੀਆਂ ਦੀਆਂ ਆਪਣੇ ਕੰਮ ਪ੍ਰਤੀ ਸਮਰਪਿਤ ਨਾਇਕਾਵਾਂ, ਸੰਜੀਦਗੀ ਤੇ ਅਣਖ ਨਾਲ ਜ਼ਿੰਦਗੀ ਜਿਉਣ ਦਾ ਮਾਡਲ ਪੇਸ਼ ਕਰਦੀਆਂ ਹਨ। ਕਹਾਣੀਆਂ ਵਿਚ ਅਭਿਨੈ ਦੀ ਦੁਨੀਆ ਦੀਆਂ ਮੁਸ਼ਕਲਾਂ ਅਤੇ ਪਰਦੇ ਪਿਛਲਾ ਯਥਾਰਥ ਵੀ ਬਾਖੂਬੀ ਪੇਸ਼ ਹੋਇਆ ਹੈ। ਨਿਸਚੇ ਹੀ ਕੁਲਬੀਰ ਬਡੇਸਰੋਂ ਕੋਲ ਅਭਿਨੈ ਦੇ ਨਾਲ ਨਾਲ ਕਥਾ ਕਹਿਣ ਦੀ ਵੀ ਮੁਹਾਰਤ ਹੈ। ਇਸੇ ਲਈ ਇਸ ਕਹਾਣੀ ਸੰਗ੍ਰਹਿ ਵਿਚ ਰਿਸ਼ਤਿਆਂ ਦੇ ਬਦਲੇ ਸਮੀਕਰਨਾਂ ਬਹੁਤ ਬਾਰੀਕੀ ਨਾਲ ਪੇਸ਼ ਹੋਏ ਹਨ। ਕਹਾਣੀਆ ਵਿਚ ਉਦਾਸੀ ਦੇ ਵੱਖ ਵੱਖ ਪਾਸਾਰ ਕਲਾਮਈ ਢੰਗ ਨਾਲ ਪੇਸ਼ ਹੋਏ ਵੇਖੇ ਜਾ ਸਕਦੇ ਹਨ। **–ਪੁਸ਼ਵਿੰਦਰ ਕੌਰ**

## ਧੁੰਧੂਕਾਰਾ (ਨਾਵਲ) ਜਗਜੀਤ ਸਿੰਘ ਕੋਮਲ

ਜਗਜੀਤ ਸਿੰਘ ਕੋਮਲ ਪੰਜਾਬੀ ਸਾਹਿਤ ਵਿਚ ਕੋਈ ਨਵਾਂ ਹਸਤਾਖਰ ਨਹੀਂ ਹੈ। ਉਸ ਨੇ ਹੁਣ ਤਕ 6 ਨਾਟਕਾਂ ਤੋਂ ਇਲਾਵਾ ਹੋਰ ਕਈ ਮੌਲਿਕ ਤੇ ਅਨੁਵਾਦਕ ਪੁਸਤਕਾਂ ਨਾਲ ਪੰਜਾਬੀ ਸਾਹਿਤ ਵਿਚ ਨਿੱਗਰ ਵਾਧਾ ਕੀਤਾ ਹੈ। ਜਗਜੀਤ ਸਿੰਘ ਕੋਮਲ ਦਾ ਨਵਾਂ ਨਾਵਲ 'ਧੁੰਧੂਕਾਰਾ' (ਮੁੱਲ 600 ਰੁਪਏ, ਪੰਨੇ 555, ਗਰੇਸ਼ੀਅਸ ਬੁੱਕਸ) ਪੰਜਾਬ ਵਿਚ ਚੱਲੀ ਖੱਬੇ ਪੱਖੀ ਲਹਿਰ ਦੇ ਤੱਤਕਾਲੀ ਪ੍ਰਭਾਵਾਂ, ਸਥਿਤੀਆਂ-ਪਰਿਸਥਿਤੀਆਂ ਤੇ ਸਮਾਜ-ਸਭਿਆਚਾਰਕ ਸੰਦਰਭਾਂ ਨੂੰ ਆਪਣੇ ਕਲਾਵੇ ਵਿਚ ਲੈਂਦਾ ਹੈ। ਨਾਵਲ ਵਿਚ ਪੰਜਾਬ ਵਿਚ 1967 ਦੇ ਇਰਦ-ਗਿਰਦ ਚੱਲੀ ਨਕਸਲਵਾੜੀ ਲਹਿਰ ਦੇ ਪੁੰਗਰਣ, ਵਿਗਸਣ ਤੇ ਸਮਕਾਲੀਨ ਰਾਜਨੀਤਕ ਤੇ ਪ੍ਰਸ਼ਾਸ਼ਨਿਕ ਨਿਜ਼ਾਮ ਦੀਆਂ ਅੰਦਰੂਨੀ ਤੇ ਬਾਹਰੀ ਪਰਤਾਂ ਨੂੰ ਉਘਾੜਨ ਦਾ ਯਤਨ ਕੀਤਾ ਗਿਆ ਹੈ।

ਨਾਵਲ ਨੂੰ ਤਿੰਨ ਭਾਗਾਂ ਵਿਚ ਵੰਡਿਆ ਗਿਆ ਹੈ। ਪਹਿਲੇ ਭਾਗ ਵਿਚ ਮਾਸਟਰ ਵਿੰਦਰ, ਨਰਦੇਵ, ਰੌਣਕੀ ਤੇ ਪ੍ਰੀਤੂ ਦੇ ਜੀਵਨ ਬਿਰਤਾਂਤ ਨੂੰ ਪੇਸ਼ ਕੀਤਾ ਗਿਆ ਹੈ। ਰੌਣਕੀ ਦੇ ਘਰ ਤੋਂ ਬਿਰਤਾਂਤ ਦਾ ਆਰੰਭ ਹੁੰਦਾ ਹੈ। ਰੌਣਕੀ ਆਰਥਿਕ ਤੇ ਸਮਾਜਕ ਤੌਰ 'ਤੇ ਪ੍ਰੋਲੋਤਾਰੀ ਧਿਰ ਦਾ ਹਿੱਸਾ ਹੈ। ਉਹ ਆਪਣੇ ਘਰ ਪ੍ਰੀਤੂ ਦੇ ਨਾਲ ਆਏ ਨਰਦੇਵ ਦੀਆਂ ਹੱਥਕੜੀਆਂ ਨੂੰ ਵੱਢਦਾ ਹੈ। ਪਹਿਲੇ ਕਾਂਡ ਤੋਂ ਹੀ ਕਈ ਸਵਾਲ ਉਭਰਨ ਲੱਗਦੇ ਹਨ,ਜਿਨ੍ਹਾਂ ਕਰਕੇ ਪਾਠਕ ਦੇ ਮਨ ਵਿਚ ਅੱਗੇ ਜਾਨਣ ਦੀ ਜਗਿਆਸਾ ਪੈਦਾ ਹੁੰਦੀ ਹੈ ਅਤੇ ਬਿਰਤਾਂਤਕਾਰ ਪਾਠਕ ਨੂੰ ਉਂਗਲੀ ਲਾਈ ਆਪਣੇ ਨਾਲ ਤੋਰੀ

ਜਾਂਦਾ ਹੈ। ਉਹ ਪਾਠਕ ਨੂੰ ਬੜੀ ਸਹਿਜਤਾ ਨਾਲ ਨਰਦੇਵ ਤੇ ਪ੍ਰੀਤੂ ਰਾਹੀਂ ਨਕਸਲਵਾੜੀ ਲਹਿਰ ਦੇ ਸਿਧਾਂਤਕ ਤੇ ਵਿਹਾਰਕ ਪੱਖਾਂ ਬਾਰੇ ਚਾਨਣ ਕਰਦਾ ਜਾਂਦਾ ਹੈ। ਪਹਿਲੇ ਬਿਰਤਾਂਤ ਵਿਚ ਰੌਣਕੀ ਵਿਚਾਰਾ ਤੇ ਗ਼ਰੀਬ ਪਾਤਰ ਦੇ ਰੂਪ ਵਿਚ ਸਾਹਵੇਂ ਆਉਂਦਾ ਹੈ। ਦੂਜੇ ਭਾਗ ਵਿਚ ਜਦੋਂ ਪ੍ਰੀਤੂ ਪੁਲਸ ਤੋਂ ਲੁਕਦਾ ਫਿਰਦਾ ਰੌਣਕੀ ਨੂੰ ਮਿਲਦਾ ਹੈ ਤਾਂ ਪ੍ਰੀਤੂ ਨਾਲ ਉਸ ਵੱਲੋਂ ਸਾਂਝੇ ਕੀਤੇ ਆਪਣੇ ਜੀਵਨ ਵੇਰਵਿਆਂ ਤੋਂ ਉਸ ਦੇ ਵਿਹਾਰਕ ਰੂਪ ਵਿਚ ਸੰਘਰਸ਼ੀ ਯੋਧਾ ਹੋਣ ਦੀ ਸੂਹ ਮਿਲਦੀ ਹੈ ਅਤੇ ਉਸ ਦੁਆਰਾ ਪ੍ਰਤੀਕੂਲ ਸਥਿਤੀਆਂ ਵਿਚ ਨਕਸਲਵਾੜੀਆਂ ਦੀ ਮਦਦ ਕਰਨ ਦੀ ਭਾਵਨਾ ਦੀ ਪਿੱਠਭੂਮੀ ਵਿਚ ਪਏ ਕਾਰਨਾਂ ਦੀ ਸੋਝੀ ਹੁੰਦੀ ਹੈ।

ਨਾਵਲ ਦੇ ਦੂਜੇ ਭਾਗ ਵਿਚ ਘੰਤੇ, ਧੰਤੇ ਤੇ ਇੰਦਰ ਦੇ ਜੀਵਨ ਵੇਰਵਿਆਂ ਰਾਹੀਂ ਪੰਜਾਬ ਦੇ ਤੱਤਕਾਲੀ ਸਮਾਜ-ਸਭਿਆਚਾਰਕ ਹਾਲਾਤ ਤੇ ਜਾਗੀਰੂ ਪ੍ਰਬੰਧ ਦੀ ਜ਼ਮੀਨੀ ਹਕੀਕਤ ਨੂੰ ਬਿਆਨ ਕੀਤਾ ਗਿਆ ਹੈ। ਇੰਦਰ ਵਰਗੇ ਜਾਗੀਰੂ ਪਰਿਵਾਰਾਂ ਨਾਲ ਸੰਬੰਧ ਰੱਖਣ ਵਾਲੇ ਬਚਪਨ ਤੋਂ ਹੀ ਇਸ ਤਰ੍ਹਾਂ ਦੀ ਪ੍ਰਵਿਰਤੀਆਂ ਦੇ ਧਾਰਨੀ ਸਨ ਕਿ ਕਿਸੇ ਮਨੁੱਖ ਦੀ ਇੱਜ਼ਤ-ਆਬਰੂ ਤੇ ਜਾਨ ਦੀ ਕੀਮਤ ਉਨ੍ਹਾਂ ਲਈ ਮਾਮੂਲੀ ਸੀ। ਇੰਦਰ ਤੇ ਘੰਤੇ ਰਾਹੀਂ ਬਿਰਤਾਂਤਕਾਰ ਪੰਜਾਬ ਵਿਚ ਬੁਰਜੂਆ ਸ਼੍ਰੇਣੀ ਦੇ ਜੀਵਨ ਵਿਵਹਾਰ ਨੂੰ ਪੇਸ਼ ਕਰਨ ਵਿਚ ਪੂਰੀ ਤਰ੍ਹਾਂ ਸਫ਼ਲ ਰਿਹਾ ਹੈ। ਅਸਲ ਵਿਚ ਨਾਵਲ ਵਿਚ ਇਨ੍ਹਾਂ ਦੇ ਨਾਲ ਮੁਨਸ਼ਾ, ਪਾਲਾ ਸਿੰਘ, ਹਮੀਰ ਸਿੰਘ, ਕਪਤਾਨ, ਸ਼ਿੰਗਾਰਾ ਆਦਿ ਹੋਰ ਵੀ ਪਾਤਰ ਸ਼ਾਮਲ ਹਨ ਜੋ ਨਾਵਲ ਵਿਚ ਬੁਰਜੂਆ ਧਿਰ ਵਜੋਂ ਕਾਰਜਸ਼ੀਲ ਹਨ ਅਤੇ ਪ੍ਰੋਲੋਤਾਰੀ ਧਿਰ ਨੂੰ ਆਪਣੇ ਮੁਫ਼ਾਦ ਲਈ ਪੈਰਾਂ ਹੇਠ ਲੱਤੜਦੇ ਰੂਪਮਾਨ ਹੁੰਦੇ ਹਨ। ਉਹਨਾਂ ਲਈ ਦਲਿਤ (ਨਰਦੇਵ ਦੀ ਪਤਨੀ) ਇਸਤਰੀਆਂ ਸਿਰਫ਼ ਆਪਣੀ ਜਿਸਮਾਨੀ ਹਵਸ ਪੂਰੀ ਕਰਨ ਦਾ ਸਾਧਨ ਮਾਤਰ ਹਨ। ਇਹ ਵਰਤਾਰਾ ਹੋਰ ਵੀ ਭਿਆਨਕ ਰੂਪ ਅਖਤਿਆਰ ਕਰ ਜਾਂਦਾ ਹੈ ਜਦੋਂ ਨੰਬਰਦਾਰ ਪਾਲਾ ਸਿੰਘ ਵਰਗੇ ਤੇ ਸ਼ਿੰਗਾਰਾ ਦਸ ਨੰਬਰੀਆ ਵਰਗੇ ਜਾਗੀਰੂ ਧਿਰ ਦੇ ਪ੍ਰਤੀਨਿਧੀ ਨਰਦੇਵ ਦੀ ਪਤਨੀ ਨੂੰ ਐੱਮ.ਐੱਲ.ਏ. ਦੇ ਘਰ ਗੋਹਾ-ਕੂੜਾ ਕਰਨ ਲਈ ਉਸ ਦੇ ਸਹੁਰੇ ਦੇ ਰਾਹੀਂ ਮਜ਼ਬੂਰ ਕਰਦੇ ਹਨ। ਉਸ ਵੇਲੇ ਕਿਸੇ ਦਲਿਤ ਦੀ ਆਬਰੂ ਨੂੰ ਤਕਾਉਣ ਦਾ ਕਾਰਜ ਪਰਦੇਦਾਰੀ ਤੋਂ ਬਾਹਰ ਆ ਕੇ ਧੱਕੇਸ਼ਾਹੀ ਵਿਚ ਤਬਦੀਲ ਹੋ ਜਾਂਦਾ ਹੈ। ਦੂਜੇ ਭਾਗ ਵਿਚ ਮਾਸਟਰ ਵਿੰਦਰ ਵੀ ਨਕਸਲਵਾੜੀ ਲਹਿਰ ਵਿਚ ਕੁਲਵਕਤੀ ਕਾਰਕੁਨ ਬਣ ਜਾਂਦਾ ਹੈ। ਜਦਕਿ ਬੁਰਜੂਆ ਧਿਰ ਦੇ ਪ੍ਰਤੀਨਿਧੀ ਆਪਣੇ ਆਪ ਨੂੰ ਹੋਰ ਵਿਸਥਾਰ ਦੇਣ ਲਈ ਆਪਣੇ ਸਾਥੀਆਂ ਨੂੰ ਹੀ ਖਤਮ ਕਰਦੇ ਹਨ। ਇਸ ਪ੍ਰਕਿਰਿਆ ਵਿਚ ਐੱਮ.ਐੱਲ.ਏ. ਆਪਣੇ ਸਾਥੀ ਇੰਦਰ ਦੀ ਪਤਨੀ ਨੂੰ ਹਥਿਆਉਣ ਲਈ, ਡੀ.ਐੱਸ.ਪੀ. ਦੀ ਸਹਾਇਤਾ ਨਾਲ, ਪਤਨੀ ਤੋਂ ਹੀ ਉਸ ਦਾ ਕਤਲ ਕਰਵਾਉਂਦਾ ਹੈ ਤੇ ਨੰਬਰਦਾਰ ਪਾਲਾ ਸਿੰਘ ਦੁਆਰਾ ਜਾਗੀਰਦਾਰ ਦੀ ਦੋ ਸੌ ਬਿੱਘੇ ਜ਼ਮੀਨ ’ਤੇ ਕਬਜ਼ਾ ਕਰਨ ਲਈ ਤੱਤਪਰ ਹੁੰਦਾ ਹੈ।

ਨਾਵਲ ਦੇ ਤੀਜੇ ਭਾਗ ਵਿਚ ਪੁਲਸੀ ਜਬਰ ਨੂੰ ਮੁਖ ਰੂਪ ਵਿਚ ਉਭਾਰਿਆ ਗਿਆ ਹੈ। ਇਸ ਭਾਗ ਵਿਚ ਮੋਠੂ ਵਰਗੇ ਕ੍ਰਾਂਤੀਕਾਰੀ ਪਾਤਰ ਮੁਖਬਰੀ ਕਾਰਨ ਪੁਲਸ ਮਕਾਬਲੇ ਵਿਚ ਮਾਰੇ ਜਾਂਦੇ ਹਨ। ਹਾਲਾਂਕਿ ਪਹਿਲੇ ਦੋ ਭਾਗਾਂ ਵਿਚ ਵੀ ਪੁਲਸ ਤਸ਼ਦੱਦ ਤੇ ਝੂਠੇ ਮੁਕਾਬਲਿਆਂ ਦਾ ਜ਼ਿਕਰ ਕੀਤਾ ਗਿਆ ਹੈ, ਪਰ ਇਸ ਭਾਗ ਵਿਚ ਪੁਲਸ ਦੀ ਕਾਰਵਾਈ ਹੋਰ ਤੇਜ਼ ਹੁੰਦੀ ਵਿਖਾਈ ਗਈ ਹੈ, ਜਿਸ ਕਾਰਨ ਕੁਝ ਨਕਸਲੀ ਮਾਰੇ ਜਾਂਦੇ ਹਨ ਤੇ ਕੁਝ ਮਲੂਕ ਸਿੰਘ, ਪ੍ਰੀਤੂ ਆਦਿ ਵਰਗੇ ਆਪਣੀ ਜਾਨ ਬਚਾਉਂਦੇ ਲੁਕ-ਛਿਪ ਵੀ ਰਹੇ ਹਨ। ਨਾਲ ਹੀ ਕਾਮਰੇਡ ਸਤਬੀਰ ਵਰਗੇ ਮੁਖਬਰਾਂ, ਜ਼ੋ ਲਹਿਰ ਲਈ ਘਾਤਕ ਹਨ, ਨੂੰ ਮਾਰਨ ਲਈ ਕਿਰਿਆਸ਼ੀਲ ਹਨ। ਨਾਵਲ ਦੇ ਅਖੀਰ ਵਿਚ ਇਕ ਬੰਨੇ ਪਾਈਲਟ ਬਲਜੀਤ ਵਰਗੇ ਨੌਜਵਾਨ ਲਹਿਰ ਵਿਚ ਸ਼ਾਮਲ ਹੋ ਰਹੇ ਹਨ, ਦੂਜੇ ਪਾਸੇ ਮਾਸਟਰ ਵਿੰਦਰ ਵਰਗੇ ਪਾਤਰ ਪੁਲਸ ਦੀ ਗ੍ਰਿਫ਼ਤ ’ਚੋਂ ਨਿਕਲ ਕੇ ਬਦੇਸ਼ ਚਲੇ ਜਾਂਦੇ ਹਨ ਜ਼ੋ ਲਹਿਰ ਲਈ ਵੱਡਾ ਝਟਕਾ ਸਾਬਤ ਹੁੰਦੇ ਹਨ। ਵਾਸਤਵ ਵਿਚ ਨਕਸਲੀ ਲਹਿਰ ਆਪਸ ਵਿਚ ਕਈ ਮੁਹਾਜ਼ਾਂ ਤੇ ਭਾਗਾਂ ਵਿਚ ਵੰਡੀ ਜਾਂਦੀ ਹੈ।

ਲਹਿਰ ਵਿਚ ਸਿਧਾਂਤਕ ਮਤਭੇਦ ਉਭਰਦੇ ਹਨ ਜੋ ਅਗਾਂਹ ਪਰਸਪਰ ਬੇਭਰੋਸਗੀ ਤੇ ਬੇਪ੍ਰਤੀਤੀ ਵਿਚ ਵਟ ਜਾਂਦੇ ਹਨ। ਨਕਸਲੀ ਲਹਿਰ ਦੇ ਆਗੂਆਂ ਵਿਚ ਬੇਪ੍ਰਤੀਤੀ ਤੇ ਸਿਧਾਂਤਕ ਮਤਭੇਦਾਂ ਕਾਰਨ ਪਈਆਂ ਦਰਾਰਾਂ ਵਕਤ ਨਾਲ ਹੋਰ ਚੌੜੀਆਂ ਤੇ ਗਹਿਰੀਆਂ ਹੁੰਦੀਆਂ ਜਾਂਦੀਆਂ ਹਨ, ਜਿਸ ਕਾਰਨ ਸਰਕਾਰ ਜਬਰ ਨਾਲ ਲਹਿਰ ਨੂੰ ਦਬਾਉਣ ਤੇ ਖੰਡਾਉਣ ਵਿਚ ਪੂਰ ਤਰ੍ਹਾਂ ਕਾਮਯਾਬ ਹੁੰਦੀ ਹੈ।

ਵਾਸਤਵ ਵਿਚ ਨਾਵਲ 'ਚ ਨਕਸਲਵਾੜੀ ਲਹਿਰ ਦੀ ਪੜਚੋਲ ਕੀਤੀ ਗਈ ਹੈ। ਜਿੱਥੇ ਲਹਿਰ ਵਿਚ ਸਿਧਾਂਤਕ ਤੌਰ 'ਤੇ ਬੜੀਆਂ ਕਮੀਆਂ ਉਜਾਗਰ ਹੋਈਆਂ ਹਨ, ਉੱਥੇ ਲਹਿਰ ਵਿਚ ਆਪਾ ਧਾਪੀ ਵੀ ਮੱਚੀ ਰਹੀ। ਸਾਹਿਬ ਸਿੰਘ ਵਰਗੇ ਕਾਮਰੇਡ ਆਪਣੇ ਆਪ ਨੂੰ ਉਚਾਉਣ ਤੇ ਵਖਰਾਉਣ ਵਿਚ ਯਤਨਸ਼ੀਲ ਰਹਿੰਦੇ ਹਨ ਜਿਸ ਕਾਰਨ ਲਹਿਰ ਵਿਚ ਖਿੰਡਾਓ ਪੈਦਾ ਹੁੰਦਾ ਹੈ। ਨਾਵਲੀ ਕਥਾ ਦੇ ਆਰੰਭ ਵਿਚ ਹੀ ਬਿਰਤਾਂਤਕਾਰ ਖੱਬੂਆਂ ਤੇ ਸੱਜੂਆਂ ਦੇ ਰਾਹੀਂ ਮਾਰਕਸੀ ਵਿਚਾਰਧਾਰਾ ਦੇ ਹਮਾਇਤੀਆਂ ਵਿਚ ਪੈਦਾ ਹੋਏ ਟਕਰਾਵਾਂ ਨੂੰ ਬਿਆਨ ਕਰਦਾ ਹੈ। ਹਾਲਾਂਕਿ ਨਕਸਲਵਾੜੀ ਲਹਿਰ ਸੋਧਵਾਦੀਆਂ ਤੇ ਖੱਬੂਆਂ ਨੂੰ ਆਪਣੇ ਨਾਲ ਲੈ ਕੇ ਅਗਲੇ ਪੈਂਡੇ 'ਤੇ ਚੱਲਣਾ ਚਾਹੁੰਦੀ ਹੈ ਪਰ ਹਕੀਕਤ ਵਿਚ ਉਹਨਾਂ ਨੂੰ ਆਪਣੇ ਨਾਲ ਰਲਾਉਣਾ ਤਾਂ ਇਕ ਪਾਸੇ ਰਿਹਾ, ਉਹ ਉਨ੍ਹਾਂ ਤੋਂ ਸੇਧ ਵੀ ਗ੍ਰਹਿਣ ਨਹੀਂ ਕਰ ਪਾਉਂਦੀ। ਨਕਸਲੀ ਵੀ ਪਹਿਲਿਆਂ ਦੀ ਤਰ੍ਹਾਂ ਆਪਸ ਵਿਚ ਵੰਡੇ ਜਾਂਦੇ ਹਨ। ਇਹੀ ਕਾਰਨ ਹੈ ਕਿ ਕਾਮਰੇਡ ਦੀਵਾਨਾ ਵਰਗੇ ਨਿਰਾਸ਼ ਹੋ ਕੇ ਨਕਸਲੀਆਂ ਤੋਂ ਵਿੱਥ ਪਾ ਲੈਂਦੇ ਹਨ। ਮਲੂਕ ਸਿੰਘ ਵੀ ਹਮੀਰ ਸਿੰਘ ਤੇ ਮੁਨਸ਼ਾ ਸਿੰਘ ਵਰਗਿਆਂ ਮੂੰ ਵੇਖਦਾ ਹੈ ਤਾਂ ਉਸ ਨੂੰ ਉਹ ਪ੍ਰੋਲੋਤਾਰੀ ਧਿਰ ਦੇ ਪ੍ਰਤੀਨਿੱਧੀ ਨਹੀਂ ਜਾਪਦੇ।

ਨਾਵਲ ਵਿਚ ਇਕ ਤੀਜੀ ਧਿਰ ਵੀ ਪੇਸ਼ ਹੋਈ ਜਿਸ ਵਿਚ ਨਰਦੇਵ ਸਿੰਘ ਵਰਗੇ ਪਾਤਰ ਸ਼ਾਮਲ ਹਨ। ਨਰਦੇਵ ਸਾਰੀ ਕਥਾ ਵਿਚ ਕਿਤੇ ਵੀ ਨਕਸਲੀ ਨਹੀਂ ਬਣਨਾ ਚਾਹੁੰਦਾ ਪਰ ਮਲੂਕ ਸਿੰਘ ਤੇ ਆਜ਼ਾਦ ਵਰਗੇ ਨਕਸਲੀ ਉਸ ਨੂੰ ਮੱਲੋ ਜ਼ੋਰੀ ਲਹਿਰ ਵਿਚ ਖਿੱਚ ਲੈਂਦੇ ਹਨ। ਨਰਦੇਵ ਦੁਆਰਾ ਕਪਤਾਨ ਦੇ ਮੁਖਤਿਆਰ ਤਾਰੇ ਦੇ ਥੱਪੜ ਇਨਕਲਾਬ ਲਈ ਨਹੀਂ ਸੀ ਮਾਰਿਆ ਗਿਆ। ਬਲਕਿ ਉਸ ਅੰਦਰ ਤਾਂ ਆਪਣੀ ਪਤਨੀ ਦੀ ਬੇਪੱਤੀ ਦਾ ਗੁੱਸਾ ਸੀ।ਭਾਵੇਂ ਉਸ ਅੰਦਰ ਤਾਰੇ ਪ੍ਰਤੀ ਗੁੱਸਾ ਸੀ ਪਰ ਉਹ ਨਕਸਲੀ ਤਾਂ ਕਿਸੇ ਵੀ ਪਲ ਨਹੀਂ ਬਣਦਾ। ਪੁਲਸ ਤੇ ਕਪਤਾਨ ਦੇ ਡਰ ਦੇ ਬਾਵਜੂਦ ਉਹ ਆਪਣੀ ਪਤਨੀ ਤੇ ਪਰਿਵਾਰ ਕੋਲ ਜਾਣ ਲਈ ਦੋ ਵਾਰ ਪੁਲਸ ਦੇ ਪੇਸ਼ ਹੁੰਦਾ ਹੈ ਅਤੇ ਅਖੀਰ ਪੁਲਸ ਹੱਥੋਂ ਮਾਰਿਆ ਜਾਂਦਾ ਹੈ। ਨਾਵਲ ਵਿਚ ਪੁਲਸ ਦੀ ਕਾਰਗੁਜ਼ਾਰੀ 'ਤੇ ਵੀ ਸਵਾਲੀਆ ਨਿਸ਼ਾਨ ਲਗਾਇਆ ਗਿਆ ਹੈ ਕਿ ਕਿਵੇਂ ਉਹ ਬਾਬਾ ਬੂਟਾ ਵਰਗੇ ਬਜੁਰਗ ਤੇ ਨਰਦੇਵ ਵਰਗੇ ਬੇਦੋਸ਼ਿਆਂ ਦਾ ਮੁਕਾਬਲਾ ਬਣਾਉਂਦੀ ਰਹੀ।

ਨਾਵਲ ਦੇ ਕਲਾ ਪੱਖ ਬਾਰੇ ਵਿਚਾਰ ਕਰੀਏ ਤਾਂ ਲੇਖਕ ਵਿਗੋਪਨ, ਪਿੱਛਲਝਾਤ, ਮਨੋਬਚਨੀ ਆਦਿ ਬਿਰਤਾਂਤਕ ਜੁਗਤਾਂ ਦੀ ਖੂਬ ਵਰਤੋਂ ਕਰਦਾ ਹੈ। ਉਸ ਕੋਲ ਕਹਾਣੀ ਕਹਿਣ ਦੀ ਕਲਾ ਹੈ ਜਿਸ ਕਾਰਨ ਉਹ ਏਨੇ ਵੱਡ-ਆਕਾਰੀ ਨਾਵਲ ਵਿਚ ਰੋਚਿਕਤਾ ਦੀ ਘਾਟ ਨਹੀਂ ਆਉਣ ਦਿੰਦਾ। ਕਥਾ ਵਿਚ ਪਾਤਰਾਂ ਦੀ ਭਰਮਾਰ ਹੋਣ ਦੇ ਬਾਵਜੂਦ ਉਹ ਪਾਤਰਾਂ ਨੂੰ ਵੱਖਰੇ ਤੇ ਮੌਲਿਕ ਮੁਹਾਂਦਰੇ ਪ੍ਰਦਾਨ ਕਰਨ ਵਿਚ ਸਫ਼ਲ ਰਿਹਾ ਹੈ। ਕਹਿ ਜਾ ਸਕਦਾ ਹੈ ਕਿ ਨਾਵਲ 'ਧੁੰਧੂਕਾਰਾ' ਨਕਸਲਵਾੜੀ ਲਹਿਰ ਦਾ ਆਲੋਚਨਾਤਮਕ ਇਤਿਹਾਸਕ ਦਸਤਾਵੇਜ਼ ਹੈ। ਅਜਿਹੀ ਮੁੱਲਵਾਨ ਕਿਰਤ ਦਾ ਸਵਾਗਤ ਕਰਨਾ ਬਣਦਾ ਹੈ।

**–ਪਰਗਟ ਸਿੰਘ ਬਰਾੜ**

## ਆਂਦਰਾਂ ਦਾ ਸੇਕ (ਕਹਾਣੀ ਸੰਗ੍ਰਹਿ) ਹਰਬੰਸ ਸਿੰਘ ਅਖਾੜਾ

ਹੱਥਲਾ ਕਹਾਣੀ ਸੰਗ੍ਰਹਿ 'ਆਂਦਰਾਂ ਦਾ ਸੇਕ' (ਗੋਰਕੀ ਪ੍ਰਕਾਸ਼ਨ, ਲੁਧਿਆਣਾ, ਪੰਨੇ 112, ਮੁੱਲ 200 ਰੁਪਏ) ਹਰਬੰਸ ਸਿੰਘ ਅਖਾੜਾ ਦਾ ਦੂਜਾ ਕਹਾਣੀ ਸੰਗ੍ਰਹਿ ਹੈ। ਇਸ ਵਿਚ ਕੁੱਲ ਪੰਦਰਾਂ ਕਹਾਣੀਆਂ ਹਨ। ਇਹਨਾਂ ਕਹਾਣੀਆਂ ਦਾ ਪਾਠ ਕਰਨ ਉਪਰੰਤ ਸਭ ਤੋਂ ਪਹਿਲੀ ਧਾਰਨਾ ਇਹ

ਬਣਦੀ ਹੈ ਕਿ ਹਰਬੰਸ ਸਿੰਘ ਅਖਾੜਾ ਸਮਕਾਲੀ ਸਾਹਿਤ ਸਿਰਜਣਾ ਦੇ ਨਵੀਨ ਦੌਰ ਵਿਚ ਪਹਿਲੀ ਜਾਂ ਦੂਜੀ ਪੀੜ੍ਹੀ ਦੇ ਕਹਾਣੀਕਾਰਾਂ ਵਾਂਗ ਕਥਾ ਸਿਰਜਦਾ ਹੈ। ਉਸਦੀਆਂ ਕਹਾਣੀਆਂ ਆਸੇ-ਪਾਸੇ ਵਾਪਰਦੀਆਂ ਘਟਨਾਵਾਂ ਅਤੇ ਸੁਣੀਆਂ ਸੁਣਾਈਆਂ ਗੱਲਾਂ ਵਿਚੋਂ ਆਪਣਾ ਕਥਾ ਬਿਰਤਾਂਤ ਸਿਰਜਦੀਆਂ ਹਨ। ਦੇਖਿਆ ਜਾਵੇ ਤਾਂ ਅੱਜੋਕੀ ਜ਼ਿੰਦਗੀ ਐਨੀ ਗੁੰਝਲਦਾਰ ਹੋ ਗਈ ਹੈ ਕਿ ਇਸ ਦੌਰ ਵਿਚ ਇਹੋ ਜਿਹੇ ਸਰਲ ਤੇ ਇਕਹਿਰੀ ਬਣਤਰ ਵਾਲੇ ਬਿਰਤਾਂਤ ਮਨ ਨੂੰ ਟੁੰਬਦੇ ਹਨ। ਇਹ ਗੱਲ ਵੱਖਰੀ ਹੈ ਕਿ ਤਕਨੀਕੀ ਤੌਰ 'ਤੇ ਇਹ ਬਿਰਤਾਂਤ ਸਮਕਾਲੀ ਕਹਾਣੀ ਦੇ ਕੱਦ ਸਾਹਮਣੇ ਬਹੁਤ ਨਿਗੂਣੇ ਜਾਪਦੇ ਹਨ। ਸਾਮੰਤਵਾਦੀ ਦੌਰ ਤੋਂ ਵਿਕਾਸ ਕਰਕੇ ਬੇਸ਼ੱਕ ਅਸੀਂ ਪੂੰਜੀਵਾਦ ਦੇ ਆਧੁਨਿਕ ਵਿਕਸਤ ਦੌਰ ਵਿਚ ਪਹੁੰਚ ਗਏ ਹਾਂ, ਜਿਸ ਲਈ ਉਤਰ ਆਧੁਨਿਕਤਾ ਦਾ ਲਕਬ ਵਰਤਿਆ ਜਾਂਦਾ ਹੈ। ਪਰ ਵਿਕਸਤ ਪੂੰਜੀਵਾਦੀ ਦੇਸ਼ਾਂ ਦੇ ਮੁਕਾਬਲੇ ਭਾਰਤ ਨੂੰ ਅਜੇ ਅਰਧ ਜਾਗੀਰੂ ਅਤੇ ਅਰਧ ਪੂੰਜੀਵਾਦੀ ਦੇਸ਼ ਹੀ ਮਿਥਿਆ ਜਾਂਦਾ ਹੈ। ਭਾਵ ਅਸੀਂ ਕੁਝ ਕੁ ਆਦਤਾਂ ਵਿਚ ਪੂੰਜੀਵਾਦੀ ਹੋ ਗਏ ਹਾਂ ਤੇ ਕੁਝ ਕੁ ਵਿਚ ਸਾਡੀ ਸੋਚ ਸਾਮੰਤੀ ਹੀ ਹੈ। ਸਾਮੰਤੀ ਦੌਰ ਦੀਆਂ ਕੁਝ ਅਹਿਮ ਵਿਸ਼ੇਸ਼ਤਾਵਾਂ ਜਿਵੇਂ ਰਿਸ਼ਤਿਆਂ ਵਿਚ ਮੋਹ ਦੀ ਰੈਲ, ਸਬਰ-ਸੰਤੋਖ ਅਤੇ ਭਾਵਨਾਤਮਕ ਠਰੰਮਾ ਆਦਿ ਅਸੀਂ ਗੁਆ ਚੁੱਕੇ ਹਾਂ। ਇਹੀ ਕਾਰਨ ਹੈ ਕਿ ਇਸ ਦੌਰ ਵਿਚ ਦੁਖਾਂਤ ਹੰਢਾਉਂਦੇ ਅਸੀਂ ਉਸ ਪਰੰਪਰਾ ਵੱਲ ਮੁੜਮੁੜ ਦੇਖਦੇ ਹਾਂ ਅਤੇ ਉਸਨੂੰ ਆਵਾਜ਼ਾਂ ਮਾਰਦੇ ਹਾਂ। ਇਸ ਤਰ੍ਹਾਂ ਕਰਨ ਨਾਲ ਸਾਡੇ ਮਨ ਨੂੰ ਭਾਵਨਾਤਮਕ ਤਸੱਲੀ ਦਾ ਅਨੁਭਵ ਹੁੰਦਾ ਹੈ। ਇਹ ਵੀ ਸੰਭਵ ਹੈ ਕਿ ਕਿਸੇ ਨਾ ਕਿਸੇ ਮਨ 'ਤੇ ਇਸਦਾ ਅਸਰ ਹੋ ਜਾਵੇ ਅਤੇ ਉਹ ਇਹਨਾਂ ਵਿਚੋਂ ਕੁਝ ਚੰਗੀਆਂ ਆਦਤਾਂ ਗ੍ਰਹਿਣ ਕਰ ਲਵੇ। ਹਰਬੰਸ ਸਿੰਘ ਅਖਾੜਾ ਆਪਣੀਆਂ ਕਹਾਣੀਆਂ ਵਿਚ ਇਹੀ ਕੰਮ ਕਰਦਾ ਨਜ਼ਰ ਆਉਂਦਾ ਹੈ।

ਵਿਕਾਸ ਦੇ ਨਾਂਅ ਹੇਠ ਅਸੀਂ ਆਪਣੀ ਪਰੰਪਰਾ ਦੀਆਂ ਸਾਂਭਣਯੋਗ ਕੀਮਤਾਂ ਦਾ ਘਾਣ ਕਰ ਦਿੱਤਾ ਹੈ। ਬੇਸ਼ੱਕ ਸੱਤਾਧਾਰੀ ਹਾਕਮ ਜਮਾਤਾਂ ਨੇ ਲੋਕਾਈ ਨੂੰ ਇਸ ਤਰ੍ਹਾਂ ਦਾ ਮਾਹੌਲ ਪਰੋਸਿਆ ਹੈ ਕਿ ਉਹ ਸਭ ਕੁਝ ਛੱਡ ਕੇ ਵਿਦੇਸ਼ਾਂ ਵੱਲ ਪਲਾਇਣ ਕਰ ਰਹੇ ਹਨ, ਪਰ ਉਹਨਾਂ ਦੀ ਪੁਰਾਣੀ ਪੀੜ੍ਹੀ ਇਕਲਾਪਾ ਹੰਢਾ ਰਹੀ ਹੈ। ਇਥੇ ਰਹਿਣ ਵਾਲੇ ਜ਼ਿਆਦਾਤਰ ਨੌਜਵਾਨ ਆਪਣੇ ਬਜ਼ੁਰਗਾਂ ਦਾ ਨਿਰਾਦਰ ਕਰ ਰਹੇ ਹਨ। 'ਆਂਦਰਾਂ ਦਾ ਸੇਕ', 'ਆਲ੍ਹਣਾ', 'ਬਹੁਰ ਨਾ ਮਰਨਾ ਹੋਇ', 'ਆਹ ਦਿਨ', 'ਬੇਬੇ ਦਾ ਸੰਦੂਕ' ਕਹਾਣੀਆਂ ਦਾ ਬਿਰਤਾਂਤ ਇਹਨਾਂ ਭਾਵਾਂ ਨੂੰ ਉਭਾਰਦਾ ਹੈ।

'ਆਂਦਰਾਂ ਦਾ ਸੇਕ' ਅਤੇ 'ਆਲ੍ਹਣਾ' ਕਹਾਣੀਆਂ ਸੁੰਨੇ ਘਰਾਂ ਵਿਚ ਇਕੱਲਤਾ ਭੋਗ ਰਹੇ ਬਜ਼ੁਰਗਾਂ ਦਾ ਬਿਰਤਾਂਤ ਹੈ। 'ਬਹੁਰ ਨਾ ਮਰਨਾ ਹੋਇ' ਕਹਾਣੀ ਦੇ ਬਜ਼ੁਰਗ ਨੂੰ ਅਧਰੰਗ ਦਾ ਦੌਰਾ ਪੈ ਜਾਂਦਾ ਹੈ ਪਰ ਉਸਨੂੰ ਅੰਤਮ ਸਾਹਾਂ 'ਤੇ ਸਮਝ ਕੇ ਉਸਦੇ ਰਿਸ਼ਤੇਦਾਰ ਤੇ ਆਂਢ-ਗੁਆਂਢ ਵਾਲੇ ਉਸਦੇ ਅੰਤਮ ਸੰਸਕਾਰ ਦੀ ਤਿਆਰੀ ਕਰਨ ਲੱਗਦੇ ਹਨ। 'ਆਹ ਦਿਨ' ਕਹਾਣੀ ਇਕ ਬਲਦ ਦੀ ਜ਼ੁਬਾਨੀ ਅਤੇ 'ਬੇਬੇ ਦਾ ਸੰਦੂਕ' ਕਹਾਣੀ ਸੰਦੂਕ ਦੀ ਜ਼ੁਬਾਨੀ ਪੇਸ਼ ਹੋਏ ਬਹੁਤ ਕਮਾਲ ਦੇ ਬਿਰਤਾਂਤ ਹਨ। ਸਮਾਜਕ ਵਿਕਾਸ ਦੌਰਾਨ ਅਸੀਂ ਬੇਸ਼ੱਕ ਪਰੰਪਰਾ ਨਾਲ ਬੱਝਕੇ ਨਹੀਂ ਰਹਿ ਸਕਦੇ ਪਰ ਸਾਡੇ ਬਜ਼ੁਰਗ ਵੀ ਸਾਡੀ ਪਰੰਪਰਾ ਹਨ। ਅਸੀਂ ਵਸਤਾਂ ਨੂੰ ਪੁਰਾਣੀਆਂ ਕਹਿ ਕੇ ਰੱਦ ਕਰ ਸਕਦੇ ਹਾਂ ਪਰ ਆਪਣੇ ਬਜ਼ੁਰਗਾਂ ਨੂੰ ਰੱਦ ਨਹੀਂ ਕਰ ਸਕਦੇ। ਇਹਨਾਂ ਕਹਾਣੀਆਂ ਦੇ ਬਿਰਤਾਂਤ ਇਸ ਪਰੰਪਰਾ ਨੂੰ ਸੰਭਾਲਣ ਦੀ ਗੱਲ ਕਰਦੇ ਹਨ।

ਹਰਬੰਸ ਸਿੰਘ ਅਖਾੜਾ ਆਪਣੀਆਂ ਕਹਾਣੀਆਂ ਵਿਚ ਸਾਮੰਤੀ ਸਮਾਜ ਦੀ ਵਿਆਹ ਪ੍ਰਣਾਲੀ ਨੂੰ ਦੋਸ਼ੀ ਠਹਿਰਾਉਂਦਾ ਹੈ। ਅਣਜੋੜ ਵਿਆਹ, ਮੁੱਲ ਦਾ ਵਿਆਹ ਇਸ ਸਮਾਜ ਦੇ ਅਣਮਨੁੱਖੀ ਵਰਤਾਰੇ ਸਨ। 'ਤਿੜਕੀਆਂ ਤੰਦਾਂ', 'ਸੰਜੋਗ', 'ਕਿਰਦਾਰ', 'ਮੈਂ ਇਹ ਨਹੀਂ ਹੋਣ ਦੇਣਾ' ਅਤੇ 'ਸੁਪਨੇ ਦੀ ਮੌਤ' ਕਹਾਣੀਆਂ ਇਸੇ ਅਣਜੋੜਤਾ ਦੀ ਗੱਲ ਕਰਦੀਆਂ ਹਨ। ਇਸ ਸਮਾਜ ਵਿਚ ਕੁੜੀਆਂ ਤਾਂ ਦੂਰ ਦੀ ਗੱਲ ਸਗੋਂ ਮੁੰਡਿਆਂ ਨੂੰ ਵੀ ਆਪਣੀ ਮਰਜ਼ੀ ਦਾ ਵਿਆਹ ਕਰਾਉਣ ਦੀ ਮਨਾਹੀ ਸੀ। ਜਿਵੇਂ

ਕਹਾਣੀ 'ਤਿੜਕੀਆਂ ਤੰਦਾਂ' ਦਾ ਮੋਹਣ ਆਪਣੀ ਮਰਜ਼ੀ ਨਾਲ ਦਿਲਜੀਤ ਨਾਲ ਵਿਆਹ ਨਹੀਂ ਕਰਵਾ ਸਕਦਾ। ਇਸੇ ਤਰ੍ਹਾਂ 'ਸੁਪਨੇ ਦੀ ਮੌਤ' ਕਹਾਣੀ ਵਿਚ ਰਾਜਵੀਰ ਨਾਲ ਵਾਪਰਦੀ ਹੈ। ਉਹ ਵੀ ਆਪਣੇ ਬਾਪ ਦੇ ਅੱਗੇ ਮਜਬੂਰ ਹੋਇਆ ਸ਼ਰਨਜੀਤ ਨਾਲ ਵਿਆਹ ਨਹੀਂ ਕਰਵਾ ਸਕਦਾ। ਵਿਆਹ ਤੋਂ ਬਾਅਦ ਉਹ ਸ਼ਰਨਜੀਤ ਨੂੰ ਭਜਾ ਕੇ ਲੈ ਜਾਂਦਾ ਹੈ ਅਤੇ ਪੁਲਿਸ ਵੱਲੋਂ ਉਹਨਾਂ ਨੂੰ ਫੜ ਲਿਆ ਜਾਂਦਾ ਹੈ। ਇਸੇ ਆਤਮ ਗਿਲਾਨੀ ਵਿਚ ਉਹ ਆਤਮ ਹੱਤਿਆ ਕਰ ਲੈਂਦਾ ਹੈ। ਇਸੇ ਸਾਮੰਤੀ ਸਮਾਜ ਵਿਚ ਛੋਟੀਆਂ-ਛੋਟੀਆਂ ਗੱਲਾਂ ਨੂੰ ਲੈ ਕੇ ਆਪਸੀ ਤਕਰਾਰ ਕਤਲੋ ਗਾਰਤ ਤਕ ਪਹੁੰਚ ਜਾਂਦੇ ਹਨ। 'ਕਾਤਲ ਕੌਣ' ਤੇ 'ਪੱਥਰ ਰੋ ਪਏ' ਦੋਨੋਂ ਕਹਾਣੀਆਂ ਇਸੇ ਸਮਾਜ ਵਿਚ ਜ਼ਰ, ਜ਼ੋਰੂ ਅਤੇ ਜ਼ਮੀਨ ਦੇ ਮਸਲੇ 'ਤੇ ਹੋਣ ਵਾਲੇ ਕਤਲਾਂ ਦੀ ਗੱਲ ਕਰਦੀਆਂ ਹਨ। 'ਕਾਤਲ ਕੌਣ' ਕਹਾਣੀ ਸੁੱਚੇ ਸੂਰਮੇ ਦੀ ਲੋਕ ਕਥਾ ਦਾ ਅਨੁਸਰਨ ਹੈ।

ਜ਼ਿਆਦਾਤਰ ਕਹਾਣੀਆਂ ਸੰਦੇਸ਼ਮੁਖੀ ਹਨ। ਇਹ ਕਹਾਣੀਆਂ ਮਨੁੱਖ ਨੂੰ ਚੰਗਾ ਮਨੁੱਖ ਬਣਨ ਵਿਚ ਸਹਾਈ ਚੰਗੀਆਂ ਆਦਤਾਂ ਦਾ ਗੁਣਗਾਨ ਕਰਨ ਵਾਲੀਆਂ ਹਨ। 'ਅਧੂਰੀਆਂ ਸੱਧਰਾਂ', 'ਬੂੰਦ ਬਣੀ ਦਰਿਆ' ਇਹੋ ਜਿਹੇ ਵਿਸ਼ੇ ਵਾਲੀਆਂ ਕਹਾਣੀਆਂ ਹਨ। ਮਨੁੱਖ ਸਖਤ ਮਿਹਨਤ ਕਰਕੇ ਸਫਲ ਹੋ ਸਕਦਾ ਹੈ। ਇਹ ਸਫਲਤਾ ਕਿਸੇ ਇਕ ਪਰਿਵਾਰਕ ਮੈਂਬਰ ਦੀ ਮੌਤ ਨਾਲ ਹਿੱਲ ਜਾਂਦੀ ਹੈ। ਜਿਵੇਂ 'ਅਧੂਰੀਆਂ ਸੱਧਰਾਂ' ਕਹਾਣੀ ਵਿਚ ਉਤਮ ਸਿੰਘ ਮਿਹਨਤ ਨਾਲ ਆਪਣੀ ਪਰਿਵਾਰਕ ਹਾਲਤ ਨੂੰ ਬਦਹਾਲੀ ਵਿਚੋਂ ਕੱਢ ਖੁਸ਼ਹਾਲ ਬਣਾ ਲੈਂਦਾ ਹੈ ਪਰ ਕਹਾਣੀ ਦੇ ਅੰਤ 'ਤੇ ਉਤਮ ਸਿੰਘ ਦੀ ਮੌਤ ਨਾਲ ਇਹ ਸੱਧਰਾਂ ਅਧੂਰੀਆਂ ਰਹਿ ਜਾਂਦੀਆਂ ਹਨ। ਕਹਾਣੀਆਂ ਦਾ ਬਿਰਤਾਂਤਕ ਸੰਗਠਨ ਅਤਿ ਸਰਲ ਹੈ। ਇਕਹਿਰੇ ਲਕੀਰੀ ਬਿਰਤਾਂਤ ਦੁਆਲੇ ਉਸਰੀਆਂ ਕਹਾਣੀਆਂ ਆਪਣੇ ਵਿਸ਼ਿਆਂ ਵਾਂਗ ਹੀ ਸਾਧਾਰਨ ਹਨ। ਕਹਾਣੀ ਆਪਣੀ ਸ਼ੁਰੂਆਤ ਤੋਂ ਅੰਤ ਵੱਲ ਇਕ ਹੀ ਰਫਤਾਰ ਨਾਲ ਵਧਦੀ ਹੈ। ਕਈ ਕਹਾਣੀਆਂ ਦਾ ਕਲਾਈਮੈਕਸ ਸਪੱਸ਼ਟ ਨਹੀਂ ਉਭਰਦਾ ਅਤੇ ਕੁਝ ਦਾ ਉਭਰਨ ਤੋਂ ਪਹਿਲਾਂ ਪਾਠਕ ਦੀ ਪਕੜ ਵਿਚ ਆ ਜਾਂਦਾ ਹੈ। ਪਾਤਰ ਬੇਸ਼ੱਕ ਆਪਣੇ ਜਮਾਤੀ ਰੰਗ ਵਿਚ ਪੇਸ਼ ਹੁੰਦੇ ਹਨ ਪਰ ਉਹਨਾਂ ਦੀ ਘਾੜਤ 'ਤੇ ਲੇਖਕ ਦੀ ਮੋਹਰਛਾਪ ਨਜ਼ਰ ਆਉਂਦੀ ਹੈ। ਹਰਬੰਸ ਸਿੰਘ ਅਖਾੜਾ ਨੂੰ ਕਹਾਣੀ ਦੀ ਤਕਨੀਕ ਤੇ ਵਿਸ਼ੇ ਚੋਣ ਲਈ ਹੋਰ ਸਖਤ ਮਿਹਨਤ ਦੀ ਲੋੜ ਹੈ। **-ਡਾ. ਹਰਿੰਦਰ ਸਿੰਘ**

## ਸੁਲਗਦੀ ਅੱਗ (ਨਾਵਲ) ਨਕਸ਼ਦੀਪ ਪੰਜਕੋਹਾ

'ਸੁਲਗਦੀ ਅੱਗ'(ਕੇ.ਜੀ.ਗ੍ਰਾਫਿਕਸ, ਅੰਮ੍ਰਿਤਸਰ, ਪੰਨੇ 112, ਮੁੱਲ 225 ਰੁਪਏ) ਨਕਸ਼ਦੀਪ ਪੰਜਕੋਹਾ ਦਾ ਨਵ-ਪ੍ਰਕਾਸ਼ਤ ਨਾਵਲ ਹੈ। ਇਸ ਤੋਂ ਪਹਿਲਾਂ ਉਹ ਪੰਜ ਨਾਵਲ ਅਤੇ ਇਕ ਕਾਵਿ-ਸੰਗ੍ਰਹਿ ਛਪਵਾ ਚੁੱਕਾ ਹੈ। 'ਸੁਲਗਦੀ ਅੱਗ' ਨਾਵਲ ਦਾ ਆਰੰਭ ਮੂਲ ਘਟਨਾਕ੍ਰਮ ਦੇ ਲੋਕੇਲ ਗੁਰਲੀਨ ਦੇ ਜੱਦੀ ਪਿੰਡ ਤੋਂ ਹੀ ਹੁੰਦਾ ਹੈ। ਨਾਵਲ ਦੇ ਆਰੰਭ ਵਿਚ ਵਾਪਰੀ ਅਤਿ ਦੁਖਦਾਇਕ ਗੈਰ ਮਾਨਵੀ ਘਟਨਾ ਉਪਰੰਤ ਗੁਰਲੀਨ ਦੇ ਸਮੁੱਚੇ ਮਾਨਸਿਕ ਪ੍ਰਭਾਵਾਂ ਵਿਚੋਂ ਉਪਜੇ ਵਿਸ਼ਾਦ ਦਾ ਬਿਰਤਾਂਤ ਹੈ। ਕੇਂਦਰੀ ਪਾਤਰ ਦੇ ਇਸ ਮਾਨਸਿਕ ਵਿਸ਼ਾਦ ਨੂੰ ਇਸ ਨਾਵਲ ਦੇ ਵਿਸ਼ਾਲ ਕੈਨਵਸ 'ਤੇ ਫੋਕਸੀਕ੍ਰਿਤ ਕੀਤਾ ਗਿਆ ਹੈ। ਕੇਂਦਰੀ ਪਾਤਰ ਗੁਰਲੀਨ ਇਸ ਵਿਸ਼ਾਦ ਨੂੰ ਸਾਰੇ ਬਿਰਤਾਂਤ ਅਧੀਨ ਹੰਢਾਉਂਦਾ ਹੈ। 'ਸੁਲਗਦੀ ਅੱਗ' ਨਾਵਲ ਮੂਲੋਂ ਹੀ ਪਾਤਰ ਪ੍ਰਧਾਨ ਨਾਵਲ ਹੈ ਜਿਸ ਵਿਚ ਸਮੁੱਚਾ ਫੋਕਸ ਏਸੇ ਗੁਰਲੀਨ ਨਾਮਕ ਪਾਤਰ ਉੱਤੇ ਹੈ। ਉਸਦੇ ਚੇਤਨੀ-ਅਵਚੇਤਨੀ ਦਵੰਦਾਂ ਰਾਹੀਂ ਮਾਨਸਿਕ ਪੀੜਾ ਅਤੇ ਦੁਸ਼ਵਾਰੀਆਂ ਨੂੰ ਚਿਤਰਿਆ ਗਿਆ ਹੈ। ਬਿਰਤਾਂਤਕਾਰ ਪਾਤਰ ਦੀ ਮੱਢਲੀ ਜਾਣ-ਪਛਾਣ ਭਾਵੇਂ ਉਸਦੀ ਆਪਣੀ ਜਾਨ ਬਚਾਉਣ ਵਾਲੀ ਘਟਨਾਤਮਕ ਕੜੀ ਰਾਹੀਂ ਕਰਵਾਉਂਦਾ ਹੈ ਪਰੰਤੂ ਬਿਰਤਾਂਤ ਅਧੀਨ ਇਸ ਪਾਤਰ ਦਾ ਵਿਕਾਸ ਇਕ ਨਿਡਰ, ਅਣਖੀ ਅਤੇ ਬਦਲਾ ਲੈਣ ਦੇ ਆਦਰਸ਼ ਨੂੰ ਪਰਣਾਏ ਪਾਤਰ ਵਜੋਂ ਹੈ। ਭਾਵੇਂ ਇਸ ਪਾਤਰ ਦੀ ਮਹੱਤਵ ਅਕਾਂਖਿਆ ਸਮੁੱਚੇ ਨਾਵਲੀ ਬਿਰਤਾਂਤ

ਦਾ ਘਟਕ ਬਣਦੀ ਹੈ ਪਰੰਤੂ ਅੰਤ ਉੱਤੇ ਪਾਤਰ ਦੁਆਰਾ ਆਪਣੇ ਚਾਚੇ ਨੂੰ ਮਾਫ ਕਰਨ ਦੇ ਪ੍ਰਤਿਕਰਮ ਵਜੋਂ ਭਾਰਮੁਕਤ ਹੋਣ ਦਾ ਆਦਰਸ਼ਵਾਦੀ ਸੰਦੇਸ਼ ਨਾਵਲ ਦੇ ਯਥਾਰਥਾਵਾਦੀ ਖਾਸੇ ਨੂੰ ਕੁਝ ਢਿੱਲਾ ਕਰਦਾ ਜਾਪਦਾ ਹੈ। ਸਮੁੱਚੇ ਬਿਰਤਾਂਤ ਅਧੀਨ ਗੁਰਲੀਨ ਇਕ ਨਮੂਨੇ ਦੇ ਪਾਤਰ ਵਜੋਂ ਪੇਸ਼ ਹੋਇਆ ਹੈ। ਬਦਲਾ ਲੈਣ ਦੀ ਮਹੱਤਵ ਅਕਾਂਖਿਆ ਸਹਿਤ ਪੂਰਵ ਨਿਰਧਾਰਤ ਮਾਪ ਦੰਡਾਂ ਅਧੀਨ ਉਹ ਇਕ ਠੋਸ ਅਤੇ ਅਬਦਲਵੀਂ ਮਾਨਸਿਕ ਹੋਂਦ ਨੂੰ ਅਗਭੂਮਿਤ ਕਰਦਾ ਹੈ। ਵਿਭਿੰਨ ਔਰਤਾਂ ਦੀ ਨੇੜਤਾ, ਉਪਭੋਗਵਾਦੀ ਕਲਚਰ, ਭੈਣ ਹਰਵੀਰ ਦਾ ਮੋਹ ਪਿਆਰ, ਜੀਜੇ ਵੱਲੋਂ ਨਵੀਂ ਸ਼ੁਰੂਆਤ ਕਰਨ ਦੀ ਤਾਕੀਦ ਅਤੇ ਬਾਹਰੀ ਸੁਹਜ-ਸੁਆਦ ਗੁਰਲੀਨ ਦੀ ਠੋਸ ਮਾਨਸਿਕਤਾ ਬਦਲਣ ਜਾਂ ਹਲੂਣਾ ਦੇਣ ਵਿਚ ਰੱਤੀ-ਭਰ ਵੀ ਅਸਰਦਾਰ ਸਾਬਤ ਨਹੀਂ ਹੋਏ। ਆਪਣੀ ਬੌਸ ਕੈਂਡਿਸ ਨਾਲ ਹੋਈ ਨੇੜਤਾ ਦੇ ਅਹਿਸਾਸ ਨੂੰ ਹੰਢਾਉਂਦਿਆਂ ਗੁਰਲੀਨ ਕੈਂਡਿਸ ਨੂੰ ਦੱਸਦਾ ਹੈ ਕਿ 'ਇੰਝ ਆਖ ਕੇ ਤੂੰ ਮੈਨੂੰ ਮੇਰੇ ਮਕਸਦ ਤੋਂ ਪਾਸੇ ਨਾ ਲੈ ਕੇ ਜਾ; ਕਦੇ ਤੇਰੀਆਂ ਗੱਲਾਂ ਤੇ ਕਦੇ ਤੇਰੇ ਸਰੀਰ ਦੀ ਖਿੱਚ, ਜਦੋਂ ਜ਼ਿਹਨ ਵਿਚ ਆਉਂਦੇ ਹਨ ਤਾਂ ਮੈਂ ਆਪਣੇ ਮਕਸਦ ਨੂੰ ਅੱਗੇ ਲੈ ਆਉਂਦਾ ਹਾਂ।' ਮੂਲ ਘਟਨਾ ਦੇ ਵਾਪਰਨ ਉਪਰੰਤ ਗੁਰਲੀਨ ਦੀ ਸਰੀਰਕ ਅਤੇ ਮਾਨਸਿਕ ਸ਼ਕਤੀ ਦਾ ਕੇਂਦਰੀ ਧੁਰਾ ਚਾਚੇ ਨੂੰ ਮਾਰ ਕੇ ਬਦਲਾ ਲੈਣ ਦਾ ਸਫਲ ਉਪਰਾਲਾ ਕਰਨਾ ਹੈ। ਪਰੰਤੂ ਉਹ ਸਹੀ ਸਮੇਂ ਅਤੇ ਮੌਕੇ ਦੀ ਤਲਾਸ਼ ਵਿਚ ਕਈ ਵਰ੍ਹੇ, ਪਰਿਵਾਰਕ ਵਿਛੋੜੇ ਅਤੇ ਉਹਨਾਂ ਦੇ ਤ੍ਰਾਸਦਿਕ ਅੰਤ ਦੀ ਦਿਲ-ਵਿਲੂੰਧਰਵੀਂ ਪੀੜ ਨੂੰ ਹੱਡੀਂ ਹੰਢਾਉਂਦਾ ਰਹਿੰਦਾ ਹੈ। ਇਸ ਸਮੇਂ ਦੌਰਾਨ ਉਹ ਤਿੜਕਦਾ ਨਹੀਂ ਸਗੋਂ ਉਸਦਾ ਨਿਸ਼ਚਾ ਹੋਰ ਵੀ ਪਕੇਰਾ ਹੋ ਜਾਂਦਾ ਹੈ। ਉਸ ਦੇ ਪੱਕੇ-ਪੀਡੇ ਨਿਸ਼ਚੇ ਵਾਲੀ ਅਬਦਲਵੀਂ ਠੋਸ ਮਾਨਸਿਕ ਹੋਂਦ ਦਾ ਅਚਨਚੇਤ ਤਰਲ ਅਤੇ ਸੰਵੇਦਨਸ਼ੀਲ ਮਾਨਸਿਕਤਾ ਵਿਚ ਬਦਲਣ ਦਾ ਯੁਗ ਪਲਟਾਵਾ ਕੁਝ ਅਕਾਸਮਿਕ ਅਤੇ ਅਯਥਾਰਥਕ ਭਾਸਦਾ ਹੈ ਪਰੰਤੂ ਇਹ ਨਾਵਲਕਾਰ ਦੀ ਮਾਫ ਕਰਨ ਦੀ ਅਪਾਰ/ਅਮੁੱਲ ਸ਼ਕਤੀ ਦੇ ਸਾਪੇਖ ਪਾਸਾਰਾਂ ਵਾਲੇ ਅਰਥ ਵਿਵੇਕ ਨੂੰ ਸਿਰਜਣ ਦਾ ਸੰਦੇਸ਼ਵਾਹਕ ਸਹਿਜੇ ਹੀ ਹੋ ਨਿਬੜਦਾ ਹੈ।

ਬਿਰਤਾਂਤ ਅਧੀਨ ਉਪਰੋਕਤ ਕੇਂਦਰੀ ਘਟਨਾ ਦੇ ਨਾਲ-ਨਾਲ ਵਿਭਿੰਨ ਉਪ-ਬਿਰਤਾਂਤਾਂ ਰਾਹੀਂ ਨਾਵਲਕਾਰ ਨੇ ਮਨੁੱਖ ਦੇ ਮਾਨਸਿਕ ਤੌਰ ਤੇ ਉਪਜਣ ਵਾਲੇ ਅੰਦਰੂਨੀ ਅਤੇ ਬਾਹਰੀ ਟਕਰਾਵਾਂ/ਤਣਾਵਾਂ ਦੀ ਸਰਵ-ਵਿਆਪਕਤਾ ਅਤੇ ਸਜੀਵਤਾ ਨੂੰ ਚਿਤਰਿਆ ਹੈ। ਗੁਰਲੀਨ ਦੀ ਬੌਸ ਕੈਂਡਿਸ ਬਾਰੇ ਗਲਪੀ ਬਿਰਤਾਂਤ ਵਿਚ ਕੈਂਡਿਸ ਦਾ ਤਲਾਕਸ਼ੁਦਾ ਪਤੀ ਐਰਿਕ ਆਪਣੇ ਬਚਪਨ ਦੀ ਸਾਥਣ ਕੈਂਡਿਸ ਨੂੰ ਮਾਨਸਿਕ ਪੱਖੋਂ ਛੱਡ ਨਹੀਂ ਸਕਿਆ । ਇਸ ਕਰਕੇ ਉਹ ਡੈਰਿਕ ਨਾਮ ਦੇ ਪਾਤਰ ਨਾਲ ਮਿਲ ਕੇ ਕੈਂਡਿਸ ਨੂੰ ਕਤਲ ਕਰਨ ਦੀ ਕੋਸ਼ਿਸ਼ ਕਰਦਾ ਹੈ। ਇਸ ਤਰ੍ਹਾਂ ਕਿਸੇ ਨਾਲ ਨਫ਼ਰਤ ਅਤੇ ਪਿਆਰ ਦੇ ਅਤਿਸ਼ਤਾ ਜਾਂ ਕੁਝ ਪ੍ਰਾਪਤ ਕਰਨ ਦੀ ਅਤਿ-ਮਹੱਤਵ ਅਕਾਂਖਿਆ ਵਜੋਂ ਉਪਜੇ ਮਨੁੱਖੀ ਕਰੋਧ ਦੇ ਕੋਝੇ ਅਤੇ ਘਿਨੌਣੇ ਬਿੰਬ ਗਲਪਿਤ ਕੀਤੇ ਗਏ ਹਨ ਜਿਹਨਾਂ ਵਿਚ ਮਹੱਤਵ ਅਕਾਂਖੀ ਪਾਤਰ ਵੱਲੋਂ ਕਤਲ ਕਰਨਾ ਇਕ ਸੁਭਾਵਕ ਕਾਰਜ ਪ੍ਰਤੀਤ ਹੁੰਦਾ ਹੈ। ਇਸੇ ਬਿਰਤਾਂਤਕ ਘਟਨਾ ਲੜੀ ਵਿਚੋਂ ਹੀ ਮੁੱਖ ਪਾਤਰ ਗੁਰਲੀਨ, ਡੈਰਿਕ ਵਰਗੇ ਪਾਤਰਾਂ ਨੂੰ ਪੈਸੇ ਦੇ ਕੇ ਕਤਲ ਕਰਵਾਉਣ ਦੀ ਤਰਕੀਬ ਘੜਦਾ ਹੈ ਕਿਉਂਕਿ ਸ਼ਰੇਆਮ ਮਾਰਨ ਦੇ ਉਹਦੀ ਭੈਣ ਬਹੁਤ ਵਿਰੁੱਧ ਸੀ। ਉਹ ਅਕਸਰ ਉਸ ਦੀ ਬਹਾਦਰੀ 'ਤੇ ਸੁਆਲ ਉਠਾਉਂਦੀ ਸੀ। 'ਇਹ ਬਹਾਦਰੀ ਕੀਹਨੂੰ ਦਿਖਵਾਉਣੀ ਐ...ਡੈਰਿਕ ਨੂੰ ਉਹ ਆਪਣੇ ਨਾਲ ਪੰਜਾਬ ਲੈ ਜਾਵੇਗਾ ਅਤੇ ਆਪਣੇ ਉੱਥੇ ਹੋਣ ਬਾਰੇ ਲੋਕਾਂ ਨੂੰ ਪਤਾ ਨਹੀਂ ਦੇਵੇਗਾ। ਇਕ ਦਿਨ ਮੌਕਾ ਦੇਖ ਕੇ ਟੱਬਰ ਖਤਮ ਕਰ ਉਹ ਤੇ ਡੈਰਿਕ ਵਾਪਸ ਅਮਰੀਕਾ ਪਰਤ ਆਉਣਗੇ।'

ਉਪਰੋਕਤ ਮਕਸਦ ਲਈ ਗੁਰਲੀਨ, ਕੱਕਰ ਬੇਲੀ ਅਤੇ ਦੇਵ ਵਰਗੇ ਪਾਤਰਾਂ ਦੇ ਸੰਪਰਕ ਵਿਚ ਆਉਂਦਾ ਹੈ। ਜਿਸ ਰਾਹੀਂ ਨਾਵਲੀ ਬਿਰਤਾਂਤ ਗੁੰਡਾਗਰਦੀ, ਫਿਰੌਤੀ ਲੈਣ ਅਤੇ ਕਤਲ ਕਰਨ ਦੇ ਅਣਦਿਖਦੇ ਮਾਰਮਿਕ ਪਾਸਾਰਾਂ ਨੂੰ ਵੀ ਚਿਤਰਦਾ ਹੈ।

ਪ੍ਰਥਮ ਪੁਰਖੀ ਬਿਰਤਾਂਤਕ ਜੁਗਤ ਅਧੀਨ ਰਚੇ ਗਏ ਇਸ ਨਾਵਲ ਵਿਚ ਬਾਹਰੀ ਲੋਕੇਲ ਅਤੇ

ਸਭਿਆਚਾਰਕ ਬਿੰਬਾਂ ਨੂੰ ਅੱਖੋਂ ਪ੍ਰੋਖੇ ਕਰਦਿਆਂ ਪਾਤਰਾਂ ਦੇ ਮਨੋਵਿਸ਼ਾਦਾਂ ਅਤੇ ਮਨੋ-ਗੁੰਝਲਾਂ ਨੂੰ ਹੀ ਫੋਕਸੀਕ੍ਰਿਤ ਕੀਤਾ ਗਿਆ ਹੈ। ਫਲਸਰੂਪ ਨਾਵਲੀ ਜਗਤ ਵਿਚ ਇਹ ਪਾਤਰ ਹਰ ਸਭਿਆਚਾਰ ਵਿਚ ਲਾਲਚ, ਬਦਲੇ ਦੀ ਭਾਵਨਾ, ਖਾਰ, ਇੱਜ਼ਤ ਅਤੇ ਅਣਖ ਵਰਗੀਆਂ ਮਨੁੱਖੀ ਪ੍ਰਵਿਰਤੀਆਂ ਦੇ ਲਖਾਇਕ ਬਣਦੇ ਹਨ। **-ਡਾ. ਰਾਜਵੰਤ ਕੌਰ**

## ਉਪਰੇਸ਼ਨ ਬਲਿਊਸਟਾਰ 84 (ਵਾਰਤਕ) ਨ੍ਰਿਪਇੰਦਰ ਰਤਨ

ਇਕ ਉੱਚ ਅਧਿਕਾਰੀ ਹੋਣ ਦੇ ਨਾਲ ਨਾਲ ਜਾਣੇ ਪਛਾਣੇ ਪੰਜਾਬੀ ਲੇਖਕ ਨ੍ਰਿਪਇੰਦਰ ਰਤਨ ਦੀ ਪੰਜਾਬ ਦੇ ਇਕ ਵੱਡੇ ਇਤਿਹਾਸਕ ਦੁਖਾਂਤ ਬਾਰੇ ਹੱਥਲੀ ਪੁਸਤਕ ( ਉਪਰੇਸ਼ਨ ਬਲਿਊ ਸਟਾਰ- 84, ਪੰਨੇ 288, ਮੁੱਲ 395 ਰੁਪਏ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ) ਕਾਫੀ ਪਛੜਕੇ ਛਪੀ ਹੈ। ਪੁਸਤਕ ਦੇ ਦੇਰ ਨਾਲ ਛਪਣ ਬਾਰੇ ਲੇਖਕ ਵੱਲੋਂ ਗਿਣਾਏ ਕਾਰਨ ਭਾਵੇਂ ਬਹੁਤੇ ਤਸੱਲੀਬਖਸ਼ ਨਹੀਂ, ਤਦ ਵੀ ਪਛੇਤੇ ਪ੍ਰਕਾਸ਼ਨ ਨਾਲ ਇਸ ਪੁਸਤਕ ਦਾ ਮਹੱਤਵ ਘਟ ਨਹੀਂ ਜਾਂਦਾ। ਕਾਰਨ ਇਹ ਹੈ ਕਿ ਇਹ ਪੁਸਤਕ ਬਿਲਕੁਲ ਵੱਖਰੇ ਜ਼ਾਵੀਏ ਤੋਂ ਲਿਖੀ ਗਈ ਹੈ, ਇਕ ਪ੍ਰਸ਼ਾਸਨਕ ਅਧਿਕਾਰੀ ਦੇ ਅਨੁਭਵ ਦੇ ਬਿਰਤਾਂਤ ਵਜੋਂ, ਜਿਸਦਾ ਸਾਕਾ ਨੀਲਾ ਤਾਰਾ ਦੇ ਵਾਪਰਨ ਦੀ ਪ੍ਰਕਿਰਿਆ ਵਿਚ ਤਾਂ ਕੋਈ ਦਖਲ ਨਹੀਂ ਸੀ ਪਰ ਜੋ ਹੋਈ ਵਾਪਰੀ ਦਾ ਚਸ਼ਮ ਦੀਦ ਗਵਾਹ ਅਵੱਸ਼ ਸੀ।

2 ਜੂਨ 1984 ਦੀ ਸ਼ਾਮ ਨੂੰ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਦੂਰਦਰਸ਼ਨ ਅਤੇ ਆਕਾਸ਼ਵਣੀ ਉੱਤੇ 'ਰਾਸ਼ਟਰੀ ਪ੍ਰਸਾਰਣ' ਸਮੇਂ, ਜਿਸ ਵਿਚ ਪੇਂਡੂ ਇਲਾਕਿਆਂ ਸਮੇਤ ਸਮੁੱਚੇ ਪੰਜਾਬ ਵਿਚ ਕਰਫਿਊ ਲਾਉਣ ਅਤੇ ਫੌਜ ਤਾਇਨਾਤ ਕਰਨ ਦਾ ਐਲਾਨ ਕੀਤਾ ਗਿਆ ਸੀ, ਨ੍ਰਿਪਇੰਦਰ ਰਤਨ ਜਲੰਧਰ ਡਿਵਿਯਨ ਦੇ ਕਮਿਸ਼ਨਰ (ਅਪੀਲ) ਵਜੋਂ ਨਿਯੁਕਤ ਸੀ, ਜਿਸਦਾ ਅਮਨ ਕਾਨੂੰਨ ਦੇ ਪ੍ਰਸ਼ਾਸਕੀ ਮਾਮਲਿਆਂ ਨਾਲ ਸਿੱਧਾ ਸੰਬੰਧ ਨਹੀਂ ਹੁੰਦਾ। ਕਮਿਸ਼ਨਰ ਦਨੇਸ਼ ਚੰਦਰ ਦੇ ਛੁੱਟੀ ਚਲੇ ਜਾਣ ਕਰਕੇ ਰਤਨ ਨੂੰ 3 ਜੂਨ ਨੂੰ ਹੀ ਜਲੰਧਰ ਡਿਵਿਯਨ ਦਾ ਕਾਰਜਾਰੀ ਕਮਿਸ਼ਨਰ ਬਣਾਇਆ ਗਿਆ ਜਿਸਦੇ ਅਧੀਨ ਜਲੰਧਰ, ਅੰਮ੍ਰਿਤਸਰ, ਹੁਸ਼ਿਆਰਪੁਰ ਅਤੇ ਕਪੂਰਥਲਾ ਦੇ ਜ਼ਿਲ੍ਹੇ ਆਉਂਦੇ ਸਨ। ਉਸ ਵੱਲੋਂ ਇਸ ਪਦ ਦਾ ਕਾਰਜ-ਭਾਰ ਸੰਭਾਲਣ ਤਕ ਭਾਵੇਂ ਸਭ ਥਾਈਂ ਸੈਨਾ ਆਪਣਾ ਅਧਿਕਾਰ ਜਮਾ ਚੁੱਕੀ ਸੀ, ਤਦ ਵੀ ਉਪਰੋਂ ਆਏ ਹੁਕਮਾਂ ਅਨੁਸਾਰ ਸਿਵਲ ਪ੍ਰਸ਼ਾਸਨਕ ਅਧਿਕਾਰੀ ਇਕ ਤਰ੍ਹਾਂ ਸੈਨਾ ਅਧੀਨ ਕੰਮ-ਕਾਰ ਕਰਨ ਲਈ ਆਪਣੇ ਪਦਾਂ ਉੱਤੇ ਬਦਸਤੂਰ ਕਾਇਮ ਸਨ। ਰਤਨ ਵੀ ਡਿਪਟੀ ਕਮਿਸ਼ਨਰ ਜਲੰਧਰ, ਪੰਜਾਬ ਪੁਲਸ ਦੇ ਡੀ.ਆਈ.ਜੀ ਤੋਂ ਬਿਨਾਂ ਪੀ.ਏ.ਪੀ., ਸੀ.ਆਰ.ਪੀ ਅਤੇ ਬੀ. ਐੱਸ.ਐੱਫ ਦੇ ਉੱਚ ਅਧਿਕਾਰੀਆਂ ਸਮੇਤ ਡਿਵਿਯਨਲ ਕਮਿਸ਼ਨਰ ਵਜੋਂ 3 ਜੂਨ ਨੂੰ ਜਿਸ ਪਹਿਲੀ ਮੀਟਿੰਗ ਵਿਚ ਸ਼ਾਮਲ ਹੋਇਆ, ਉਹ ਸੈਨਿਕ ਅਧਿਕਾਰੀਆਂ ਨੇ ਹੀ ਬੁਲਾਈ ਸੀ ਅਤੇ ਉਸਦੀ ਪ੍ਰਧਾਨਗੀ ਵੀ ਯਾਰਵੀਂ ਕੋਰ ਦੇ ਮੁਖੀ ਲੈਫਟੀਨੈਂਟ ਜਨਰਲ ਗੌਰੀ ਸ਼ੰਕਰ ਨੇ ਕੀਤੀ ਸੀ। ਉਸ ਦਿਨ ਹੀ ਕਮਿਸ਼ਨਰ ਵਜੋਂ ਰਤਨ ਨੂੰ ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਵੱਲੋਂ ਆਏ ਇਕ ਰੇਡੀਉ ਸੰਦੇਸ਼ ਬਾਰੇ ਦੱਸਿਆ ਗਿਆ ਜਿਸ ਅਨੁਸਾਰ ਫੋਜ ਦੇ ਹੁਕਮਾਂ ਨਾਲ ਖੁਦ ਡਿਪਟੀ ਕਮਿਸ਼ਨਰ ਸਮੇਤ ਹੋਰ ਸਭ ਸਥਾਨਕ ਸਿਵਲ ਅਧਿਕਾਰੀਆਂ ਦੇ ਫੋਨ ਕੱਟ ਦਿੱਤੇ ਗਏ ਸਨ, ਜਿਸ ਬਾਰੇ ਪੁੱਛੇ ਜਾਣ 'ਤੇ ਉੱਥੋਂ ਦੇ ਫੋਜੀ ਹੈਡਕੁਆਰਟਰ ਵੱਲੋਂ ਕੁਝ ਵੀ ਦੱਸਿਆ ਨਹੀਂ ਸੀ ਜਾ ਰਿਹਾ। ਗੱਲ ਕੀ ਅੰਮ੍ਰਿਤਸਰ ਮੁਕੰਮਲ ਤੌਰ 'ਤੇ ਸੈਨਾ ਵੱਲੋਂ ਕਬਜ਼ੇ ਵਿਚ ਕਰ ਲਿਆ ਗਿਆ ਸੀ ਅਤੇ 3 ਜੂਨ ਤਕ ਸੈਨਾ ਨੇ ਦਰਬਾਰ ਸਾਹਿਬ ਅੰਮ੍ਰਿਤਸਰ ਦੀ ਘੇਰਾਬੰਦੀ ਕਰ ਲਈ ਸੀ।

ਭਿੰਡਰਾਂਵਾਲੇ ਅਤੇ ਉਸ ਦੇ ਪੈਰੋਕਾਰ ਅਤਿਵਾਦੀਆਂ ਤੋਂ ਹਰਿਮੰਦਰ ਸਾਹਿਬ ਨੂੰ ਮੁਕਤ

ਕਰਾਉਣ ਦੇ ਕਥਿਤ ਉਦੇਸ਼ ਕੀਤੀ ਜਾ ਰਹੀ ਫੌਜੀ ਕਾਰਵਾਈ ਤੋਂ ਉਤਪੰਨ ਹਾਲਾਤ ਦੇ ਪ੍ਰਸੰਗ ਵਿਚ ਰਤਨ ਨੂੰ ਪੰਜਾਬ ਸਰਕਾਰ ਵੱਲੋਂ ਆਪਣਾ ਹੈੱਡਕੁਆਟਰ ਅੰਮ੍ਰਿਤਸਰ ਬਣਾਉਣ ਲਈ ਕਿਹਾ ਗਿਆ, ਜਿਸ ਕਰਕੇ ਉਹ 8 ਜੂਨ ਤੋਂ 18 ਜੂਨ ਤਕ ਅੰਮ੍ਰਿਤਸਰ ਦੇ ਸਰਕਟ ਹਾਊਸ ਵਿਚ ਰਿਹਾ। 8 ਜੂਨ ਦੀ ਸਵੇਰ ਨੂੰ ਸੈਨਾ ਦੀ ਐਸਕੋਰਟ ਟੀਮ ਨਾਲ ਡਿਵਿਜ਼ਨਲ ਕਮਿਸ਼ਨਰ ਦੀ ਹੈਸੀਅਤ ਵਿਚ ਜਲੰਧਰ ਤੋਂ ਅੰਮ੍ਰਿਤਸਰ ਜਾਂਦਿਆਂ ਖੁਦ ਉਸ ਨੂੰ ਥਾਂ ਥਾਂ ਸੈਨਿਕ ਚੈੱਕ ਪੋਸਟਾਂ ਦੀ ਪੁੱਛ ਪੜਤਾਲ ਵਿਚੋਂ ਦੀ ਲੰਘਣਾ ਪਿਆ ਸੀ।

ਇਸ ਦੌਰਾਨ ਸੈਨਾ ਟੈਂਕਾਂ ਤੇ ਤੋਪਾਂ ਸਮੇਤ 5 ਜੂਨ ਸ਼ਾਮ ਨੂੰ ਹਰਿਮੰਦਰ ਸਾਹਿਬ ਕੰਪਲੈਕਸ ਅੰਦਰ ਦਾਖਲ ਹੋ ਕੇ 7 ਜੂਨ ਸਵੇਰ ਤਕ ਆਪਣੀ ਕਾਰਵਾਈ ਲਗਪਗ ਨੇਪਰੇ ਚਾੜ੍ਹ ਚੁੱਕੀ ਸੀ। ਅਤਿਵਾਦੀਆਂ ਨਾਲ ਗਹਿਗੱਚ ਲੜਾਈ ਵਿਚ ਭਿੰਡਰਾਂਵਾਲੇ ਸਮੇਤ ਕੰਪਲੈਕਸ ਅੰਦਰ ਘੁਸੇ ਅਤਿਵਾਦੀ ਮਾਰੇ ਜਾ ਚੁੱਕੇ ਸਨ, ਲੜਾਈ ਵਿਚ ਫੌਜੀਆਂ ਦਾ ਵੀ ਬਹੁਤ ਸਾਰਾ ਨੁਕਸਾਨ ਹੋਇਆ ਸੀ, ਅਕਾਲ ਤਖਤ ਦੇ ਢਹਿ ਢੇਰੀ ਹੋ ਜਾਣ ਸਮੇਤ ਹਰਿਮੰਦਰ ਸਾਹਿਬ ਪਰਿਸਰ ਦੀਆਂ ਹੋਰ ਬਹੁਤ ਸਾਰੀਆਂ ਇਮਾਰਤਾਂ ਨੂੰ ਵੀ ਭਾਰੀ ਨੁਕਸਾਨ ਪੁੱਜਾ ਸੀ ਅਤੇ ਦਰਬਾਰ ਸਾਹਿਬ ਦੇ ਆਲੇ ਦੁਆਲੇ ਦੇ ਬਹੁਤ ਸਾਰੇ ਮਕਾਨ ਤੇ ਦੁਕਾਨਾਂ ਮਲਬੇ ਦੇ ਢੇਰ ਹੋ ਚੁੱਕੇ ਸਨ।

ਰਤਨ ਦੀ ਪੁਸਤਕ ਵਾਸਤਵ ਵਿਚ ਇਹਨਾਂ ਦਸ ਦਿਨਾਂ ਦੀ ਡਾਇਰੀ ਹੈ ਜਿਸ ਵਿਚ ਉਸ ਨੇ ਮੁਖ ਤੌਰ 'ਤੇ ਸਾਕਾ ਨੀਲਾ ਤਾਰਾ ਦੇ ਨਾਮਕਰਨ ਵਾਲੀ ਫੌਜੀ ਕਾਰਵਾਈ ਦੇ ਲੋਕ ਜੀਵਨ ਅਤੇ ਲੋਕ ਮਾਨਸਿਕਤਾ ਉੱਤੇ ਪਏ ਫੌਰੀ ਪ੍ਰਭਾਵ ਦਾ ਚਿੱਤਰ ਉਭਾਰਿਆ ਹੈ। ਉਪਰੰਤ ਇਹ ਪੁਸਤਕ ਉਸ ਸਮੇਂ ਦੇ ਸਿਵਲ ਤੇ ਸੈਨਿਕ ਪ੍ਰਸ਼ਾਸਨ ਦੇ ਕੰਮ-ਕਾਰ ਦੀ ਅੰਦਰੂਨੀ ਸਥਿਤੀ ਅਤੇ ਉਹਨਾਂ ਦੇ ਆਪਸੀ ਟਕਰਾਅ ਤੇ ਵਿਰੋਧ ਵਾਲੇ ਅਸੁਖਾਵੇਂ ਸੰਬੰਧਾਂ ਦੀ ਤਸਵੀਰ ਸਾਹਮਣੇ ਲਿਆਉਂਦੀ ਹੈ।

ਬਲਿਊ ਸਟਾਰ ਉਪਰੇਸ਼ਨ ਬਾਰੇ ਲਿਖੀਆਂ ਗਈਆਂ ਬਾਕੀ ਪੁਸਤਕਾਂ ਨਾਲੋਂ ਰਤਨ ਦੀ ਪੁਸਤਕ ਦਾ ਵੱਡਾ ਵਖਰੇਵਾਂ ਹੀ ਇਹ ਹੈ ਕਿ ਇਸ ਵਿਚ ਉਹਨਾਂ ਰਾਜਸੀ ਮੁੱਦਿਆਂ ਦੀ ਗੱਲ ਨਹੀਂ ਛੋਹੀ ਗਈ ਜੋ ਪੰਜਾਬ ਦੇ ਇਸ ਵੱਡੇ ਦੁਖਾਂਤ ਦਾ ਕਾਰਨ ਬਣੇ। ਉਪਰੇਸ਼ਨ ਬਲਿਊ ਸਟਾਰ ਮਹਿਜ਼ ਚਾਰ ਦਿਨਾਂ ਦੇ ਦੁਖਾਂਤਕ ਘਟਨਾ ਕ੍ਰਮ ਤਕ ਸੀਮਤ ਨਹੀਂ ਸੀ। ਇਸ ਤੋਂ ਪਹਿਲਾਂ ਅਤੇ ਪਿੱਛੋਂ ਵੀ ਬਹੁਤ ਕੁਝ ਵਾਪਰਿਆ ਜਿਸ ਨੂੰ ਚੁਰਾਸੀ ਦੇ ਆਰ ਪਾਰ ਦੋ ਦਹਾਕਿਆਂ ਤਕ ਫੈਲੇ ਪੰਜਾਬ ਸੰਤਾਪ ਦੇ ਵਰਤਾਰੇ ਦਾ ਬਹੁਤ ਵੱਡਾ ਦੁਖਾਂਤਕ ਬਿਰਤਾਂਤ ਸਿਰਜਿਆ ਹੈ। ਬਲਿਊ ਸਟਾਰ ਉਪਰੇਸ਼ਨ ਦੀ ਕੋਈ ਵੀ ਵਾਰਤਾ ਇਸਦੇ ਪੁਲੀਟੀਕਲ ਆਧਾਰਾਂ ਤੇ ਪਾਸਾਰਾਂ ਦੇ ਬਿਆਨ ਤੋਂ ਬਿਨਾਂ ਅਸਲੋਂ ਅਸਲੀ ਅਧੂਰੀ ਹੀ ਰਹਿੰਦੀ ਹੈ। ਨ੍ਰਿਪਇੰਦਰ ਰਤਨ ਨੇ ਇਸ ਪਾਸੇ ਨਾ ਜਾ ਕੇ ਇਕ ਤਰ੍ਹਾਂ ਨਾਲ ਆਪਣੀ ਰਚਨਾ ਨੂੰ ਇਸਦੇ ਬਣਦੇ ਮਹੱਤਵ ਤੋਂ ਉਰੇ ਰਹਿ ਜਾਣ ਦਾ ਭਾਗੀ ਬਣਾ ਦਿੱਤਾ ਹੈ।

ਅਜਿਹੀ ਗੱਲ ਨਹੀਂ ਕਿ ਰਤਨ ਨੂੰ ਇਸ ਦੁਖਾਂਤ ਦੀ ਸੋਝੀ ਨਾ ਹੋਵੇ ਜਾਂ ਇਸ ਨਾਲ ਜੁੜੇ ਸਿਆਸੀ ਸਰੋਕਾਰਾਂ ਵਿਚ ਉਸਦੀ ਕੋਈ ਦਿਚਸਪੀ ਨਾ ਹੋਵੇ। ਹੋਰਨਾਂ ਸੁਜੱਗ ਤੇ ਫਿਕਰਮੰਦ ਲੋਕਾਂ ਵਾਂਗ ਉਹ ਉਸ ਸਾਰੇ ਵਰਤਾਰੇ ਤੋਂ ਜਾਣੂੰ ਹੈ ਜਿਸਨੇ ਭਿੰਡਰਾਂਵਾਲੇ ਨੂੰ ਉਸਦੀ ਧਾਰਮਿਕ ਦਿੱਖ ਨਾਲ ਸਿੱਖ ਜਗਤ ਅਤੇ ਪੰਜਾਬ ਪ੍ਰਦੇਸ਼ ਤੋਂ ਵੀ ਅਗਾਂਹ ਸਮੁੱਚੇ ਦੇਸ਼ ਦੇ ਸਿਆਸੀ ਮੰਚ ਉੱਤੇ ਇਕ ਸ਼ਕਤੀਸ਼ਾਲੀ ਸ਼ਖਸੀਅਤ ਵਜੋਂ ਸਥਾਪਤ ਕਰ ਦਿੱਤਾ ਸੀ। ਪਰ ਲੇਖਕ ਦਾ ਫੋਕਸ ਇਹ ਸਭ ਕੁਝ ਦਰਸਾਉਣ ਦੀ ਬਜਾਏ ਸਿਰਫ ਉਹਨਾਂ ਇਤਿਹਾਸਕ ਦਸ ਦਿਨਾਂ ਦੀਆਂ ਘਟਨਾਵਾਂ ਦਾ ਵੇਰਵਾ ਦੇਣ ਉੱਤੇ ਹੀ ਹੈ। 8 ਤੋਂ 18 ਜੂਨ ਤਕ ਦੇ ਘਟਨਾਕ੍ਰਮ ਦੇ ਮੁਖ ਡਾਇਰੀਨੁਮਾ ਬਿਰਤਾਂਤ ਤੋਂ ਉਪਰੰਤ ਪੁਸਤਕ ਵਿਚ ਉਪਰੇਸ਼ਨ ਬਲਿਊ ਸਟਾਰ ਨਾਲ ਹੀ ਜੁੜੇ ਛੋਟੇ ਛੋਟੇ ਕੁਝ ਲੇਖ ਮੌਜੂਦ ਹਨ ਜਿਨ੍ਹਾਂ ਵਿਚ ਰਤਨ ਨੇ ਵੱਖ ਵੱਖ ਮੁੱਦਿਆਂ 'ਤੇ ਸਿਆਸੀ ਨੌਈਅਤ ਦੀ ਆਪਣੀ ਰਾਇ ਦਿੱਤੀ ਹੈ। ਮਿਸਾਲ ਵਜੋਂ ਉਹ ਭਿੰਡਰਾਂਵਾਲੇ ਦਾ ਕੋਈ ਪ੍ਰਸ਼ੰਸਕ ਨਹੀਂ। ਸੈਨਿਕ ਕਾਰਵਾਈ ਨੂੰ ਉਹ ਇਸ ਹੱਦ

ਤਕ ਠੀਕ ਸਮਝਦਾ ਹੈ ਕਿ ਜੇ ਇਉਂ ਨਾ ਹੁੰਦਾ ਤਾਂ ਅਵੱਸ਼ ਹਾਲਾਤ ਹੋਰ ਜ਼ਿਆਦਾ ਵਿਗੜਨੇ ਸਨ ਅਤੇ ਹਜ਼ਾਰਾਂ ਦੀ ਗਿਣਤੀ ਵਿਚ ਕਿੰਨੀਆਂ ਹੀ ਹੋਰ ਜਾਨਾਂ ਜਾ ਸਕਦੀਆਂ ਸਨ। ਸਿੱਖ ਪਰਿਵਾਰ ਵਿਚੋਂ ਆਈ ਆਪਣੀ ਨੂੰਹ ਮੇਨਕਾ ਨਾਲ ਇੰਦਰਾ ਗਾਂਧੀ ਦਾ ਵਿਗਾੜ ਵੀ ਸ਼ਾਇਦ ਇਸ ਦੁਖਾਂਤ ਦੇ ਕਾਰਕਾਂ ਵਿਚੋਂ ਇਕ ਹੋਵੇ, ਆਦਿ। ਪਰ ਇਸ ਤਰ੍ਹਾਂ ਦੀਆਂ ਫੁਟਕਲ ਟਿੱਪਣੀਆਂ ਨਾਲ ਵੱਡੇ ਫੋਕਸ ਵਾਲੇ ਇਸ ਧਾਰਮਿਕ-ਰਾਜਨੀਤਕ ਵਰਤਾਰੇ ਦੀ ਪੂਰੀ ਤਸਵੀਰ ਉਘੜਨੀ ਸੰਭਵ ਨਹੀਂ।

8 ਜੂਨ ਨੂੰ ਅੰਮ੍ਰਿਤਸਰ ਪਹੁੰਚਣ ਤੋਂ ਮਗਰੋਂ ਦਰਬਾਰ ਸਾਹਿਬ ਨੂੰ ਸਭ ਤੋਂ ਪਹਿਲਾਂ ਵੇਖਣ ਵਾਲੀ ਪੰਜਾਬ ਸਰਕਾਰ ਦੇ ਮੁੱਖ ਸਕੱਤਰ, ਆਈ. ਜੀ. ਪੁਲਸ ਅਤੇ ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਸਮੇਤ ਉੱਚ ਸਿਵਲ ਅਧਿਕਾਰੀਆਂ ਦੀ ਟੀਮ ਵਿਚ ਨ੍ਰਿਪਇੰਦਰ ਰਤਨ ਸ਼ਾਮਲ ਸੀ। ਦਰਬਾਰ ਸਾਹਿਬ ਦੇ ਬਾਹਰ ਹੀ ਉਹਨਾਂ ਨੇ ਵੇਖਿਆ ਕਿ ਮਨੁੱਖੀ ਲਾਸ਼ਾਂ ਨੂੰ ਕੂੜੇ ਦੇ ਢੇਰ ਵਾਂਗ ਟਰਾਲੀਆਂ ਵਿਚ ਲੱਦਿਆ ਜਾ ਰਿਹਾ ਸੀ। ਘੰਟਾ ਘਰ ਦੀ ਡਿਉਢੀ ਤੋਂ ਅੰਦਰ ਵੇਖਿਆਂ ਸ਼ਮਸ਼ਾਨ ਦਾ ਦ੍ਰਿਸ਼ ਨਜ਼ਰ ਆਉਂਦਾ ਸੀ ਜਿੱਥੇ ਚੁਫੇਰੇ ਲਾਸ਼ਾਂ ਹੀ ਲਾਸ਼ਾਂ ਸਨ। ਸਰੋਵਰ ਵਿਚ ਵੀ ਲਾਸ਼ਾਂ ਤੈਰ ਰਹੀਆਂ ਸਨ। ਘੰਟਾ ਘਰ ਵਾਲੇ ਪਾਸੇ ਤੋਂ ਸੱਜੇ ਬੰਨਿਉਂ ਹਰਿਮੰਦਰ ਸਾਹਿਬ ਵੱਲ ਜਾਣ 'ਤੇ ਸਰੋਵਰ ਦੇ ਨਾਲ ਪਰਿਕਰਮਾ ਵਿਚ ਲਾਸ਼ਾਂ ਇਸ ਕਦਰ ਵਿਛੀਆਂ ਹੋਈਆਂ ਸਨ ਕਿ ਉਹਨਾਂ ਉੱਤੇ ਪੈਰ ਧਰਨ ਤੋਂ ਬਚ ਕੇ ਅਗਾਂਹ ਵਧਣਾ ਬਹੁਤ ਮੁਸ਼ਕਿਲ ਸੀ। ਅਫਸਰਾਂ ਦੀ ਇਸ ਟੀਮ ਦੇ ਸਾਰੇ ਮੈਂਬਰ ਢੱਠੇ ਹੋਏ ਅਕਾਲ ਤਖਤ ਅਤੇ ਹਰਿਮੰਦਰ ਸਾਹਿਬ ਦੀ ਦਰਸ਼ਨੀ ਡਿਉਢੀ ਤਕ ਹੀ ਜਾ ਸਕੇ, ਜਿੱਥੋਂ ਤਕ ਪਹੁੰਚਦਿਆਂ ਉਹਨਾਂ ਪਰਿਕਰਮਾ ਅੰਦਰਲੇ ਕਮਰਿਆਂ ਉੱਤੇ ਅਤਿਵਾਦੀਆਂ ਦੇ ਕਬਜ਼ੇ ਅਤੇ ਅੰਦਰ ਉਹਨਾਂ ਦੀ ਹਥਿਆਰਬੰਦੀ ਅਤੇ ਲੜਾਈ ਦੀ ਤਿਆਰੀ ਦੇ ਨਿਸ਼ਾਨ ਵੇਖੇ। ਇਹ ਪੁੱਛੇ ਜਾਣ 'ਤੇ ਕਿ ਅੰਦਰ 'ਏਨਾ ਕੁਝ ਹੁੰਦਾ ਰਿਹਾ, ਹਥਿਆਰ ਆਏ, ਕਿਲੇਬੰਦੀ ਹੁੰਦੀ ਰਹੀ, ਕਿਸੇ ਨੇ ਰੋਕਿਆ ਨਾ?' ਦੇ ਉੱਤਰ ਵਿਚ ਦਰਸ਼ਨੀ ਡਿਉਢੀ ਦੇ ਬਾਹਰ ਹਰਿਮੰਦਰ ਸਾਹਿਬ ਦੇ ਗ੍ਰੰਥੀ ਸਾਹਿਬ ਸਿੰਘ ਨੇ ਕਿਹਾ ਸੀ ਕਿ 'ਜੁਰਅਤ ਕਿਸਦੀ ਸੀ ਕੁਝ ਬੋਲਣ ਦੀ...ਮਰਨਾ ਸੀ ਕਿਸੇ ਨੇ ਕੁਝ ਕਹਿ ਕੇ ਜਾਂ ਰੋਕ ਕੇ।' ਫੌਜੀ ਅਧਿਕਾਰੀ ਨੇ ਉਹਨਾਂ ਨੂੰ ਅਗਾਂਹ ਜਾਣ ਤੋਂ ਰੋਕਿਆ ਕਿ ਭੋਰਿਆਂ ਵਿਚ ਲੁਕੇ ਅਤੇ ਸੈਨਿਕ ਕਾਰਵਾਈ ਤੋਂ ਬਚੇ ਹੋਏ ਇੱਕੜ ਦੁੱਕੜ ਅਤਿਵਾਦੀ ਹਾਲੇ ਵੀ ਸਰਗਰਮ ਹਨ, ਇਸ ਲਈ ਹੋਰ ਅਗਾਂਹ ਜਾਣ ਵਿਚ ਖਤਰਾ ਹੈ।

ਏਸੇ ਸ਼ਾਮ ਨੂੰ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਦੇ ਆਉਣ 'ਤੇ ਰਤਨ ਨੂੰ ਦੁਬਾਰਾ ਦਰਬਾਰ ਸਾਹਿਬ ਆਉਣਾ ਪਿਆ। ਉਦੋਂ ਤਕ ਸੈਨਾ ਨੇ ਲਾਸ਼ਾਂ ਚੁਕਵਾ ਕੇ ਪਰਿਕਰਮਾ ਨੂੰ ਡੁਲ੍ਹੇ ਹੋਏ ਖ਼ੂਨ ਤੋਂ ਸਾਫ ਕਰਵਾ ਦਿੱਤਾ ਸੀ। ਗਿਆਨੀ ਜ਼ੈਲ ਸਿੰਘ ਦੀ ਯਾਤਰਾ ਦੌਰਾਨ ਹੀ ਪਰਿਕਰਮਾ ਦੇ ਇਕ ਪਾਸਿਉਂ ਗੋਲੀ ਚੱਲੀ ਜਿਸ ਬਾਰੇ ਦੱਸਿਆ ਗਿਆ ਕਿ ਇਹ ਫੌਜ ਵੱਲੋਂ ਹੀ ਇਸ ਵੀ.ਆਈ.ਪੀ. ਟੋਲੀ ਨੂੰ ਸੁਰੱਖਿਆ ਪ੍ਰਦਾਨ ਕਰਨ ਵਜੋਂ ਚਲਾਈ ਗਈ ਸੀ। ਰਤਨ ਇਹ ਸੰਕੇਤ ਦਿੰਦਾ ਹੈ ਕਿ ਉਸ ਸਮੇਂ ਰਾਸ਼ਰਪਤੀ ਦੀ ਟੀਮ ਦੇ ਸਿੱਖ ਮੈਂਬਰ ਸਭ ਕੁਝ ਵੇਖਕੇ ਦਿਲਗੀਰ ਸਨ ਪਰ ਜ਼ੈਲ ਸਿੰਘ ਨੇ ਅਜਿਹਾ ਕੋਈ ਪ੍ਰਭਾਵ ਨਾ ਦਿੱਤਾ ਕਿ ਸਿੱਖ ਹਿਰਦਿਆਂ ਦੇ ਵਲੂੰਦਰੇ ਜਾਣ ਦੇ ਪ੍ਰਤੀਕਰਮ ਵਜੋਂ ਉਹ ਰਾਸਟਰਪਤੀ ਦੇ ਪਦ ਤੋਂ ਅਸਤੀਫਾ ਦੇ ਸਕਦਾ ਹੈ।

ਬਲਿਊ ਸਟਾਰ ਉਪਰੇਸ਼ਨ ਵਿਚ ਸੈਨਾ ਦੀ ਅਗਵਾਈ ਕਰਨ ਵਾਲੇ ਮੇਜਰ ਜਨਰਲ ਕੇ. ਐੱਸ.ਬਰਾੜ ਸਮੇਤ ਅਨੇਕਾਂ ਅਫਸਰ ਤੇ ਜੁਆਨ ਸਿੱਖ ਸਨ। ਸੈਨਾ ਦੇ ਡਸਿਪਲਨ ਅਨੁਸਾਰ ਉਹ ਆਪਣੇ ਤੋਂ ਉਪਰਲੀ ਕਮਾਂਡ ਦੇ ਹੁਕਮਾਂ ਦੀ ਪਾਲਣਾ ਕਰ ਰਹੇ ਸਨ। ਜਨਰਲ ਬਰਾੜ, ਜੋ ਛੁੱਟੀ ਮਨਜ਼ੂਰ ਕਰਵਾ ਕੇ ਆਪਣੇ ਹਨੀਮੂਨ 'ਤੇ ਬਦੇਸ਼ ਜਾਣ ਲਈ ਤਿਆਰੀ ਵਿਚ ਸੀ, ਨੂੰ ਤਾਂ ਉਪਰੇਸ਼ਨ ਤੋਂ ਸਿਰਫ ਕੁਝ ਦਿਨ ਪਹਿਲਾਂ ਹੀ ਉਸਦੇ ਹੈੱਡਕੁਆਰਟਰ ਮੇਰਠ ਤੋਂ ਚੰਡੀ ਮੰਦਰ ਬੁਲਾ ਕੇ ਤੁਰੰਤ ਅੰਮ੍ਰਿਤਸਰ ਜਾਣ ਅਤੇ ਲੋੜੀਂਦੀ ਵਿਉਂਤਬੰਦੀ ਕਰਨ ਦਾ ਹੁਕਮ ਦਿੱਤਾ ਗਿਆ ਸੀ। ਉਹਨਾਂ

ਸਭਨਾਂ ਫੌਜੀਆਂ ਨੂੰ ਅਜਿਹੀ ਕਾਰਵਾਈ ਦੇ ਹਿੱਸੇਦਾਰ ਹੋਣ ਦੀ ਕੋਈ ਖੁਸ਼ੀ ਨਹੀਂ ਸੀ ਹੋ ਸਕਦੀ। ਪਰ ਫੌਜ ਦਾ ਡਸਿਪਲਿਨ ਹੁਕਮ ਮੰਨਣ ਦੇ ਮਾਮਲੇ ਵਿਚ ਕਿਸੇ ਤਰ੍ਹਾਂ ਦੀ ਹਿਚਕਚਾਹਟ ਦੇ ਪ੍ਰਗਟਾਅ ਦੀ ਇਜਾਜ਼ਤ ਨਹੀਂ ਦਿੰਦਾ। ਰਤਨ ਨੇ ਅਫਸਰਾਂ ਦੀ ਟੀਮ ਨਾਲ ਪਹਿਲੀ ਵਾਰ ਦਰਬਾਰ ਸਾਹਿਬ ਅੰਦਰ ਗਿਆਂ ਤੋਸ਼ਾਖਾਨੇ ਦੀ ਨਿਗਰਾਨੀ ਕਰਦੇ ਇਕ ਸਿੱਖ ਫੌਜੀ ਜਵਾਨ ਨੂੰ ਜਿਸ ਤਰ੍ਹਾਂ ਉਦਾਸੀ ਦੀ ਅਵਸਥਾ ਵਿਚ ਖਾਮੋਸ਼ ਤੇ ਨਿੰਮੋਝੂਣ ਵੇਖਿਆ ਸੀ, ਉਸ ਤੋਂ ਸਿੱਖ ਫੌਜੀਆਂ ਦੀ ਮਾਨਸਿਕਤਾ ਨੂੰ ਲੱਗੀ ਠੇਸ ਦਾ ਸਹਿਜੇ ਹੀ ਅਨੁਭਵ ਹੁੰਦਾ ਸੀ। ਰਤਨ ਇਹ ਵਿਚਾਰ ਪੁਸ਼ਟ ਕਰਦਾ ਪ੍ਰਤੀਤ ਹੁੰਦਾ ਕਿ ਸਿੱਖ ਜਰਨੈਲ ਸਿੱਖਾਂ ਦੇ ਤਕੜੇ ਹਿੱਸੇ ਵਾਂਗ ਭਿੰਡਰਾਂਵਾਲੇ ਦੇ ਹਮਾਇਤੀ ਭਾਵੇਂ ਨਾ ਹੋਣ ਪਰ ਇਸ ਕਾਰਨ ਕਿ ਉਹਨਾਂ ਉਪਰੇਸ਼ਨ ਬਲਿਊ ਸਟਾਰ ਵਿਚ ਹਿੱਸਾ ਲਿਆ, ਉਹਨਾਂ ਨੂੰ ਸਿੱਖ ਵਿਰੋਧੀ ਨਹੀਂ ਗਰਦਾਨਿਆ ਜਾ ਸਕਦਾ।

ਉਪਰੇਸ਼ਨ ਬਲਿਊ ਸਟਾਰ ਦੌਰਾਨ ਬੈਰਕਾਂ 'ਚੋਂ ਨਿਕਲ ਕੇ ਬਗਾਵਤ ਦੇ ਰਾਹ ਤੁਰੇ 'ਧਰਮੀ' ਫੌਜੀਆਂ ਅਤੇ ਉਪਰੇਸ਼ਨ ਦੌਰਾਨ ਮਾਰੇ ਗਏ ਫੌਜੀ ਜਵਾਨਾਂ ਦੀ ਕਥਾ ਇਕ ਸਮਾਨ ਹੀ ਹੈ, ਜਿਨ੍ਹਾਂ ਦੀਆਂ ਅਧਿਕਾਰਤ ਸੂਚੀਆਂ ਬਹੁਤ ਮਿਹਨਤ ਨਾਲ ਲੱਭਕੇ ਰਤਨ ਨੇ ਇਸ ਪੁਸਤਕ ਵਿਚ ਦਿੱਤੀਆਂ ਹਨ। ਉਪਰੇਸ਼ਨ ਉਪਰੰਤ ਬੀ.ਐੱਸ.ਐੱਫ ਤੇ ਸੀ.ਆਰ ਪੀ. ਦੇ ਜੁਆਨਾਂ ਵੱਲੋਂ ਖੁਸ਼ੀ ਮਨਾਉਂਦੇ ਹਿੰਦੂਆਂ ਦੁਆਰਾ ਆਪਣਾ ਅਭਿਨੰਦਨ ਅਤੇ ਵੰਡੀ ਜਾਂਦੀ ਮਠਿਆਈ ਪ੍ਰਵਾਨ ਕਰਨ ਦੇ ਵਿਰੋਧ ਵਿਚ ਜਨਰਲ ਕੇ.ਐੱਸ. ਬਰਾੜ ਨੇ ਵੀ ਰੋਹ ਵਿਚ ਕਿਹਾ ਸੀ ਕਿ 'ਮੈਂ ਇਹ ਬਰਦਾਸ਼ਤ ਨਹੀਂ ਕਰਾਂਗਾ। ਮੈਂ ਵੀ ਆਖਰਕਾਰ ਇਕ ਸਿੱਖ ਹਾਂ। ਮੇਰੇ ਵੀ ਭਾਵਾਂ ਨੂੰ ਸੱਟ ਵੱਜੀ ਹੈ।'

ਸਾਰੇ ਘਟਨਾ ਕ੍ਰਮ ਦੇ ਸਿੱਟੇ ਵਜੋਂ ਹਿੰਦੂਆਂ ਅਤੇ ਸਿੱਖਾਂ ਵਿਚ ਦੁਫਾੜ ਵਧ ਗਈ ਸੀ ਜਿਸ ਤੋਂ ਸੁਰੱਖਿਆ ਦਲ ਵੀ ਬਚ ਨਹੀਂ ਸਕੇ ਸਨ। ਸ਼ਹਿਰ ਵਿਚ ਤਾਂ ਸਾਰੇ ਸੁੰਨ ਪਸਰੀ ਹੋਈ ਸੀ ਪਰ 8 ਜੂਨ ਨੂੰ ਦਰਬਾਰ ਸਾਹਿਬ ਦੀ ਸਥਿਤੀ ਵੇਖਣ ਪਿੱਛੋਂ ਵਾਪਸੀ ਉੱਤੇ ਜਲ੍ਹਿਆਂਵਾਲੇ ਬਾਗ਼ ਕੋਲ ਕਰਫਿਊ ਦੇ ਬਾਵਜੂਦ ਪੰਜਾਬ ਦੇ ਉੱਚ ਅਫਸਰਾਂ ਦੀ ਟੀਮ ਨੇ ਸੀ. ਆਰ.ਪੀ ਅਤੇ ਬੀ.ਐਸ.ਐੱਫ ਦੇ ਦਸਤਿਆਂ ਦੀ ਲਾਈਨ ਦੇ ਪਿੱਛੇ ਇਕ ਗਲ਼ੀ ਵਿਚ ਜਮ੍ਹਾ ਹੋਈ ਲੋਕਾਂ ਦੀ ਉਤਸਕ ਭੀੜ ਵੇਖੀ ਜਿਸ ਵਿਚਲੇ ਲੋਕ ਸਾਰੇ ਹਿੰਦੂ ਸਨ। ਜਿੱਥੇ ਸਿੱਖ ਕਰਫਿਊ ਕਾਰਨ ਘਰਾਂ ਵਿਚ ਸੀਮਤ ਬਹੁਤ ਨਿਰਾਸਤਾ ਦੀ ਸਥਿਤੀ ਵਿਚ ਸਨ, ਉੱਥੇ ਹਿੰਦੂ ਟੋਲੀਆਂ ਦੀ ਸ਼ਕਲ ਵਿਚ ਘਰਾਂ ਤੋਂ ਬਾਹਰ ਨਜ਼ਰ ਆ ਰਹੇ ਸਨ। ਹਿੰਦੂਆਂ ਦੀ ਜ਼ਿਆਦਾ ਵਸੋਂ ਵਾਲੇ ਮੁਹੱਲਿਆਂ ਵਿਚ ਰਾਤੀਂ ਦੀਪਮਾਲਾ ਕੀਤੇ ਜਾਣ ਦੀਆਂ ਖਬਰਾਂ ਸਨ। ਇਸੇ ਤਰ੍ਹਾਂ ਅਤਿਵਾਦੀ ਸਿੱਖਾਂ ਵੱਲੋਂ ਵੀ ਗੜਬੜੀ ਕਰਨ ਦੀਆਂ ਖਬਰਾਂ ਆ ਰਹੀਆਂ ਸਨ। ਇਹ ਅਨਸਰ ਕਾਬੂ ਆਏ ਬੇਗੁਨਾਹ ਹਿੰਦੂਆਂ ਨੂੰ ਨਿਸ਼ਾਨਾ ਬਣਾ ਰਹੇ ਸਨ। ਕਤਲ ਕਰਕੇ ਉਹ ਬਹੁਤ ਹਾਲਤਾਂ ਵਿਚ ਗੁਰਦੁਆਰਿਆਂ ਵਿਚ ਲੁਕ ਜਾਂਦੇ, ਜਿਨ੍ਹਾਂ ਨੂੰ ਫੜਨ ਤੋਂ ਪੰਜਾਬ ਪੁਲਸ ਦੇ ਅਫਸਰ ਟਾਲ਼ਾ ਵੱਟਦੇ ਸਨ।

ਇਕੋ ਸਮੇਂ ਹਿੰਦੂ ਅਤੇ ਸਿੱਖ ਪਰਿਵਾਰਾਂ ਨਾਲ ਜੁੜੇ ਹੋਣ ਕਰਕੇ ਲੋਕਾਂ ਵਿਚ ਵਧੀ ਇਸ ਦੁਫਾੜ ਦਾ ਨ੍ਰਿਪਇੰਦਰ ਰਤਨ ਨੂੰ ਬਹੁਤ ਨੇੜਲਾ ਅਨੁਭਵ ਵੀ ਹੋਇਆ। ਆਮ ਲੋਕਾਂ ਤੋਂ ਬਿਨਾਂ ਪ੍ਰਸ਼ਾਸਨਕ ਅਧਿਕਾਰੀ, ਰਾਜਸੀ ਨੇਤਾ, ਫੌਜ, ਨੀਮ ਫੋਜੀ ਦਲ ਅਤੇ ਪੰਜਾਬ ਪੁਲਸ ਵੀ ਦੁਫਾੜ ਦੇ ਪ੍ਰਭਾਵਾਂ ਤੋਂ ਮੁਕਤ ਨਹੀਂ ਸਨ। ਹੋਰ ਤਾਂ ਹੋਰ ਵੱਖ ਵੱਖ ਨਾਵਾਂ ਹੇਠ ਕਾਰਜਸ਼ੀਲ ਕਮਿਊਨਸਟ ਪਾਰਟੀਆਂ ਅਤੇ ਹੋਰ ਅਜਿਹੀਆਂ ਸੈਕੂਲਰ ਜੱਥੇਬੰਦੀਆਂ ਦੇ ਨੇਤਾ ਤੇ ਕਾਰਕੁਨ ਵੀ ਦੋਫਾੜ ਦੇ ਇਸ ਪ੍ਰਭਾਵ ਤੋਂ ਬਚ ਨਹੀਂ ਸਕੇ ਸਨ। ਆਪਣੇ ਅੰਮ੍ਰਿਤਸਰ ਕਿਆਮ ਦੇ ਇਹਨਾਂ ਅਤਿ ਗੜਬੀਲੇ ਦਿਨਾਂ ਵਿਚ ਰਤਨ ਨੇ ਯਥਾ ਸੰਭਵ ਆਪਣੀ ਪ੍ਰਸ਼ਾਸਨਕ ਪੁਜ਼ੀਸ਼ਨ ਨੂੰ ਸਾਂਝ ਦਾ ਮਾਹੌਲ ਬਣਾਈ ਰੱਖਣ ਲਈ ਵਰਤੋਂ ਵਿਚ ਲਿਆਂਦਾ।

ਇਹਨਾਂ ਦਿਨਾਂ ਵਿਚ ਰਤਨ ਨੂੰ ਸੈਨਾ, ਪੰਜਾਬ ਸਿਵਲ ਸਰਵਿਸ ਅਤੇ ਪੁਲਸ ਦੇ ਅਧਿਕਾਰੀਆਂ

ਨਾਲ ਵੱਖ ਵੱਖ ਅਤੇ ਸਾਂਝੇ ਤੌਰ 'ਤੇ ਵਰਤਣ ਦਾ ਜੋ ਮੌਕਾ ਮਿਲਿਆ, ਉਸਤੋਂ ਸਪਸ਼ਟ ਪ੍ਰਭਾਵ ਮਿਲਦਾ ਸੀ ਕਿ ਅਸਾਧਾਰਨਤਾਂ ਦੇ ਇਹਨਾਂ ਹਾਲਾਤ ਵਿਚ ਅਮਨ ਕਾਨੂੰਨ ਕਾਇਮ ਰੱਖਣ, ਆਮ ਲੋਕਾਂ ਨੂੰ ਸੁਰੱਖਿਆ ਪ੍ਰਦਾਨ ਕਰਨ, ਨਿੱਤ ਦਿਹਾੜੀ ਦੀਆਂ ਅਤਿ ਲੋੜੀਂਦੀਆਂ ਚੀਜ਼ਾਂ ਦੀ ਸਪਲਾਈ ਯਕੀਨੀ ਬਣਾਉਣ ਦੀ ਲੋੜ ਦੇ ਸਨਮੁਖ ਸੈਨਾ ਅਤੇ ਸਿਵਲ ਪ੍ਰਸ਼ਾਸਨ ਦੀ ਇਕ ਦੂਸਰੇ ਪ੍ਰਤੀ ਬੇ ਵਿਸ਼ਵਾਸੀ ਬਹੁਤ ਜ਼ਿਆਦਾ ਸੀ। ਰਤਨ ਦੇ ਦੱਸਣ ਅਨੁਸਾਰ ਅੰਮ੍ਰਿਤਸਰ ਦੇ ਖੇਤਰਾਂ ਲਈ ਜ਼ਿੰਮੇਵਾਰ ਲੈਫਟੀਨੈਂਟ ਜਨਰਲ ਜਮਵਾਲ ਤਾਂ ਸਿਵਲ ਪ੍ਰਸ਼ਾਸਨ ਦੇ ਉਪਰ ਮਿਲੀ ਆਪਣੀ ਸਰਦਾਰੀ ਦਾ ਜਿਵੇਂ ਲੁਤਫ ਉਠਾ ਰਿਹਾ ਸੀ। ਪੁਲਸ ਦੇ ਤੇ ਸਿਵਲ ਮਹਿਕਮਿਆਂ ਦੇ ਅਧਿਕਾਰੀ ਫੌਜ ਦੀਆਂ ਵਧੀਕੀਆਂ ਸਹਿਣ ਲਈ ਮਜਬੂਰ ਸਨ।

ਨ੍ਰਿਪਇੰਦਰ ਰਤਨ ਦੀ ਏਸ ਪੁਸਤਕ ਵਿਚ ਅੰਤਿਕਾਵਾਂ ਦੇ ਰੂਪ ਵਿਚ ਮਾਰੇ ਗਏ ਫੋਜੀਆਂ, ਬੈਰਕਾਂ ਛੱਡਣ 'ਤੇ ਗ੍ਰਿਫਤਾਰ ਹੋਏ 'ਧਰਮੀ ਫੌਜੀਆਂ', ਉਪਰੇਸ਼ਨ ਦੌਰਾਨ ਗਰਿਫਤਾਰ ਕੀਤੇ ਗਏ ਸੈਂਕੜੇ ਲੋਕਾਂ ਦੀਆਂ ਜੋ ਸੂਚੀਆਂ ਦਿੱਤੀਆਂ ਹਨ, ਉਹ ਇਤਿਹਾਸਕ ਪੱਖ ਤੋਂ ਬਹੁਤ ਮੁੱਲਵਾਨ ਹਨ। ਇੰਝ ਹੀ ਆਪਣੇ ਪਦ ਦੀ ਕਾਰਗੁਜ਼ਾਰੀ ਵਜੋਂ ਉਸ ਵੱਲੋਂ ਚੰਡੀਗੜ੍ਹ ਵਿਚ ਸਰਕਾਰ ਨੂੰ ਭੇਜੀਆਂ ਗਈਆਂ ਚਿੱਠੀਆਂ ਅਤੇ ਰਿਪੋਰਟਾਂ ਦਾ ਵੀ ਇਤਿਹਾਸਕ ਮਹੱਤਵ ਹੈ। ਇਸ ਸਭ ਕੁਝ ਦੇ ਸਨਮੁਖ, ਪਛੜ ਕੇ ਆਈ ਹੋਣ ਦੇ ਬਾਵਜੂਦ, ਨ੍ਰਿਪਇੰਦਰ ਰਤਨ ਦੀ ਇਸ ਪੁਸਤਕ ਦਾ ਸੁਆਗਤ ਕਰਨਾ ਬਣਦਾ ਹੈ।

**-ਰਘਬੀਰ ਸਿੰਘ**

## ਕਿੱਸਾ ਰੌਕੀ ਰੇਸ਼ਮਾ (ਨਾਵਲ) ਪਾਲੀ ਭੁਪਿੰਦਰ ਸਿੰਘ

ਜਾਣੇ ਪਛਾਣੇ ਨਾਟਕਕਾਰ ਪਾਲੀ ਭੁਪਿੰਦਰ ਸਿੰਘ ਨੇ 'ਕਿੱਸਾ ਰੌਕੀ ਰੇਸ਼ਮਾ'(ਪੰਨੇ 428, ਮੁੱਲ 425 ਰੁਪਏ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ) ਰਾਹੀਂ ਪੰਜਾਬੀ ਨਾਵਲ-ਰਚਨਾ ਦੇ ਖੇਤਰ ਵਿਚ ਧਮਾਕੇਦਾਰ ਪ੍ਰਵੇਸ਼ ਕੀਤਾ ਹੈ। ਉਸਦਾ ਇਹ ਪਹਿਲਾ ਨਾਵਲ ਉਹਨਾਂ ਸਾਰੀਆਂ ਵਿਸ਼ੇਸ਼ਤਾਵਾਂ ਦੀ ਪੂਰਤੀ ਤਾਂ ਕਰਦਾ ਹੀ ਹੈ ਜੋ ਇਕ ਨਾਵਲ ਵਿਚ ਹੋਣੀਆਂ ਜ਼ਰੂਰੀ ਮਿਥੀਆਂ ਜਾਂਦੀਆਂ ਹਨ, ਨਾਲ ਦੀ ਨਾਲ ਇਕ ਚੰਗੇ ਨਾਟਕ ਵਾਲੇ ਗੁਣਾਂ ਨੂੰ ਸੰਜੋਅ ਕੇ ਇਸਨੂੰ ਨਵਾਂ ਨਿਵੇਕਲਾ ਰੰਗ ਪ੍ਰਦਾਨ ਕਰਦਾ ਹੈ। ਅੱਜ 'ਕਿੱਸਾ' ਬੀਤੇ ਸਮੇਂ ਦਾ ਸਾਹਿਤ ਰੂਪ ਬਣ ਚੁੱਕਿਆ ਹੈ। ਸਮਕਾਲ ਵਿਚ ਕਿਸੇ ਸਿਰਜਕ ਵੱਲੋਂ ਕਿੱਸਾ ਲਿਖੇ ਜਾਣ ਦੀ ਕੋਈ ਸੰਭਾਵਨਾ ਨਹੀਂ। ਪਾਲੀ ਭੁਪਿੰਦਰ ਸਿੰਘ ਨੇ ਵੀ ਮੱਧ ਕਾਲ ਦੀ ਬਾਤ ਪਾਉਣ ਵਾਲਾ ਕੋਈ ਕਿੱਸਾ ਨਹੀਂ ਲਿਖਿਆ, ਇਹ ਤਾਂ ਅਸਲੋਂ ਹੀ ਅੱਜ ਦੇ ਸਮੇਂ ਦਾ ਦ੍ਰਿਸ਼ ਉਭਾਰਦਾ ਇਕ ਰੌਚਕ ਨਾਵਲ ਹੈ। ਹਾਂ, ਪਰੰਪਰਕ ਨਾਟਕ ਵਿਚਲੇ ਸੂਤਰਧਾਰ ਵਾਂਗ ਏਥੇ ਆਪਣੀ ਰਚਨਾ ਨੂੰ ਜੋ ਵਿਅਕਤੀ 'ਕਿੱਸਾ' ਦੱਸਦਾ ਹੈ, ਉਹ ਬਿਰਤਾਂਤਕਾਰ ਦੇ ਰੂਪ ਵਿਚ ਇਸ ਨਾਵਲ ਵਿਚਲਾ ਇਕ ਕਿਰਦਾਰ ਹੈ। ਇਸ ਬਿਰਤਾਂਤਕਾਰ ਨੂੰ ਆਪਣੀ ਰਚਨਾ ਦੀ ਪਰਿਪੱਕਤਾ ਉੱਤੇ ਏਨਾ ਭਰੋਸਾ ਹੈ ਕਿ ਉਸਦਾ ਦਾਅਵਾ ਹੈ ਕਿ ਜਿਸ ਪਾਠਕ ਨੇ ਉਸਦੀ ਰਚਨਾ ਨੂੰ ਇਕ ਵਾਰ ਪੜ੍ਹਨਾ ਸ਼ੁਰੂ ਕਰ ਦਿੱਤਾ, ਉਹ ਇਸਨੂੰ ਅੰਤ ਤਕ ਪੜ੍ਹੇ ਬਗ਼ੈਰ ਛੱਡ ਨਹੀਂ ਸਕਦਾ। ਅਤੇ ਜਿਸਨੇ ਇਹ ਕਿੱਸਾ ਪੜ੍ਹਿਆ ਨਹੀਂ, ਉਸ ਨੇ ਜਾਣੋਂ ਕੁਝ ਨਹੀਂ ਪੜ੍ਹਿਆ। ਪ੍ਰਤੱਖ ਹੀ ਇਸ ਤਰ੍ਹਾਂ ਦੇ ਬੋਲ ਲੇਖਕ ਪਾਲੀ ਭੁਪਿੰਦਰ ਸਿੰਘ ਦੇ ਬੋਲ ਨਹੀਂ, ਬਿਤਾਂਤਕਾਰ ਦੇ ਹਨ, ਜਿਨ੍ਹਾਂ ਤੋਂ ਨਾਵਲ ਦੇ ਰੌਚਕ ਹੋਣ ਅਤੇ ਇਸਦੀ ਸ਼ੈਲੀਗਤ ਵਿਲੱਖਣਤਾ ਦੀ ਸੂਹ ਮਿਲਦੀ ਹੈ।

ਸਿੱਧੇ ਸਰਲ ਦਿਸਦੇ ਰੂਪ ਵਿਚ ਇਹ ਰੌਕੀ ਤੇ ਰੇਸ਼ਮਾ ਦੀ ਪ੍ਰੇਮ ਕਹਾਣੀ ਹੈ, ਜੋ ਦੋਵੇਂ ਇਨਸਾਨੀ ਜੀਵ ਨਹੀਂ ਸਗੋਂ ਕੁੱਤਾ ਤੇ ਕੁੱਤੀ ਹਨ। ਰੌਕੀ ਸ਼ਹਿਰ ਦੀ ਆਦਰਸ਼ ਕਲੋਨੀ ਵਿਚ ਰਹਿੰਦੇ ਬਖਸ਼ੀ ਪਰਿਵਾਰ ਦਾ ਪਾਲਤੂ ਕੁੱਤਾ ਹੈ ਜੋ ਬਖਸ਼ੀ ਨੂੰ ਉਸਦੀ ਪਤਨੀ ਸ਼ਕੁੰਤਲਾ ਦੇ ਭਰਾ

ਯਾਨੀ ਉਸਦੇ ਸਾਲ਼ੇ, ਜਗਮੋਹਨ, ਨੇ ਗਿਫਟ ਕੀਤਾ ਸੀ। ਜਗਮੋਹਨ ਦੇ ਦੱਸਣ ਅਨੁਸਾਰ ਇਹ ਲੈਬਰਾਡੋਰ ਉਸਨੇ 50 ਹਜ਼ਾਰ ਰੁਪਏ ਵਿਚ ਖਰੀਦਿਆ ਸੀ। ਇਕ ਦਿਨ ਬਖਸ਼ੀ ਦੀ ਕੋਠੀ ਦੀ ਛੱਤ ਉੱਤੇ ਖੜ੍ਹੇ ਰੌਕੀ ਦੀਆਂ ਗਲ਼ੀ ਵਿਚੋਂ ਆਪਣੇ 'ਪਰਿਵਾਰ' ਦੇ ਦੂਸਰੇ ਜੀਆਂ ਦੇ ਸਾਥ ਵਿਚ ਲੰਘ ਰਹੀ ਰੇਸ਼ਮਾ ਨਾਲ ਨਜ਼ਰਾਂ ਮਿਲੀਆਂ ਤਾਂ ਦੋਵੇਂ ਹੀ ਇਕ ਦੂਜੇ ਵੱਲ ਖਿੱਚੇ ਗਏ। ਕਿੱਸਾਕਾਰ ਦੇ ਦੱਸਣ ਅਨੁਸਾਰ ਪਰਿਵਾਰ ਸਿਰਫ ਮਨੁੱਖ ਸਮਾਜ ਦੀ ਹੀ ਵਿਸ਼ੇਸ਼ਤਾ ਨਹੀਂ, ਪਰਿਵਾਰ ਜਾਨਵਰਾਂ ਦੇ ਸੰਸਾਰ ਵਿਚ ਵੀ ਹੋ ਸਕਦੇ ਹਨ ਤੇ ਹੁੰਦੇ ਹਨ। ਰੇਸ਼ਮਾ ਦੇ ਪਰਿਵਾਰ ਵਿਚ ਬਾਬੂ ਤੇ ਡਬਰੀ ਸ਼ਾਮਲ ਸਨ ਜਿਨ੍ਹਾਂ ਦਾ ਸ਼ਹਿਰ ਦੇ ਪਾਰਕ ਦੇ ਇਕ ਕੋਣੇ ਵਿਚ ਘੁਰਨਾ ਸੀ। ਬਾਬੂ ਰੇਸ਼ਮਾ ਦਾ ਬਾਪ ਸੀ ਤੇ ਡੱਬਰੀ ਇਕ ਤਰ੍ਹਾਂ ਮਤ੍ਰੇਈ ਮਾਂ, ਕਿਉਂਕਿ ਰੇਸ਼ਮਾ ਨੂੰ ਜਨਮ ਦੇਣ ਵਾਲੀ ਅਸਲੀ ਮਾਂ ਭੂਰੀ ਬਹੁਤ ਪਹਿਲਾਂ ਬਾਬੂ ਨੂੰ ਛੱਡ ਗਈ ਸੀ। ਰੇਸ਼ਮਾ ਸਮੇਤ ਇਕੋ ਸਮੇਂ ਭੂਰੀ ਦੇ ਪੇਟੋਂ ਪੈਦਾ ਹੋਏ ਚਾਰ ਬੱਚਿਆਂ ਵਿਚੋਂ ਤਿੰਨ ਨੂੰ ਜੰਮਣ ਸਾਰ ਬਾਬੂ ਨੇ ਮਾਰ ਮੁਕਾਇਆ ਸੀ,ਕਿਉਂਕਿ ਉਸ ਮੁਤਾਬਕ ਉਹ ਉਸਦੇ ਨਹੀਂ ਸਨ। ਸਿਰਫ ਰੇਸ਼ਮਾ ਨੂੰ ਹੀ ਭੂਰੀ ਬਚਾ ਸਕੀ ਸੀ ਅਤੇ ਉਸਨੂੰ ਆਪਣੇ ਨਾਲ ਲੈ ਕੇ ਮੰਦਰ ਦੇ ਪਿੱਛੇ ਪਏ ਖਾਲੀ ਗਰਾਊਂਡ ਵਿਚ ਮੰਦਰ ਦੇ ਐਨ ਪਿੱਛੇ ਕਰਕੇ ਉੱਗੇ ਪਿੱਪਲ ਥੱਲੇ ਬਣੇ ਇਕ ਘੁਰਨੇ ਵਿਚ ਰਹਿੰਦੀ ਸੀ। ਇਕ ਵਾਰ ਜਦੋਂ ਉਹ ਕਿਧਰੇ ਗਈ ਮੁੜਕੇ ਨਾ ਆਈ ਤਾਂ ਨਾਲ ਦੇ ਘੁਰਨੇ ਵਿਚ ਰਹਿੰਦੇ ਭਗਤ ਕਾਲ਼ੂ ਨੇ ਉਸਨੂੰ ਸੰਭਾਲਿਆ ਸੀ, ਜੋ ਇਕ ਤਰ੍ਹਾਂ ਉਸਦਾ ਪਾਲਣਹਾਰ ਸੀ। ਮਗਰੋਂ ਬਾਬੂ ਨੇ ਉਸਨੂੰ ਆਪਣੇ ਕੋਲ਼ ਲੈ ਆਂਦਾ ਸੀ। ਮਨੁੱਖੀ ਮਾਪਿਆਂ ਵਾਂਗ ਬਾਬੂ ਤੇ ਡੱਬਰੀ ਰੇਸ਼ਮਾ ਦੇ ਭਵਿੱਖ ਬਾਰੇ ਫਿਕਰਮੰਦ ਸਨ।

ਰੇਸ਼ਮਾ ਤੇ ਰੌਕੀ ਇਕ ਦੂਜੇ ਵੱਲ ਖਿੱਚੇ ਤਾਂ ਗਏ ਪਰ ਮਸਲਾ ਇਹ ਸੀ ਕਿ ਇਕ ਸਾਧਾਰਨ 'ਅਵਾਰਾ' ਕੁੱਤੀ ਹੋਣ ਕਰਕੇ ਰੇਸ਼ਮਾ ਦਾ 'ਪਾਲਤੂ' ਰੌਕੀ ਨਾਲ ਮੇਲ ਕਿਵੇਂ ਸੰਭਵ ਹੈ। ਵੈਸੇ ਰੇਸ਼ਮਾ ਨੂੰ ਇਕ ਹੋਰ ਸਮੱਸਿਆ ਦਾ ਵੀ ਸਾਹਮਣਾ ਸੀ ਕਿ ਹੁਣ ਤਕ ਉਹਨਾਂ ਦੇ ਹੀ ਵਰਗ ਦੇ ਯਾਨੀ ਬੇਘਰੇ ਸ਼ੇਰੂ ਦੀ ਉਹ ਚਾਹਤ ਸੀ ਅਤੇ ਉਹ ਰੇਸ਼ਮਾ ਨੂੰ ਇਕ ਤਰ੍ਹਾਂ ਆਪਣੀ ਮੰਗੇਤਰ ਹੀ ਸਮਝਦਾ ਸੀ। ਰੇਸ਼ਮਾ ਵੀ ਹੁਣ ਤਕ ਉਸਨੂੰ ਪਸੰਦ ਕਰਦੀ ਰਹੀ ਸੀ, ਭਾਵੇਂ ਦੋਹਾਂ ਹੀ ਪਾਸਿਆਂ ਤੋਂ ਇਸ ਭਾਵ ਦਾ ਸਿੱਧਾ ਇਜ਼ਹਾਰ ਕਦੇ ਨਹੀਂ ਸੀ ਹੋਇਆ। ਬਾਬੂ ਤੇ ਡੱਬਰੀ ਵੀ ਤਕੜੇ ਜੁੱਸੇ ਵਾਲੇ ਸ਼ੇਰੂ ਨਾਲ ਰੇਸ਼ਮਾ ਦਾ ਮੇਲ ਹੋ ਜਾਣ ਦੇ ਇੱਛਕ ਸਨ। ਖੈਰ, ਆਮ ਪ੍ਰੇਮ ਕਹਾਣੀਆਂ ਵਾਂਗ ਆਪਣੇ ਪਿਆਰ ਦੀ ਮੰਜ਼ਲ ਤਕ ਪਹੁੰਚਣ ਲਈ ਰੌਕੀ ਤੇ ਰੇਸ਼ਮਾ ਨੂੰ ਪੇਸ਼ ਦੁਸ਼ਵਾਰੀਆਂ ਦਾ ਇਸ ਨਾਵਲ ਦੇ ਕਥਾਨਕ ਵਿਚ ਵੀ ਉਲੇਖ ਹੈ, ਪਰ ਮਨੁੱਖੀ ਜਗਤ ਤੋਂ ਬਾਹਰ ਹੋਣ ਕਰਕੇ ਉਹਨਾਂ ਦੋਹਾਂ ਦੀ ਪ੍ਰੇਮ ਕਹਾਣੀ ਵੱਖਰੀ ਹੋ ਨਿਬੜਦੀ ਹੈ, ਜੋ ਪਾਠਕ ਨੂੰ ਕੁੱਤਿਆਂ ਦੇ ਸੰਸਾਰ ਵਿਚ ਲੈ ਜਾਂਦੀ ਹੈ।

ਨਾਵਲ ਵਿਚ ਕਿੰਨੇ ਹੀ ਕੁੱਤੇ ਪਾਤਰ ਹਨ ਜੋ ਮਨੁੱਖੀ ਸਮਾਜ ਵਾਂਗ ਹੀ ਵੱਖਰੇ ਵੱਖਰੇ ਸੁਭਾਅ, ਰੁਤਬੇ ਤੇ ਦ੍ਰਿਸ਼ਟੀ ਦਾ ਪਰਿਚਯ ਦਿੰਦੇ ਹਨ। ਜਮਾਤੀ ਸਟੇਟਸ ਦੇ ਹਿਸਾਬ ਨਾਲ ਉਹਨਾਂ ਵਿਚ ਵੀ ਦਰਜਾਬੰਦੀ ਹੈ। ਉਹਨਾਂ ਵਿਚ ਸਾਊ ਵੀ ਹਨ ਤੇ ਲੜਾਕੂ ਵੀ। ਸੂਝਵਾਨ ਵੀ ਹਨ ਤੇ ਭੋਲ਼ੇ ਵੀ, ਇਮਾਨਦਾਰ ਤੇ ਦਯਾਵਾਨ ਵੀ ਹਨ, ਚਲਾਕ ਤੇ ਚਾਲੂ ਵੀ। ਵੱਡਾ ਭੇਦ ਪਾਲਤੂ ਅਤੇ ਅਵਾਰਾ ਯਾਨੀ ਪੈੱਟ ਅਤੇ ਸਟਰੇਅ ਦਾ ਹੈ। ਰੌਕੀ ਅਤੇ ਯੂਰੋ ਪੈੱਟ ਹਨ ਜੋ ਆਦਰਸ਼ ਕਾਲੋਨੀ ਵਿਚ ਅਮੀਰ ਮਾਲਕਾਂ ਦੀਆਂ ਕੋਠੀਆਂ ਵਿਚ ਰਹਿੰਦੇ ਹਨ, ਜਿਨ੍ਹਾਂ ਦੇ ਗਲ਼ਾਂ ਵਿਚ ਪਾਲਤੂ ਦਾ ਪ੍ਰਮਾਣ ਹੋਣ ਦੇ ਪਟੇ ਪਏ ਹੋਏ ਹਨ। ਅਮੀਰ ਘਰਾਂ ਵਿਚਲੇ ਬਹੁਤ ਹਾਲਤਾਂ ਵਿਚ ਬਦੇਸ਼ੀ ਨਸਲ ਦੇ ਇਹਨਾਂ ਕੁੱਤਿਆਂ ਦਾ ਜੀਵਨ ਗਲ਼ੀਆਂ ਦੇ ਅਵਾਰਾ ਕੁੱਤਿਆਂ ਨਾਲੋਂ ਬਿਲਕੁਲ ਵੱਖਰਾ ਹੈ। ਮਨੁੱਖੀ ਸਮਾਜ ਵਾਂਗ ਜਮਾਤੀ ਪੱਖ ਤੋਂ ਇਹ ਅਮੀਰ ਯਾਨੀ 'ਹੈਵਜ਼' ਹਨ। ਬਾਕੀ ਸਾਰੇ ਸਟਰੇਅ ਯਾਨੀ ਬੇਘਰੇ ਗਲ਼ੀਆਂ ਦੇ ਕੁੱਤੇ ਹਨ, ਜੋ ਪਾਲਤੂਆਂ ਨੂੰ ਨਾ ਸਿਰਫ ਆਪਣੇ ਵਿਚੋਂ ਨਹੀਂ ਸਮਝਦੇ ਸਗੋਂ ਕਈਆਂ ਦੀ ਨਜ਼ਰ ਵਿਚ ਤਾਂ ਇਹ ਉਹਨਾਂ ਦੇ ਦੁਸ਼ਮਣ ਹਨ ਜਿਨ੍ਹਾਂ ਵਿਰੁੱਧ ਲੜਨਾ ਉਹਨਾਂ ਦੇ ਹੱਕਾਂ ਉੱਤੇ ਛਾਪਾ ਮਾਰਨ

ਵਾਲੇ ਇਨਸਾਨੀ ਸਮਾਜ ਵਿਰੁੱਧ ਸੰਘਰਸ਼ ਕਰਨ ਨਾਲੋਂ ਵੀ ਜ਼ਿਆਦਾ ਜ਼ਰੂਰੀ ਹੈ।ਰੇਸ਼ਮਾ,ਸ਼ੇਰੂ, ਬਾਬੂ, ਬਾਹੂਬਲੀ, ਕਾਲੂ, ਜੋਤੀ,ਚੀਨਾ, ਜੰਗੀ, ਬਾਬਾ, ਟੈਂਸ਼ਨ, ਡੱਬੂ, ਭੈੜਾ ਆਦਿ ਸਭ ਸਟਰੇਅ ਅਥਵਾ ਗਲੀਆਂ ਦੇ ਕੁੱਤੇ ਹਨ, ਜੋ ਸ਼ਹਿਰ ਦੇ ਵੱਖ ਵੱਖ ਹਿੱਸਿਆਂ ਵਿਚ ਜਾਂ ਸ਼ਹਿਰ ਦੀ ਹੱਦ ਤੋਂ ਬਾਹਰ, ਗੁਦਾਮਾਂ ਆਦਿ ਵਿਚ ਰਹਿੰਦੇ ਹਨ।

ਕੁੱਤਿਆ ਦੇ ਸਮਾਨਾਂਤਰ ਹੀ ਨਾਵਲ ਵਿਚ ਇਨਸਾਨੀ ਸਮਾਜ ਪੇਸ਼ ਹੋਇਆ ਹੈ ਜਿਸ ਦੇ ਕੇਂਦਰ ਵਿਚ ਵਿਚ ਮੁਖ ਤੌਰ 'ਤੇ ਬਖਸ਼ੀ ਦੇ ਪਰਿਵਾਰ ਦੇ ਜੀਅ ਆਉਂਦੇ ਹਨ- ਬਖਸ਼ੀ, ਉਸ ਦੀ ਪਤਨੀ ਸ਼ਕੁੰਤਲਾ, ਧੀ ਸ਼ਿਲਪਾ, ਜੁਆਈ ਵੀਰੂ, ਮਾਂ ਦਯਾਵੰਤੀ, ਸਾਲਾ ਜਗਮੋਹਨ, ਨੌਕਰ ਮੀਨੂੰ, ਡਰਾਈਵਰ ਦੇਵੀ, ਗੁਆਂਢੀ ਠੇਕੇਦਾਰਾਂ ਦਾ ਨਵੀ, ਪ੍ਰੋਫੈਸਰ ਪਾਰਸ, ਚੁਨੀ ਲਾਲ ਪ੍ਰੇਮੀ ਆਦਿ। ਇਹਨਾਂ ਦੀਆਂ ਸਮੱਸਿਆਵਾਂ ਤੇ ਆਪਸੀ ਸੰਬੰਧਾਂ ਦੀਆਂ ਕਥਾਵਾਂ ਕੁੱਤਿਆਂ ਦੀਆਂ ਕਥਾਵਾਂ ਦੇ ਸਮਾਨਾਂਤਰ ਚੱਲਦੀਆਂ ਹੋਈਆਂ ਜਾਂ ਉਹਨਾਂ ਦੇ ਨਾਲ ਜੁੜ ਕੇ ਕੁੱਤਿਆਂ ਦੇ ਇਨਸਾਨ ਨਾਲ ਰਿਸ਼ਤੇ ਦੀ ਬਾਤ ਪਾਉਂਦੀਆਂ ਹਨ, ਜਿਨ੍ਹਾਂ ਵਿਚੋਂ ਕੁੱਤਿਆਂ ਦੇ ਨਾਲ ਨਾਲ ਜਾਂ ਉਹਨਾਂ ਦੇ ਬਹਾਨੇ ਮਨੁੱਖੀ ਸੰਸਾਰ ਦੇ 'ਕੁੱਤਖਾਨੇ' ਦਾ ਵੀ ਦੀਦਾਰ ਹੁੰਦਾ ਹੈ। ਮਨੁੱਖ ਆਪਣੀ ਨਸਲ ਦੇ ਬਹੁਤ ਸਾਰੇ ਨੈਗੇਟਿਵ ਲੱਛਣ ਦਰਸਾਉਣ ਜਾਂ ਹਿਕਾਰਤ ਦਾ ਪ੍ਰਗਟਾਵਾ ਕਰਨ ਲਈ ਕੁੱਤਿਆਂ ਦੇ ਨਾਉਂ ਦੀ ਵਰਤੋਂ ਕਰਦਾ ਹੈ, ਜਿਵੇਂ ਕੁੱਤਪੁਣਾ, ਕੁੱਤੇ ਦਾ ਪੁੱਤ, ਕੁਤੀੜ, ਕੁੱਤੇਝਾਕ, ਕੁੱਤਖਾਨਾ, ਕੁੱਤੇਖੱਸੀ, ਭੌਂਕਣਾ ਆਦਿ। ਪਰ ਉਸਦਾ ਆਪਣਾ ਚਰਿੱਤਰ ਕੁੱਤਿਆਂ ਦੇ ਟਾਕਰੇ ਵਿਚ  ਕਿਹੋ ਜਿਹਾ ਹੈ, ਇਹ ਇਸ ਨਾਵਲ ਦੇ ਕਥਾਨਕ ਵਿਚ ਗੁੰਦੇ ਕਿੰਨੇ ਹੀ ਨਿੱਕੇ ਨਿੱਕੇ ਵੇਰਵਿਆਂ ਤੋਂ ਵੇਖਿਆ ਜਾ ਸਕਦਾ ਹੈ। ਕੁੱਤੇ ਤਾਂ ਮਨੁੱਖਾਂ ਤੋਂ ਕਿਤੇ ਵੱਧ ਨੈਤਿਕ ਵਿਹਾਰ ਵਾਲੇ ਹੋਣ ਦਾ ਪ੍ਰਮਾਣ ਦਿੰਦੇ ਹਨ।

ਰੇਸ਼ਮਾ ਨਾਲ ਪ੍ਰੇਮ ਹੋ ਜਾਣ 'ਤੇ ਉਸਨੂੰ ਮਿਲਣ ਲਈ ਬੇਤਾਬ ਰੌਕੀ ਲਈ ਘਰ ਦੀ ਕੈਦ ਵਿਚ ਰਹਿਣਾ ਮੁਸ਼ਕਿਲ ਸੀ। ਉਸਦੀ ਸਮੱਸਿਆ ਤੋਂ ਅਣਜਾਣ ਜਾਂ ਉਸਦੇ ਇਲਾਜ ਲਈ ਬਖਸ਼ੀ ਪਰਿਵਾਰ ਨੇ ਉਸਦੀ ਕਾਸਟ੍ਰੇਸ਼ਨ ਬਾਰੇ ਸੋਚਿਆ ਤਾਂ ਪਤਾ ਲੱਗਿਆ ਕਿ ਉਹ ਤਾਂ ਆਮ ਦੇਸੀ ਕੁੱਤਾ ਹੈ, ਬਖਸ਼ੀ ਦੇ ਸਾਲ਼ੇ ਜਗਮੋਹਨ ਨੇ ਉਸਦੇ ਲੇਬਰਾਡੋਰ ਹੋਣ ਬਾਰੇ ਝੂਠ ਬੋਲਿਆ ਸੀ।ਨਤੀਜੇ ਵਜੋਂ ਰੌਕੀ ਇਕਦਮ ਪਾਲਤੂ ਤੋਂ ਬੇਘਰਾ ਹੋ ਜਾਂਦਾ ਹੈ। ਸ਼ੇਰੂ ਇਕ ਸੱਚੇ ਪ੍ਰੇਮੀ ਦਾ ਸਬੂਤ ਦਿੰਦਾ ਹੋਇਆ ਰੇਸ਼ਮਾ ਦੇ ਰੌਕੀ ਪ੍ਰਤੀ ਪ੍ਰੇਮ ਭਾਵ ਦਾ ਸਤਿਕਾਰ ਕਰਦਿਆਂ ਆਪਣੇ ਆਪ ਹੀ ਪਿੱਛੇ ਹਟ ਜਾਂਦਾ ਹੈ। ਸਵਾ ਦੋ ਲੱਖ ਰੁਪਏ ਦੀ ਬੋਲੀ ਨਾਲ ਖਰੀਦਿਆ ਚੌਧਰੀਆਂ ਦੇ ਵੱਡੇ ਘਰ ਦਾ ਉੱਚੀ ਨਸਲ ਦਾ ਯੂਰੋ ਰੌਕੀ ਨੂੰ ਨੀਵਾਂ ਦਿਖਾਉਣਾ ਛੱਡਕੇ ਰੇਸ਼ਮਾ ਤੇ ਰੌਕੀ ਦਾ ਸਹਾਇਕ ਬਣ ਜਾਂਦਾ ਹੈ।ਜਿਸ ਯੂਰੋ ਨੇ ਕਦੇ ਰੇਸ਼ਮਾ 'ਤੇ ਹਮਲਾ ਕੀਤਾ ਸੀ ਤੇ ਉਸਨੂੰ ਸਟਰੇਅ ਬਿੱਚ ਕਿਹਾ ਸੀ, ਉਹ ਹੁਣ ਉਸਦੇ ਜਿਗਰੀ ਦੋਸਤ ਦੀ ਪ੍ਰੇਮਿਕਾ ਹੋਣ ਦੇ ਨਾਤੇ ਉਸਦੇ ਸਤਿਕਾਰ ਦੀ ਪਾਤਰ ਬਣ ਜਾਂਦੀ ਹੈ।

ਕੁੱਤਿਆਂ ਦੇ ਇਸ ਤਰ੍ਹਾਂ ਦੇ ਵਿਹਾਰ ਦੇ ਟਾਕਰੇ ਮਨੁੱਖੀ ਚਰਿੱਤਰ ਤੇ ਰਿਸ਼ਤਿਆਂ ਵਿਚ ਸਵਾਰਥ, ਬੇਈਮਾਨੀ ਤੇ ਅਨੈਤਿਕਤਾ ਦਾ ਬੋਲ ਬਾਲਾ ਹੈ।  ਅੱਧਖੜ ਬਖਸ਼ੀ ਨੇ ਆਪਣੇ ਘਰ ਦੀ ਮੁਟਿਆਰ ਨੌਕਰਾਣੀ ਮੀਨੂੰ ਨੂੰ ਪ੍ਰੈਗਨੈਂਟ ਕਰ ਦਿੱਤਾ ਹੈ। ਵਿਆਹੀ ਵਰੀ ਸ਼ਿਲਪਾ, ਜਦੋਂ ਵੀ ਮੌਕਾ ਲੱਗੇ, ਆਪਣੇ ਤੋਂ ਛੋਟੀ ਉਮਰ ਦੇ ਚੌਧਰੀਆਂ ਦੇ ਨੌਜਵਾਨ ਨਵੀ ਨਾਲ ਸੈਕਸ ਕਰਨ ਤੁਰ ਪੈਂਦੀ ਹੈ। ਜਗਮੋਹਨ  ਡਿਪਟੀ ਮੇਅਰ ਹੁੰਦਿਆਂ ਹੋਇਆਂ ਮਿਉਂਸਪਲ ਕਾਰਪੋਰੇਸ਼ਨ ਦੇ ਫੰਡ ਹੀ ਆਪਣੀ ਜੇਬ ਵਿਚ ਨਹੀਂ  ਪਾਉਂਦਾ, ਆਪਣੇ ਜੀਜੇ ਬਖਸ਼ੀ ਸਮੇਤ ਜਿਸ ਕਿਸੇ ਨੂੰ ਵੀ ਲੁੱਟ ਸਕੇ, ਲੁੱਟਦਾ ਹੈ।

ਆਪਣੇ ਸਵਾਰਥ ਲਈ ਜਗਮੋਹਨ ਲਗਪਗ ਵਿਹਲੇ ਬੈਠੇ ਬਖਸ਼ੀ ਦੇ ਵਕੀਲ ਜੁਆਈ ਵੀਰੂ ਨੂੰ ਲਾਲਚ ਦੇ ਕੇ ਅਦਾਲਤ ਵਿਚ ਅਵਾਰਾ ਕੁੱਤਿਆਂ ਬਾਏ ਸ਼ਹਿਰ ਦੀ ਕਾਰਪੋਰੇਸ਼ਨ ਦੇ ਵਿਰੁੱਧ ਪਟੀਸ਼ਨ  ਪੁਆਉਂਦਾ ਹੈ। ਜੱਜ ਵੱਲੋਂ ਪਟੀਸ਼ਨ ਮਨਜ਼ੂਰ ਕਰ ਲਏ ਜਾਣ 'ਤੇ  ਕੁੱਤਿਆਂ ਲਈ ਤਾਂ ਜਿਵੇਂ ਸੰਤਾਲੀ ਆ ਜਾਂਦੀ ਹੈ। ਕੁੱਤਿਆਂ ਨੂੰ ਸ਼ਹਿਰੋਂ ਬਾਹਰ ਕੱਢਣ, ਸ਼ੈਲਟਰਾਂ ਵਿਚ ਲਿਜਾਣ, ਖੱਸੀ

ਕਰਨ ਤੇ ਮਾਰਨ ਲਈ ਕਾਰਪੋਰੇਸ਼ਨ ਜ਼ਬਰਦਸਤ ਮੁਹਿੰਮ ਛੇੜਦੀ ਹੈ, ਜਿਸ ਵਿਚ ਮੇਅਰ, ਡਿਪਟੀ ਮੇਅਰ, ਕੌਂਸਲਰ ਤੇ ਅਧਿਕਾਰੀ ਵਾਹਵਾ ਹੱਥ ਰੰਗਦੇ ਹਨ।

ਫੌਰੀ ਬਚਾਅ ਵਾਸਤੇ ਸ਼ੇਰੂ ਤੇ ਉਸਦੇ ਸਾਥੀ ਜੋ ਗੁਦਾਮਾਂ ਵਿਚ ਰਹਿ ਰਹੇ ਹਨ, ਵੱਧ ਤੋਂ ਵੱਧ ਕੁੱਤਿਆਂ ਨੂੰ ਸ਼ਹਿਰ ਦੀ ਹੱਦ ਤੋਂ ਬਾਹਰ ਦੇ ਇਹਨਾਂ ਗੁਦਾਮਾਂ ਵਿਚਲੀ ਖੁਲ੍ਹੀ ਪਈ ਥਾਂ ਵਿਚ ਆਉਣ ਦੀ ਆਗਿਆ ਦਿੰਦੇ ਹਨ। ਇਕ ਤਰ੍ਹਾਂ ਰਫਿਊਜੀ ਕੈਂਪ ਵਿਚ ਆ ਜਾਣ ਨਾਲ ਕੁਝ ਵਕਤੀ ਰਾਹਤ ਤਾਂ ਮਿਲਦੀ ਹੈ, ਪਰ ਇਸ ਨਾਲ ਸਮੱਸਿਆ ਦਾ ਕੋਈ ਸਥਾਈ ਹੱਲ ਨਹੀਂ ਨਿਕਲਦਾ। ਆਪਣੀ ਜਾਤੀ ਉੱਤੇ ਹੋਏ ਹਮਲੇ ਦਾ ਟਾਕਰਾ ਕਰਨ ਲਈ ਮੋਰਚਾ ਬਣਾਉਣ ਵਾਸਤੇ ਕੁੱਤਿਆਂ ਵਿਚ ਤਕੜੀ ਵਿਚਾਰ ਚਰਚਾ ਉਪਰੰਤ ਇਨਸਾਨਾਂ ਨਾਲ ਸਿੱਧੀ ਲੜਾਈ 'ਜੰਗੇ ਹੱਕ' ਲੜਨ ਦਾ ਨਿਰਣਾ ਹੁੰਦਾ ਹੈ। ਅਫਲਾਤੂਨ ਵਰਗੇ ਵਿਦਵਾਨ ਅਤੇ ਪਾਲਤੂਆਂ ਨੂੰ ਬਦੇਸ਼ੀ ਦੱਸਣ ਵਾਲੇ ਰਾਸ਼ਟਰਵਾਦੀ ਬਾਹੂ ਬਲੀ ਸਮੇਤ ਸਭਨਾਂ ਨੂੰ ਇਕੱਠਾ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਅਫਲਾਤੂਨ, ਜਿਸਨੂੰ ਬਾਹੂਬਲੀ ਦੀ ਧਿਰ ਕਾਮਰੇਡ ਆਖਦੀ ਹੈ, ਤਾਂ ਲੜਾਈ ਵਿਚ ਸ਼ਾਮਲ ਹੋ ਜਾਂਦਾ ਹੈ ਪਰ ਬਾਹੂਬਲੀ ਤੇ ਉਸਦੇ ਸਾਥੀ ਆਪਣੇ ਗਲ਼ਾਂ ਵਿਚ ਪਟੇ ਪਾ ਕੇ ਆਪਣਾ ਬਚਾਅ ਕਰਨ ਦੇ ਰਾਹ ਪੈਂਦੇ ਹਨ।

'ਜੰਗੇ ਹੱਕ' ਬਹੁਤ ਜ਼ੋਰ ਸ਼ੋਰ ਨਾਲ ਲੜੀ ਗਈ ਪਰ ਇਨਸਾਨਾਂ ਦੀ ਸ਼ਕਤੀ ਤੇ ਵਸੀਲਿਆਂ ਅੱਗੇ ਕੁੱਤਿਆਂ ਦੀ ਕੋਈ ਪੇਸ਼ ਨਾ ਗਈ ਅਤੇ ਅਖੀਰ ਸਿੱਧੀ ਲੜਾਈ ਵਿਚ ਉਹ ਹਾਰ ਗਏ। ਬਹਾਦਰੀ ਨਾਲ ਜੂਝਦੇ ਸ਼ੇਰੂ ਤੇ ਰੌਕੀ ਆਪਣੀ ਜਾਨ ਕੁਰਬਾਨ ਕਰ ਗਏ। ਜਦਕਿ ਆਪਣੇ ਪੇਟੋਂ ਰੌਕੀ ਦੇ ਹੋਣ ਵਾਲੇ ਬੱਚਿਆਂ ਨੂੰ ਪਾਲਣ ਲਈ ਰੇਸ਼ਮਾ ਜਿਉਂਦੀ ਰਹੇਗੀ।

ਕੁੱਤਿਆਂ ਦੇ ਬਹਾਨੇ ਇਨਸਾਨੀ ਸਮਾਜ ਦੀ ਹੀ ਬਾਤ ਪਾਉਂਦੇ ਇਸ ਨਾਵਲ ਦੀ ਖੂਬਸੂਰਤੀ ਇਸਦੀ ਨਿਵੇਕਲੀ ਬਿਰਤਾਂਤਕ ਜੁਗਤ ਵਿਚ ਹੈ। 'ਕਿੱਸਾ' ਕਹਿੰਦਾ ਬਿਰਤਾਂਤਕਾਰ ਪਹਿਲਾਂ ਖੂਬਸੂਰਤੀ ਨਾਲ ਸਾਰੇ ਪਾਤਰਾਂ ਦਾ ਪਰਿਚਯ ਕਰਾਉਂਦਾ ਹੈ ਅਤੇ ਫਿਰ ਕਮਾਲ ਦੀ ਮੁਹਾਰਤ ਨਾਲ ਕਥਾਨਕ ਨੂੰ ਅਗਾਂਹ ਤੋਰਦਾ ਹੈ। ਬਿਰਤਾਂਤਕਾਰ ਦੀਆਂ ਕਥਾ ਦੇ ਪ੍ਰਸੰਗ ਵਿਚ ਕੀਤੀਆਂ ਟਿੱਪਣੀਆਂ ਕੋਈ ਅਟਕਾਅ ਪੈਦਾ ਕਰਨ ਦੀ ਬਜਾਏ ਸਗੋਂ ਇਸਦੀ ਰੌਚਿਕਤਾ ਵਿਚ ਵਾਧਾ ਕਰਦੀਆਂ ਹਨ।

ਮਸ਼ਕਰੀ ਦੀ ਮਿੱਸ ਵਾਲੀ ਬਿਰਤਾਂਤਕ ਸ਼ੈਲੀ ਵਿਚ ਰਚੇ ਬਹੁਤ ਵੇਗਮਈ ਰਵਾਨੀ ਵਾਲੇ ਇਸ ਨਾਵਲ ਲਈ ਲੇਖਕ ਪਾਲੀ ਭੁਪਿੰਦਰ ਸਿੰਘ ਨਿਰਸੰਦੇਹ ਵਧਾਈ ਦਾ ਹੱਕਦਾਰ ਹੈ।

**–ਰਘਬੀਰ ਸਿੰਘ**

---

ਛਪਦੇ ਛਪਦੇ:

## *ਖਾਲਿਦ ਹੁਸੈਨ ਨੂੰ ਸਾਹਿਤ ਅਕਾਡਮੀ ਐਵਾਰਡ*

*ਪੰਜਾਬੀ ਵਿਚ ਸ੍ਰੇਸ਼ਟ ਰਚਨਾ ਲਈ ਸਾਲ 2021 ਦਾ ਸਾਹਿਤ ਅਕਾਦਮੀ ਐਵਾਰਡ ਖਾਲਿਦ ਹੁਸੈਨ ਨੂੰ ਉਸਦੇ ਕਹਾਣੀ ਸੰਗ੍ਰਹਿ 'ਸੂਲ਼ਾਂ ਦਾ ਸਾਲਣੁ' ਉੱਤੇ ਮਿਲਿਆ ਹੈ। ਜੰਮੂ ਕਸ਼ਮੀਰ ਦਾ ਵਸਨੀਕ ਸਮਰੱਥ ਲੇਖਕ ਖਾਲਿਦ ਹੁਸੈਨ ਆਪਣੇ ਨਿਵੇਕਲੇ ਅਨੁਭਵ ਨਾਲ ਪੰਜ ਦਹਾਕਿਆਂ ਤੋਂ ਪੰਜਾਬੀ ਸਾਹਿਤ ਸਿਰਜਣਾ ਵਿਚ ਆਪਣਾ ਵਡਮੁੱਲਾ ਯੋਗਦਾਨ ਪਾਉਂਦਾ ਆ ਰਿਹਾ ਹੈ। ਭਾਰਤੀ ਸਾਹਿਤ ਅਕਾਦਮੀ ਨੂੰ ਸੁਚੱਜੀ ਚੋਣ ਅਤੇ ਖਾਲਿਦ ਹੁਸੈਨ ਨੂੰ ਉਸਦੀ ਇਸ ਪ੍ਰਾਪਤੀ ਉੱਤੇ ਮੁਬਾਰਕਬਾਦ।*

---

ਪ੍ਰਿੰਟਰ, ਪਬਲਿਸ਼ਰ ਤੇ ਮਾਲਕ ਸੁਰਿੰਦਰ ਮੋਹਨ ਸਿੰਘ ਨੇ ਸਿਰਜਣਾ ਪ੍ਰਿੰਟਰਜ਼ ਐਂਡ ਸਟੇਸ਼ਨਰਜ਼, ਸ਼ੋਅਰੂਮ ਨੰਬਰ 443, ਮਟੌਰ, ਸੈਕਟਰ 70, ਮੁਹਾਲੀ ਤੋਂ ਛਪਵਾ ਕੇ 225-ਬੀ, ਮਖਦੂਮਪੁਰਾ, ਜਲੰਧਰ ਤੋਂ ਪ੍ਰਕਾਸ਼ਤ ਕੀਤਾ।

ਸੰਪਾਦਕ: **ਰਘਬੀਰ ਸਿੰਘ** ਪ੍ਰਕਾਸ਼ਨ ਮਿਤੀ: 1 ਜਨਵਰੀ, 2022

---

**ਪ੍ਰੌਢ ਗਲਪਕਾਰ ਜਰਨੈਲ ਸਿੰਘ ਸੇਖਾ ਦੀ ਸਵੈ-ਜੀਵਨੀ**

# ਕੰਡਿਆਰੇ ਪੰਧ




'ਚੇਤਿਆਂ ਦੀ ਚਿਲਮਨ', 'ਚੇਤਿਆਂ ਦੀ ਚਿਤਵਨ' ਅਤੇ 'ਚੇਤਿਆਂ ਦੇ ਅੰਗ ਸੰਗ' ਤਿੰਨ ਭਾਗਾਂ ਵਿਚ ਲਿਖੀ ਜਰਨੈਲ ਸਿੰਘ ਸੇਖਾ ਦੀ ਸਵੈ-ਜੀਵਨੀ ਅੱਠ ਦਹਾਕਿਆਂ ਤਕ ਪਸਰੇ ਉਸਦੇ ਜੀਵਨ ਸਮਾਚਾਰਾਂ ਦਾ ਬਿਉਰਾ ਦਿੰਦੀ ਹੋਈ ਬਹੁਤ ਰੌਚਿਕ ਬਿਰਤਾਂਤ ਸਿਰਜਦੀ ਹੈ। ਯਥਾਰਥਕ ਵੇਰਵਿਆਂ ਉੱਤੇ ਆਧਾਰਤ ਇਸ ਪੁਸਤਕ ਦੀ ਖ਼ੂਬਸੂਰਤੀ ਇਹ ਹੈ ਕਿ ਇਸ ਵਿਚ ਗਲਪ ਰਚਨਾ ਵਾਲਾ ਰਸ ਵੀ ਹੈ। ਲੇਖਕ ਦੀਆਂ ਯਾਦਾਂ ਤਕ ਸੀਮਤ ਨਾ ਰਹਿੰਦੀ ਹੋਈ ਇਹ ਪੁਸਤਕ ਪੰਜਾਬੀ ਸਮਾਜ-ਸਭਿਆਚਾਰ ਦੀ ਇਕ ਇਤਿਹਾਸਕ ਦਸਤਾਵੇਜ਼ ਵੀ ਹੋ ਨਿਬੜਦੀ ਹੈ।

**ਪੰਨੇ 497** **ਸੁੰਦਰ ਦਿੱਖ** **ਮੁੱਲ 795 ਰੁਪਏ**

**ਚੇਤਨਾ ਪ੍ਰਕਾਸ਼ਨ** ਪੰਜਾਬੀ ਭਵਨ, ਲੁਧਿਆਣਾ

**SIRJANA** Literary Punjabi Quarterly Chandigarh

No. 203 ISSN 2455-1058 January-March 2022

Registered with the Registrar of Newspapers for India vide R.N. 10215/65

ਢਾਹਾਂ
ਸਾਹਿਤ ਇਨਾਮ

THE
DHAHAN
PRIZE
For Punjabi Literature

ڈھاہاں
ساہت انعام

ਬਾਰਜ ਢਾਹਾਂ ਦੇ ਉੱਦਮ ਨਾਲ ਕੈਨੇਡਾ-ਇੰਡੀਆ ਐਜੂਕੇਸ਼ਨ
ਸੁਸਾਇਟੀ ਵੈਨਕੂਵਰ ਵੱਲੋਂ ਸਾਲ 2013 ਵਿਚ ਸ਼ੁਰੂ ਕੀਤਾ ਗਿਆ
ਪੰਜਾਬੀ ਸਾਹਿਤ ਲਈ ਸਭ ਤੋਂ ਵੱਡਾ ਕੌਮਾਂਤਰੀ ਸਨਮਾਨ

# ਢਾਹਾਂ ਇਨਾਮ

ਹਰ ਸਾਲ ਗੁਰਮੁਖੀ ਜਾਂ ਸ਼ਾਹਮੁਖੀ ਵਿਚ ਛਪੀ ਉਤਮ ਗਲਪ ਰਚਨਾ ਨੂੰ

**25 ਹਜ਼ਾਰ ਕੈਨੇਡੀਅਨ ਡਾਲਰ ਦਾ**
**ਪਹਿਲਾ ਇਨਾਮ**
**ਅਤੇ ਦਸ ਦਸ ਹਜ਼ਾਰ ਦੇ ਦੂਜੇ ਸਥਾਨ ਦੇ ਦੋ ਹੋਰ ਇਨਾਮ**

**ਸਾਲ 2022 ਦੇ 'ਢਾਹਾਂ ਇਨਾਮ' ਲਈ ਨਾਮਜ਼ਦਗੀਆਂ**
**31 ਮਾਰਚ 2022 ਤਕ ਭਰੀਆਂ ਜਾ ਸਕਦੀਆਂ ਹਨ**

ਲੇਖਕ ਖੁਦ ਜਾਂ ਉਸ ਦੀ ਲਿਖਤੀ ਪ੍ਰਵਾਨਗੀ ਨਾਲ ਕੋਈ ਵੀ ਹੋਰ ਵਿਅਕਤੀ ਸਾਲ
2021 ਵਿਚ ਛਪੇ ਨਾਵਲ ਜਾਂ ਕਹਾਣੀ ਸੰਗ੍ਰਹਿ ਨੂੰ ਨਾਮਜ਼ਦ ਕਰ ਸਕਦਾ ਹੈ
ਨਾਮਜ਼ਦਗੀ ਭਰਨ ਲਈ ਪੁਸਤਕ ਦੀਆਂ ਤਿੰਨ ਕਾਪੀਆਂ

**The Dhahan Prize, # 1058-2560 Shell Road**
**Richmond, BC V6X 0B8 Canada**

ਉਪਰ ਭੇਜਣੀਆਂ ਜ਼ਰੂਰੀ ਹਨ। ਇਸ ਦੇ ਨਾਲ ਕਿਤਾਬ ਦਾ ਇਲੈਕਟ੍ਰਾਨਿਕ ਰੂਪ
**admin@dhahanprize.com** ਨੂੰ ਈਮੇਲ ਕਰਨਾ ਹੋਵੇਗਾ

ਹੋਰ ਜਾਣਕਾਰੀ ਇਸੇ ਪਤੇ ਉਤੇ ਈ-ਮੇਲ ਰਾਹੀਂ ਜਾਂ 1-604-322-5330
ਉਤੇ ਟੈਲੀਫੋਨ ਰਾਹੀਂ ਲਈ ਜਾ ਸਕਦੀ ਹੈ।